


ਇਸਲਾਮ ਦੀ ਇਤਿਹਾਸਕ ਭੂਮਿਕਾ

ਐਮ.ਐਨ. ਰਾਇ

ਅਨੁਵਾਦ ਤੇ ਸੰਪਾਦਨ
ਜਗਵਿੰਦਰ ਜੋਧਾ

1

ਇਸਲਾਮ ਦੀ ਇਤਿਹਾਸਕ ਭੂਮਿਕਾ

2

ਸੰਪਾਦਕ ਦੀ ਕਲਮ ਤੋਂ

- ਮੀਲ ਪੱਥਰ (ਗ਼ਜ਼ਲ ਸੰਗ੍ਰਹਿ) 2001
- ਪੰਜਾਬੀ ਸੂਫ਼ੀ ਕਾਵਿ: ਸਮੀਖਿਆ ਸੰਵਾਦ (ਆਲੋਚਨਾ) 2011
- ਸਾਰੰਗੀ (ਗ਼ਜ਼ਲ ਸੰਗ੍ਰਹਿ) 2012
- ਕੁਲਵਿੰਦਰ ਦੀ ਗ਼ਜ਼ਲ ਚੇਤਨਾ (ਆਲੋਚਨਾ) 2012
- ਕਾਰਲ ਮਾਰਕਸ ਭਾਰਤ ਬਾਰੇ (ਚੋਣਵੀਆਂ ਲਿਖਤਾਂ) 2014
- ਮੇਰੇ ਸੂਰਜਮੁਖੀ (ਸੰਪਾਦਤ 2014)
- ਕ੍ਰਾਂਤੀਕਾਰੀ ਐਗਨਸ ਸਮੇਡਲੀ (ਜੀਵਨੀ/ਇਤਿਹਾਸ) (2015)

ਇਸਲਾਮ ਦੀ ਇਤਿਹਾਸਕ ਭੂਮਿਕਾ

ਐਮ.ਐਨ. ਰਾਇ

ਅਨੁਵਾਦ ਅਤੇ ਸੰਪਾਦਨ
ਜਗਵਿੰਦਰ ਜੋਧਾ

5 ਆਬ
ਪ੍ਰਕਾਸ਼ਨ, ਜਲੰਧਰ

ISLAM DEE ITIHASIK BHUMIKA

M. N. ROY

JAGWINDER JODHA

V.P.O. BANDALA

Teh. Phillour Distt. Jalandhar 144034

Mob. 94654-64502

ISBN : 978-93-84306-63-2

ਪਹਿਲੀ ਵਾਰ: 2015

ਮੁੱਲ: 80 ਰੁਪਏ

ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ

1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਫ਼ੋਨ: 98140-87063

5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

5ਆਬ ਪ੍ਰਿੰਟਰਜ਼, ਜਲੰਧਰ

ਤਸਕੀਨ
ਹਰਵਿੰਦਰ ਭੰਡਾਲ
ਤੇ
ਕੇਸਰ
ਲਈ

ਤਤਕਰਾ

- ਇਸ ਕਿਤਾਬ ਬਾਰੇ 7
- ਭੂਮਿਕਾ 9
- ਇਸਲਾਮ ਦਾ ਟੀਚਾ 13
- ਇਸਲਾਮ ਦੀ ਸਮਾਜਿਕ ਅਤੇ ਇਤਿਹਾਸਕ ਪਿੱਠਭੂਮੀ 24
- ਜਿੱਤ ਦੇ ਕਾਰਨ 32
- ਮੁਹੰਮਦ ਤੇ ਉਸਦੀਆਂ ਸਿੱਖਿਆਵਾਂ 41
- ਇਸਲਾਮੀ ਦਰਸ਼ਨ 49
- ਇਸਲਾਮ ਅਤੇ ਭਾਰਤ 64
- ਗ਼ਰਦ 'ਚ ਗੁੰਮਿਆ ਨਾਇਕ: ਐਮ.ਐਨ ਰਾਇ 71
- ਹਵਾਲੇ 87

ਇਸ ਕਿਤਾਬ ਬਾਰੇ

'Historical role of Islam' ਇਸਲਾਮ ਦੇ ਨਿਕਾਸ, ਵਿਕਾਸ, ਰੂਪ-ਰੇਖਾ ਤੇ ਇਸ ਧਰਮ ਦੇ ਇਤਿਹਾਸਕ ਯੋਗਦਾਨ ਬਾਰੇ ਭਾਰਤ ਵਿਚ ਲਿਖੇ ਗਏ ਬਿਹਤਰੀਨ ਦਸਤਾਵੇਜ਼ਾਂ ਵਿੱਚੋਂ ਇਕ ਹੈ। ਐਮ.ਐਨ. ਰਾਇ ਨੇ ਇਸ ਦਸਤਾਵੇਜ਼ ਨੂੰ 1939 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕਰਾਇਆ, ਜਦੋਂ ਉਹ ਅਬਦੁਲ ਕਲਾਮ ਆਜ਼ਾਦ ਦੇ ਖਿਲਾਫ਼ ਕਾਂਗਰਸ ਦੀ ਪ੍ਰਧਾਨਗੀ ਦਾ ਉਮੀਦਵਾਰ ਸੀ। ਬਿਨਾਂ ਸ਼ੱਕ ਇਸ ਕਿਤਾਬ ਦੇ ਪ੍ਰਕਾਸ਼ਨ ਦਾ ਮਕਸਦ ਕਾਂਗਰਸ ਅੰਦਰਲੇ ਮੁਸਲਿਮ ਕੇਡਰ ਦੀ ਹਮਾਇਤ ਪ੍ਰਾਪਤ ਕਰਨਾ ਹੀ ਰਿਹਾ ਹੋਵੇਗਾ, ਪਰ ਇਹ ਤੱਥ ਇਸ ਕਿਤਾਬ ਦੇ ਇਤਿਹਾਸਕ ਮੁੱਲ ਨੂੰ ਘਟਾਉਂਦਾ ਨਹੀਂ। ਇਸਲਾਮ ਸੰਬੰਧੀ ਐਮ.ਐਨ. ਰਾਇ ਦੀ ਜਿਗਿਆਸਾ ਦਾ ਆਧਾਰ ਇਸਲਾਮੀ ਧਰਮ-ਸ਼ਾਸਤਰ ਦੇ ਉਸ ਵਿਧਾਨ ਦੀ ਸੰਸਾਰ ਭਰ ਵਿਚ ਕ੍ਰਾਂਤੀਕਾਰੀ ਭੂਮਿਕਾ ਸੀ ਜੋ ਇਸਲਾਮ ਨੇ ਨਿਭਾਈ। 1920 ਦੇ ਆਸ-ਪਾਸ ਤਾਸ਼ਕੰਦ ਆਵਾਸ ਦੌਰਾਨ ਐਮ.ਐਨ. ਰਾਇ ਨੇ ਇਸਲਾਮ ਬਾਰੇ ਅਧਿਐਨ ਕਰਨਾ ਆਰੰਭ ਕੀਤਾ। ਸਮਾਜਵਾਦੀ ਚੇਤਨਾ ਨਾਲ ਜੁੜ ਕੇ ਜਦੋਂ ਉਸਨੇ ਬਸਤੀਵਾਦ ਦੇ ਵਿਚਾਰਧਾਰਕ ਖਾਸੇ ਦਾ ਅਧਿਐਨ ਕੀਤਾ ਤਾਂ ਰਾਇ ਨੂੰ ਮਹਿਸੂਸ ਹੋਇਆ ਕਿ ਬਸਤੀਵਾਦੀ ਸ਼ਾਸਕਾਂ ਨੇ ਭਾਰਤ ਦੀਆਂ 'ਐਥਨਿਕ ਪਛਾਣਾਂ' ਦੀ ਆਪਣੀ ਸਹੂਲਤ ਲਈ ਮਨਮਰਜ਼ੀ ਨਾਲ ਵਿਆਖਿਆ ਕੀਤੀ ਹੈ। ਬਸਤੀਵਾਦੀ ਇਤਿਹਾਸ-ਚਿੰਤਕਾਂ ਵੱਲੋਂ 'ਬੰਗਾਲ ਦੇ ਨਵ ਜਾਗਰਣ' ਦਾ ਨਾਅਰਾ ਇਸਲਾਮੀ ਸ਼ਾਸਕਾਂ ਦੇ ਸ਼ਾਸਨ ਕਾਲ ਪ੍ਰਤਿ ਨਿਖੇਧ ਦੀ ਦ੍ਰਿਸ਼ਟੀ ਪੈਦਾ ਕਰਨਾ ਹੀ ਸੀ ਤਾਂ ਜੋ ਧਰਮ ਦੇ ਆਧਾਰ 'ਤੇ ਬੰਗਾਲ ਦੀ ਵੰਡ ਦਾ ਰਸਤਾ ਤਿਆਰ ਕੀਤਾ ਜਾਵੇ। ਐਮ.ਐਨ. ਰਾਇ ਇਸ ਤਰ੍ਹਾਂ ਦੀ ਫਿਰਕੂ ਵੰਡ ਦੇ ਵਿਰੋਧ ਵਿਚ ਖੜ੍ਹੀ ਹੋਈ ਬੰਗਾਲ ਦੀ ਨੌਜਵਾਨ ਪੀੜ੍ਹੀ ਦਾ ਰਾਸ਼ਟਰਵਾਦੀ ਨੁਮਾਇੰਦਾ ਰਿਹਾ ਸੀ। ਉਹ ਬਰਤਾਨਵੀ ਨੀਤੀਆਂ ਦਾ ਕੱਟੜ ਵਿਰੋਧੀ ਸੀ ਤੇ ਬਰਤਾਨਵੀ ਬਸਤੀਵਾਦ ਦੇ ਭਾਰਤੀ ਸ਼ਾਸਨ ਦੀ ਪ੍ਰਕਿਰਿਆ ਨੂੰ ਗਹੁ ਨਾਲ ਵਾਚ ਰਿਹਾ ਸੀ। ਇਸ ਕਿਤਾਬ ਨੂੰ ਲਿਖਦਿਆਂ ਤਿੱਖੀ ਹੋ ਰਹੀ ਸੰਪ੍ਰਦਾਇਕ ਦੁਫੇੜ ਪ੍ਰਤਿ ਚਿੰਤਾ ਰਾਇ ਦਾ ਮੁੱਖ ਮੁੱਦਾ ਸੀ ਤੇ ਇਸ ਦੁਫੇੜ ਵਿਚਲੇ ਫ਼ਾਸਲੇ ਨੂੰ ਭਰਨ ਦੀ ਕੋਸ਼ਿਸ਼ ਇਸ ਕਿਤਾਬ ਵਿਚ ਥਾਂ-ਪੁਰ-ਥਾਂ ਨਜ਼ਰ ਆਉਂਦੀ ਹੈ।

ਐਮ.ਐਨ. ਰਾਇ ਆਪਣੀ ਸਾਰੀ ਉਮਰ ਬਸਤੀਵਾਦੀ ਸੰਸਥਾਵਾਂ ਦਾ ਕੱਟੜ ਵਿਰੋਧੀ ਰਿਹਾ। ਬਸਤੀਵਾਦੀ ਵਿਚਾਰਕਾਂ ਵਲੋਂ ਭਾਰਤ ਉੱਪਰ ਲੰਮਾ ਸਮਾਂ ਤੇ ਨਿਰਵਿਘਨ ਰਾਜ-ਕਾਜ ਲਈ ਇੱਥੋਂ ਦੇ ਇਤਿਹਾਸ ਨਾਲ ਛੇੜ-ਛਾੜ ਕਰਕੇ ਵਿਗੜੇ ਇਤਿਹਾਸ ਨੂੰ

ਸਾਧਾਰਣ ਲੋਕ-ਚੇਤਨਾ ਵਿਚ ਧੱਕ ਦੇਣ ਦੀ ਨੀਤੀ ਅਪਨਾਈ ਗਈ। ਇਸ ਉਦੇਸ਼ ਲਈ ਇਸਲਾਮੀ ਜੇਤੂਆਂ ਨੂੰ ਭਾਰਤੀ ਲੋਕਾਂ ਦੀ ਨਜ਼ਰ ਵਿਚ ਜ਼ਾਲਮ, ਨਿਰਦਈ ਤੇ ਲੁਟੇਰੇ ਸਾਬਿਤ ਕਰਨਾ ਜ਼ਰੂਰੀ ਸੀ। ਇਸਲਾਮ ਦੇ ਧਾਰਮਿਕ ਫਲਸਫ਼ੇ ਨੂੰ ਕੱਟੜਤਾ ਅਤੇ ਜ਼ੁਲਮ ਦਾ ਵਿਚਾਰਧਾਰਕ ਪਿਛੋਕੜ ਸਾਬਿਤ ਕੀਤਾ ਗਿਆ। ਸੰਸਾਰ ਪੱਧਰ 'ਤੇ ਇਸਲਾਮ ਦੁਆਰਾ ਕੀਤੇ ਸਾਰੇ ਚੰਗੇ/ਅਗਾਂਹਵਧੂ ਕੰਮਾਂ ਨੂੰ ਬੜੀ ਚਤੁਰਾਈ ਨਾਲ ਲੁਕੋ ਲਿਆ ਗਿਆ। ਵਿਗਿਆਨ, ਸਿਹਤ-ਸੇਵਾ, ਸਾਹਿਤ ਅਤੇ ਦਰਸ਼ਨ ਦੇ ਖੇਤਰ ਵਿਚ ਇਸਲਾਮੀ ਚਿੰਤਕਾਂ ਦੀ ਦੇਣ ਨੂੰ ਇਸਲਾਮੀ ਸੈਨਾਵਾਂ ਦੇ ਪ੍ਰਸਾਰ ਲਈ ਕੀਤੇ ਯਤਨਾਂ ਦੀ ਗਰਦ ਵਿਚ ਲੁਕਾਉਣ ਦਾ ਕੰਮ ਬਸਤੀਵਾਦੀ ਇਤਿਹਾਸਕਾਰੀ ਨੇ ਬਾਖੂਬੀ ਕੀਤਾ। ਐਮ.ਐਨ. ਰਾਇ ਦੀ ਹੱਥਲੀ ਪੁਸਤਕ ਇਸ ਸਮੁੱਚੇ ਪਰਿਦ੍ਰਿਸ਼ ਵਿਚ ਇਨ੍ਹਾਂ ਮਿੱਥਾਂ ਤੇ ਭ੍ਰਾਂਤੀਆਂ ਨੂੰ ਤੋੜਦੀ ਹੈ। ਉਹ ਬਿਨਾਂ ਕਿਸੇ ਕਿਸਮ ਦੀ ਰਿਆਇਤ ਦਿੱਤਿਆਂ ਸੰਸਾਰ ਦੇ ਇਤਿਹਾਸ ਵਿਚ ਇਸਲਾਮ ਧਰਮ ਦੇ ਨਿਕਾਸ ਤੇ ਵਿਕਾਸ ਨੂੰ ਤਤਕਾਲੀ ਵਪਾਰਕ ਲੋੜਾਂ ਨਾਲ ਜੋੜ ਕੇ ਦੇਖਦਾ ਹੈ। ਇਹੀ ਨਹੀਂ ਰਾਇ ਈਸਾਈ ਮੱਠਾਂ ਦੇ ਅਕਹਿ ਜ਼ੁਲਮਾਂ ਤੋਂ ਦੁਨੀਆ ਦੀ ਵਡੇਰੀ ਗਿਣਤੀ ਵਸੋਂ ਨੂੰ ਨਿਜਾਤ ਦਿਵਾਉਣ ਤੇ ਭਵਿੱਖੀ ਵਿਕਾਸ ਦੇ ਰਾਹ ਤੋਰਨ ਲਈ ਗਿਆਨ-ਵਿਗਿਆਨ ਦੇ ਤੱਥ ਇਸਲਾਮੀ ਇਤਿਹਾਸ ਦੇ ਹਵਾਲੇ ਨਾਲ ਪੇਸ਼ ਕਰਦਾ ਹੈ। ਭਾਰਤ ਤੇ ਇਸਲਾਮ ਬਾਰੇ ਚਰਚਾ ਕਰਦਿਆਂ ਐਮ.ਐਨ. ਰਾਇ ਇਸਲਾਮ ਧਾਰਨ ਕਰਨ ਵਾਲੀ ਵਸੋਂ ਦੇ ਬ੍ਰਾਹਮਣਿਕ ਸ਼ੋਸਣ ਵੱਲ ਸੰਕੇਤ ਕਰਦਾ ਹੈ। ਅਜਿਹਾ ਕਰਦਿਆਂ ਉਹ ਸਿਰਫ਼ ਆਪਣੀਆਂ ਧਾਰਨਾਵਾਂ ਦੀ ਪੇਸ਼ਕਾਰੀ ਦੀ ਥਾਂ ਵਿਸ਼ਵ ਦੇ ਪ੍ਰਸਿੱਧ ਚਿੰਤਕਾਂ ਦੇ ਹਵਾਲੇ ਦਿੰਦਾ ਹੈ ਤਾਂ ਕਿ ਬਰਤਾਨਵੀ ਇਤਿਹਾਸਕਾਰੀ ਦੇ ਵਿਰੋਧ ਵਿੱਚ ਢੁਕਵਾਂ ਤਰਕ ਸਿਰਜਿਆ ਜਾ ਸਕੇ।

ਕੁਝ ਸਾਲ ਪਹਿਲਾਂ ਭਾਰਤ ਵਿਚ ਐਮ.ਐਨ. ਰਾਇ ਦੀਆਂ ਲਿਖਤਾਂ ਅੰਗਰੇਜ਼ੀ ਵਿਚ ਛਪੀਆਂ ਸਨ। ਉਨ੍ਹਾਂ ਲਿਖਤਾਂ ਵਿਚ ਵੀ Histotical role of Islam ਨਹੀਂ ਸੀ। ਇਹ ਕਿਤਾਬ ਕਿਸੇ ਪ੍ਰਗਤੀਵਾਦੀ ਸੰਗਠਨ ਨੇ 'ਕਿਤਾਬਚੇ' ਦੇ ਰੂਪ ਵਿਚ ਛਾਪੀ, ਜੋ ਮੈਨੂੰ ਨਹੀਂ ਮਿਲ ਸਕੀ। ਹੱਥਲੀ ਪੁਸਤਕ ਪੀ.ਡੀ.ਐਫ. ਫਾਇਲ ਦੇ ਰੂਪ ਵਿਚ ਇੰਟਰਨੈੱਟ 'ਤੇ ਉਪਲਬਧ ਕਿਤਾਬ ਦਾ ਅਨੁਵਾਦ ਹੈ। 5ਆਬ ਪ੍ਰਕਾਸ਼ਨ ਦੇ ਕੇਸਰ ਸਿੰਘ ਦੀ ਪ੍ਰੇਰਨਾ ਨਾਲ ਇਹ ਕਿਤਾਬ ਪੰਜਾਬੀ ਅਨੁਵਾਦ ਦੇ ਰੂਪ ਵਿਚ ਪਾਠਕਾਂ ਤੱਕ ਪਹੁੰਚ ਰਹੀ ਹੈ ਇਸ ਗੱਲ ਦੀ ਮੈਨੂੰ ਬੇਅੰਤ ਖ਼ੁਸ਼ੀ ਹੈ। ਅੱਜ ਭਾਰਤ ਤੇ ਵਿਸ਼ਵ ਪੱਧਰ 'ਤੇ ਕਾਰਪੋਰੇਟੀ ਆਰਥਿਕਤਾ ਫਾਸ਼ੀਵਾਦ ਨਾਲ ਬਗਲਗੀਰ ਹੋ ਕੇ ਇਤਿਹਾਸ ਦੀ ਜੋ ਵਿਆਖਿਆ ਕਰ ਰਹੀ ਹੈ, ਉਸ ਸਮੇਂ ਮੈਨੂੰ ਇਹ ਕਿਤਾਬ ਹੋਰ ਵੀ ਸਾਰਥਕ ਲਗਦੀ ਹੈ। ਨਵੀਂ ਪੀੜ੍ਹੀ ਦੇ ਪਾਠਕ ਐਮ.ਐਨ. ਰਾਇ ਬਾਰੇ ਏਨਾ ਨਹੀਂ ਜਾਣਦੇ ਕਿਉਂਕਿ ਉਹ ਖ਼ੁਦ ਉਨ੍ਹਾਂ ਵਿਗੜੀਆਂ ਵਿਆਖਿਆਵਾਂ ਦਾ ਸ਼ਿਕਾਰ ਹੋਇਆ ਜੋ ਭਾਰਤ ਦੀ ਆਜ਼ਾਦੀ ਪਿੱਛੋਂ ਸਾਹਮਣੇ ਆਈਆਂ। ਸੋ, ਰਾਇ ਬਾਰੇ ਇਕ ਵਾਕਫ਼ੀ ਨੁਮਾ ਲੇਖ ਕਿਤਾਬ ਦੇ ਅਖ਼ੀਰ 'ਤੇ ਦਰਜ ਕੀਤਾ ਗਿਆ ਹੈ। ਕਿਤਾਬ ਦੇ ਅਨੁਵਾਦ ਤੇ ਪ੍ਰਕਾਸ਼ਨ ਨਾਲ ਜੁੜੇ ਸਾਰੇ ਮਿੱਤਰਾਂ ਲਈ ਧੰਨਵਾਦ ਦਾ ਸ਼ਬਦ ਨਾਕਾਫੀ ਮਹਿਸੂਸ ਹੁੰਦਾ ਹੈ।

-ਜਗਵਿੰਦਰ ਜੋਧਾ

ਭੂਮਿਕਾ

ਇਸਲਾਮ ਦੇ ਅਨੁਯਾਈਆਂ ਦਾ ਅਚਾਨਕ ਉੱਥਾਨ ਅਤੇ ਨਾਟਕੀ ਤਰੀਕੇ ਨਾਲ ਉਨ੍ਹਾਂ ਦਾ ਪ੍ਰਸਾਰ ਮਨੁੱਖੀ-ਇਤਿਹਾਸ ਦਾ ਅਤਿਅੰਤ ਰੌਚਕ ਕਾਂਡ ਹੈ। ਭਾਰਤੀ ਇਤਿਹਾਸਕ ਦੇ ਆਧੁਨਿਕ ਯੁਗ ਵਿੱਚ ਇਸਲਾਮ ਦਾ ਨਿਰਪੱਖ ਅਧਿਐਨ ਬੇਹੱਦ ਮਹੱਤਵਪੂਰਨ ਹੈ। ਇਸਦਾ ਵਿਗਿਆਨਕ ਅਧਿਐਨ ਵਧੇਰੇ ਮਹੱਤਵ ਵਾਲਾ ਕਾਰਜ ਹੈ ਤੇ ਇਸ ਰਾਹੀਂ ਚੰਗਾ ਗਿਆਨ-ਵਰਧਕ ਲਾਭ ਮਿਲਣ ਦੀ ਗੁੰਜਾਇਸ਼ ਹੈ। ਭਾਰਤ ਵਿੱਚ ਅਤੇ ਵਿਸ਼ੇਸ਼ ਕਰਕੇ ਹਿੰਦੂਆਂ ਵਿੱਚ ਇਸਲਾਮ ਦੀ ਇਤਿਹਾਸਕ ਭੂਮਿਕਾ ਅਤੇ ਮਨੁੱਖੀ ਸੱਭਿਅਤਾ ਦੇ ਵਿਕਾਸ ਵਿੱਚ ਉਸਦੇ ਯੋਗਦਾਨ ਬਾਰੇ ਜਾਨਣ/ਸਮਝਣ ਦਾ ਅਹਿਮ ਮਹੱਤਵ ਇੱਥੋਂ ਦੀ ਰਾਜਸੀ ਦ੍ਰਿਸ਼ਟੀ ਤੋਂ ਵੀ ਹੈ।

ਭਾਰਤ ਵਿੱਚ ਅਰਬ ਦੇ ਮਸੀਹਾ ਹਜ਼ਰਤ ਮੁਹੰਮਦ ਦੇ ਪੈਰੋਕਾਰਾਂ ਦੀ ਵੱਡੀ ਗਿਣਤੀ ਹੈ। ਇਹ ਗੱਲ ਸ਼ਾਇਦ ਹੀ ਲੋਕਾਂ ਨੂੰ ਸੱਚ ਲੱਗੇ ਕਿ ਜਿੰਨੀ ਸੰਖਿਆ ਭਾਰਤ ਵਿੱਚ ਮੁਸਲਮਾਨਾਂ ਦੀ ਹੈ ਓਨੀ ਕਿਸੇ ਵੀ ਇਸਲਾਮੀ ਦੇਸ਼ ਵਿੱਚ ਇਸਲਾਮ ਨੂੰ ਮੰਨਣ ਵਾਲਿਆਂ ਦੀ ਨਹੀਂ ਹੈ। ਇਸਦੇ ਬਾਵਜੂਦ ਕਈ ਸਦੀਆਂ ਬਾਅਦ ਵੀ ਲੋਕ ਇਸਲਾਮ ਨੂੰ ਬਾਹਰੀ ਤੱਤ ਮੰਨਦੇ ਹਨ। ਇਸ ਅਜੀਬ ਪਰ ਅਫ਼ਸੋਸਜਨਕ ਸਥਿਤੀ ਦਾ ਕਾਰਨ ਭਾਰਤ ਦੇ ਰਾਸ਼ਟਰੀ ਢਾਂਚੇ ਦਾ ਇਤਿਹਾਸ ਹੈ। ਆਰੰਭ ਵਿੱਚ ਮੁਸਲਮਾਨ ਹਮਲਾਵਰਾਂ ਦੇ ਰੂਪ ਵਿੱਚ ਆਏ। ਉਨ੍ਹਾਂ ਇਸ ਦੇਸ਼ ਨੂੰ ਜਿੱਤਿਆ ਤੇ ਕਈ ਸੌ ਸਾਲਾਂ ਤੱਕ ਇਸ ਉੱਪਰ ਰਾਜ ਕੀਤਾ। ਜੇਤੂ ਅਤੇ ਹਾਰੇ ਹੋਏ ਦੇ ਸੰਬੰਧਾਂ ਦੇ ਦਾਗ ਸਾਡੇ ਰਾਸ਼ਟਰੀ ਇਤਿਹਾਸ ਵਿੱਚ ਪਾਏ ਜਾਂਦੇ ਹਨ ਤੇ ਇਨ੍ਹਾਂ ਦਾ ਪ੍ਰਭਾਵ ਵੀ ਦੋਵਾਂ ਉੱਪਰ ਹੀ ਹੈ। ਪਰ ਪਿਛਲੇ ਸੰਬੰਧਾਂ ਦੀਆਂ ਦੁਖਾਂਤਕ ਯਾਦਾਂ ਵਰਤਮਾਨ ਗੁਲਾਮੀ ਦੇ ਇਕ ਸਮਾਨ ਅਨੁਭਵਾਂ ਨਾਲ ਹੌਲੀ-ਹੌਲੀ ਖਤਮ ਹੋ ਰਹੀਆਂ ਹਨ। ਬਰਤਾਨਵੀ ਸਾਮਰਾਜਵਾਦ ਮੁਸਲਮਾਨਾਂ ਲਈ ਵੀ ਓਨਾ ਹੀ ਵਿਨਾਸ਼ਕਾਰੀ ਤੇ ਦੁਖਦਾਈ ਹੈ ਜਿੰਨਾ ਉਹ ਹਿੰਦੂਆਂ ਲਈ ਹੈ। ਇੰਜ ਮੁਸਲਮਾਨ ਸਾਡੇ ਰਾਸ਼ਟਰ ਦਾ ਅਭਿੰਨ ਹਿਸਾ ਬਣ ਗਏ ਹਨ ਅਤੇ ਭਾਰਤ ਦਾ ਇਤਿਹਾਸ ਮੁਸਲਮਾਨ ਸ਼ਾਸਕਾਂ ਦੇ ਕਾਲ ਦੇ ਵਰਣਨ ਤੋਂ ਬਿਨਾਂ ਪੂਰਾ ਹੋ ਹੀ ਨਹੀਂ ਸਕਦਾ। ਰਾਸ਼ਟਰਵਾਦ ਦੀ ਲਹਿਰ ਨੇ ਪਿਛਲੀਆਂ ਦੁਖਦਾਈ ਯਾਦਾਂ ਨੂੰ ਮਾਰ-ਮੁਕਾਉਣ ਵਿੱਚ ਭਰਵਾਂ ਹਿੱਸਾ ਪਾਇਆ ਹੈ।

ਭਾਰਤੀ ਮੁਸਲਮਾਨ ਸ਼ਾਸਕਾਂ ਦਾ ਰਾਸ਼ਟਰੀ ਇਤਿਹਾਸ ਵਿੱਚ ਜ਼ਿਕਰ ਤੇ ਉਸਦੀਆਂ ਵਾਸਤਵਿਕ ਅਤੇ ਕਾਲਪਨਿਕ ਗੌਰਵ ਦੀਆਂ ਕਹਾਣੀਆਂ ਨਾਲ ਸਾਡੇ ਰਾਸ਼ਟਰਵਾਦ ਦੇ ਚੰਗੇ ਰੰਗ ਉਭਰੇ ਹਨ।

ਫਿਰ ਵੀ ਹਿੰਦੂ, ਜੋ ਅਕਬਰ ਦੇ ਸ਼ਾਸਨਕਾਲ ਦਾ ਜ਼ਿਕਰ ਕਰਕੇ ਮਾਣ ਮਹਿਸੂਸ ਕਰਦੇ ਹਨ ਅਤੇ ਸ਼ਾਹਜਹਾਂ ਦੁਆਰਾ ਬਣਾਏ ਭਵਨਾਂ ਤੇ ਇਮਾਰਤਾਂ ਦੀ ਪ੍ਰਸ਼ੰਸਾ ਕਰਦੇ ਨਹੀਂ ਥੱਕਦੇ, ਅੱਜ ਵੀ ਆਪਣੇ ਗੁਆਂਢ ਵਿੱਚ ਰਹਿੰਦੇ ਮੁਸਲਮਾਨਾਂ ਤੋਂ ਏਨੀ ਦੂਰੀ 'ਤੇ ਹਨ ਕਿ ਉਸ ਦੂਰੀ ਦੀ ਖਾਈ ਨੂੰ ਪੂਰਿਆ ਨਹੀਂ ਜਾ ਸਕਦਾ। ਹਿੰਦੂ ਭਾਰਤੀ ਇਤਿਹਾਸ ਦੇ ਜਿਨ੍ਹਾਂ ਸ਼ਾਸਕਾਂ ਦੇ ਪ੍ਰਸ਼ੰਸਕ ਹਨ ਉਨ੍ਹਾਂ ਦੇ ਧਾਰਮਿਕ ਆਦਰਸ਼ਾਂ ਤੋਂ ਦੂਰ ਹਨ। ਸਾਧਾਰਨ ਤੌਰ 'ਤੇ ਰੂੜ੍ਹੀਵਾਦੀ ਹਿੰਦੂ ਉੱਚ ਵਰਗ ਦੇ ਅਤੇ ਸੱਭਿਅਕ ਪ੍ਰਭਾਵ ਵਾਲੇ ਮੁਸਲਮਾਨਾਂ ਨੂੰ ਵੀ ਮਲੇਛ, ਅਸ਼ੁੱਧ ਅਤੇ ਅਸਭਿਅਕ ਮੰਨਦੇ ਹਨ ਅਤੇ ਉਨ੍ਹਾਂ ਨਾਲ ਉਸ ਤੋਂ ਚੰਗਾ ਵਿਹਾਰ ਕਰਨ ਦੀ ਇੱਛਾ ਨਹੀਂ ਰੱਖਦੇ ਜਿਹਾ ਉਨ੍ਹਾਂ ਨੇ ਕਈ ਸਦੀਆਂ ਤੱਕ ਹਿੰਦੂਆਂ ਦੇ ਨੀਵੇਂ ਕਹੇ ਜਾਣ ਵਾਲੇ ਵਰਗਾਂ ਨਾਲ ਕੀਤਾ ਹੁੰਦਾ ਹੈ।

ਇਸ ਸਥਿਤੀ ਦਾ ਕਾਰਨ ਉਹ ਨਫ਼ਰਤ ਹੈ ਜੋ ਪਿਛਲੀਆਂ ਸਦੀਆਂ ਵਿੱਚ ਜੇਤੂਆਂ ਪ੍ਰਤੀ ਪੈਦਾ ਹੋਈ ਸੀ ਅਤੇ ਹਾਰੇ ਹੋਏ ਲੋਕ ਬਦੇਸ਼ੀ ਹਮਲਾਵਰਾਂ ਨਾਲ ਸੁਭਾਵਿਕ ਤਰ੍ਹਾਂ ਦੀ ਨਫ਼ਰਤ ਕਰਦੇ ਸਨ। ਜਿਨ੍ਹਾਂ ਰਾਜਨੀਤਕ ਸੰਬੰਧਾਂ ਕਾਰਨ ਐਸੀ ਘਿਰਣਾ ਦੀ ਭਾਵਨਾ ਪੈਦਾ ਹੋਈ ਉਹ ਪ੍ਰਾਚੀਨ ਕਾਲ ਦੀ ਗੱਲ ਸੀ। ਪਰ ਉਸ ਨਫ਼ਰਤ ਦਾ ਹੁਣ ਤੱਕ ਵੀ ਬਣੇ ਰਹਿਣਾ ਸਾਡੇ ਰਾਸ਼ਟਰ ਦੀ ਏਕਤਾ ਲਈ ਘਾਤਕ ਹੈ। ਨਾਲ ਹੀ ਇਹ ਕਾਰਨ ਇਤਿਹਾਸ ਦੇ ਨਿਰਪੱਖ ਅਧਿਐਨ ਵਿੱਚ ਰੁਕਾਵਟ ਵੀ ਹੈ। ਅਸਲ ਵਿੱਚ ਇਸ ਗੱਲ ਦਾ ਕੋਈ ਹੋਰ ਉਦਾਹਰਣ ਸੰਸਾਰ ਵਿੱਚ ਕਿਤੇ ਵੀ ਨਹੀਂ ਮਿਲਦਾ ਜਿਸ ਵਿੱਚ ਇੱਕੋ ਦੇਸ਼ ਵਿੱਚ ਦੋ ਸਮੂਹਾਂ ਦੇ ਲੋਕ ਸੈਂਕੜੇ ਸਾਲਾਂ ਤੋਂ ਨਾਲ ਰਹਿੰਦੇ ਹੋਣ ਤੇ ਦੋਵੇਂ ਸਮੂਹ ਇੱਕ ਦੂਸਰੇ ਦੀ ਸੰਸਕ੍ਰਿਤੀ ਨੂੰ ਠੀਕ ਤਰ੍ਹਾਂ ਸਮਝਣ ਤੋਂ ਕੋਹਾਂ ਦੂਰ ਹੋਣ। ਕੋਈ ਵੀ ਸੱਭਿਅਕ ਦੇਸ਼ ਜਾਂ ਸਮੂਹ ਇਸਲਾਮ ਦੇ ਇਤਿਹਾਸ ਤੋਂ ਏਨਾ ਅਨਜਾਣ ਨਹੀਂ ਹੈ ਜਿੰਨਾ ਹਿੰਦੂ ਹਨ ਤੇ ਉਹ ਮੁਸਲਮਾਨਾਂ ਨੂੰ ਨਫ਼ਰਤ ਕਰਦੇ ਹਨ। ਸਾਡੇ ਰਾਸ਼ਟਰਵਾਦੀ ਸਿਧਾਂਤ ਦਾ ਮੁੱਖ ਲੱਛਣ ਅਧਿਆਤਮਕ ਸਾਮਰਾਜਵਾਦ ਦੀ ਭਾਵਨਾ ਹੈ। ਪਰ ਇਹ ਬੁਰੀ ਭਾਵਨਾ ਮੁਸਲਮਾਨਾਂ ਦੇ ਬਾਰੇ ਵਿੱਚ ਵਧੇਰੇ ਸਪੱਸ਼ਟ ਹੈ। ਅਰਬ ਮਸੀਹਾ ਹਜ਼ਰਤ ਮੁਹੰਮਦ ਦੇ ਉਪਦੇਸ਼ਾਂ ਦੇ ਸੰਬੰਧ ਵਿੱਚ ਇੱਥੇ ਸਭ ਤੋਂ ਵਧੇਰੇ ਅਨਜਾਣਤਾ ਬਲਕਿ ਅਗਿਆਨਤਾ ਹੈ। ਆਮ ਤੌਰ 'ਤੇ ਸਿੱਖਿਅਤ ਹਿੰਦੂ ਨੂੰ ਵੀ ਇਸਲਾਮ ਦੇ ਅਤਿਅੰਤ ਕ੍ਰਾਂਤੀਕਾਰੀ ਮਹੱਤਵ ਦੀ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਇਸ ਦੀ ਕੋਈ ਸਮਝ ਹੈ। ਅਜਿਹੀ ਅਨਜਾਣਤਾ ਨੂੰ ਮਜ਼ਾਹੀਆ ਮੰਨਿਆ ਜਾ ਸਕਦਾ ਸੀ ਜੇਕਰ ਇਸਦੇ ਭਿਆਨਕ ਸਿੱਟੇ ਨਿਕਲਣ ਦਾ ਖਤਰਾ ਨਾ ਹੁੰਦਾ। ਇਨ੍ਹਾਂ ਮੰਦਭਾਵਨਾਵਾਂ ਦਾ ਮੁਕਾਬਲਾ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਭਾਰਤੀ ਜਨਤਾ ਵਿਗਿਆਨ ਅਤੇ ਇਤਿਹਾਸ ਦੀ ਸੱਚਾਈ ਨੂੰ ਸਹੀ ਤਰੀਕੇ ਨਾਲ ਸਮਝ ਸਕੇ। ਭਾਰਤੀ ਇਤਿਹਾਸ ਦੇ ਇਸ ਸੰਕਟਕਾਲ ਵਿੱਚ ਇਸਲਾਮ ਦੇ

ਸੰਸਕ੍ਰਿਤਕ ਮਹੱਤਵ ਨੂੰ ਸਮਝਣ ਦੀ ਸਭ ਤੋਂ ਵਧੇਰੇ ਲੋੜ ਹੈ।

ਮਹਾਨ ਇਤਿਹਾਸਕਾਰ ਗਿੱਬਨ ਨੇ ਇਸਲਾਮ ਦੇ ਪ੍ਰਸਾਰ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ, "ਉਹ ਇਕ ਐਸੀ ਅਭੁੱਲ ਕ੍ਰਾਂਤੀ ਹੈ। ਜਿਸ ਨੇ ਸੰਸਾਰ ਭਰ ਦੇ ਰਾਸ਼ਟਰਾਂ ਦੇ ਚਰਿੱਤਰ ਉੱਪਰ ਨਵਾਂ ਤੇ ਸਥਾਈ ਪ੍ਰਭਾਵ ਛੱਡਿਆ ਹੈ।" ਕੋਈ ਵੀ ਵਿਅਕਤੀ ਇਸ ਗੱਲ ਤੋਂ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕਦਾ ਕਿ ਕਿਸ ਤਰ੍ਹਾਂ ਦੋ ਮਹਾਨ ਸਾਮਰਾਜਾਂ (ਰੋਮਨ ਤੇ ਫਾਰਸ : ਅਨੁਵਾਦਕ)ਨੂੰ ਅਰਬ ਦੇ ਰੇਗਿਸਤਾਨ ਵਿੱਚ ਨਵੇਂ ਧਰਮ ਦੇ ਉਤਸ਼ਾਹ ਨਾਲ ਭਰੇ ਹੋਏ ਬੱਦੂਆਂ ਨੇ ਤੇਜ਼ੀ ਨਾਲ ਤਬਾਹ ਕਰ ਦਿੱਤਾ। ਹਜ਼ਰਤ ਮੁਹੰਮਦ ਦੇ ਤਲਵਾਰ ਦੀ ਨੋਕ 'ਤੇ ਸ਼ਾਂਤੀ ਦਾ ਸੰਦੇਸ਼ ਦੇਣ ਵਾਲੇ ਮਸੀਹਾ ਦੀ ਭੂਮਿਕਾ ਅਪਨਾਉਣ ਦੇ ਪੰਜਾਹ ਸਾਲ ਦੇ ਅੰਦਰ-ਅੰਦਰ ਹੀ ਉਸਦੇ ਪੈਰੋਕਾਰਾਂ ਵੱਲੋਂ ਇਸਲਾਮ ਦਾ ਝੰਡਾ ਇੱਕ ਪਾਸੇ ਭਾਰਤ ਵਿੱਚ ਤੇ ਦੂਜੇ ਪਾਸੇ ਐਟਲਾਂਟਿਕ ਮਹਾਂਸਾਗਰ ਦੇ ਕੰਢੇ 'ਤੇ ਝੁਲਾ ਦਿੱਤਾ ਗਿਆ। ਦਮਿਸ਼ਕ ਦੇ ਪਹਿਲੇ ਖਲੀਫ਼ਿਆਂ ਦੇ ਸਾਮਰਾਜ ਨੂੰ ਤੇਜ਼ ਰਫਤਾਰ ਊਠ 'ਤੇ ਬਹਿ ਕੇ ਵੀ ਪੰਜ ਮਹੀਨੇ ਦੇ ਅਰਸੇ ਤੋਂ ਪਹਿਲਾਂ ਪਾਰ ਨਹੀਂ ਕੀਤਾ ਜਾ ਸਕਦਾ ਸੀ। ਹਿਜਰੀ ਦੀ ਪਹਿਲੀ ਸਦੀ ਦੇ ਅੰਤ ਵਿੱਚ 'ਧਰਮ ਦੇ ਸੈਨਾਪਤੀ' ਸੰਸਾਰ ਦੇ ਸਭ ਤੋਂ ਤਾਕਤਵਰ ਸ਼ਾਸਕ ਬਣ ਗਏ ਸਨ।

ਹਰੇਕ ਮਸੀਹਾ ਆਪਣੇ ਰੱਬੀ ਗੁਣਾਂ ਨੂੰ ਪ੍ਰਮਾਣਿਤ ਕਰਨ ਲਈ ਅਦਭੁਤ ਰਹੱਸਾਂ ਨੂੰ ਪ੍ਰਗਟ ਕਰਨ ਦਾ ਦਾਅਵਾ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਹਜ਼ਰਤ ਮੁਹੰਮਦ ਸਾਹਿਬ ਆਪਣੇ ਤੋਂ ਪਹਿਲਾਂ ਤੇ ਬਾਅਦ ਦੇ ਸਾਰੇ ਮਸੀਹਿਆਂ ਤੋਂ ਮਹਾਨ ਹਨ। ਉਸਦਾ ਮਹਾਨ ਰਹੱਸ ਇਸਲਾਮ ਦਾ ਪ੍ਰਚਾਰ ਹੈ। ਅਗਸਤਸ ਦੇ ਰੋਮਨ ਸਾਮਰਾਜ ਦਾ ਪ੍ਰਸਾਰ, ਜਿਸਨੂੰ ਬਾਅਦ ਵਿੱਚ ਮਹਾਨ ਯੋਧੇ ਟਰਾਇਜ਼ਮ ਨੇ ਵਧਾਇਆ ਸੀ, ਸੱਤ ਤੋਂ ਸਾਲਾਂ ਵਿੱਚ ਲੜੇ ਗਏ ਜੰਗਾਂ ਵਿੱਚੋਂ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਰਿਹਾ ਸੀ। ਫਿਰ ਵੀ ਅਰਬ ਸਾਮਰਾਜ ਦੀ ਤੁਲਨਾ ਵਿੱਚ, ਜੋ ਇੱਕ ਸਦੀ ਤੋਂ ਵੀ ਘੱਟ ਸਮੇਂ ਵਿੱਚ ਸਥਾਪਿਤ ਹੋਇਆ, ਰੋਮਨ ਸਾਮਰਾਜ ਵੱਡਾ ਨਹੀਂ ਸੀ। ਅਲੈਗਜ਼ੈਂਡਰ ਦਾ ਸਾਮਰਾਜ ਤਾਂ ਖ਼ਲੀਫਿਆਂ ਦੇ ਸਾਮਰਾਜ ਦੇ ਇੱਕ ਹਿੱਸੇ ਦੇ ਬਰਾਬਰ ਸੀ। ਫ਼ਾਰਸ ਦੇ ਸਾਮਰਾਜ ਨੇ ਕਰੀਬ ਇੱਕ ਹਜ਼ਾਰ ਸਾਲ ਤੱਕ ਰੋਮਨ ਸਾਮਰਾਜ ਨਾਲ ਟੱਕਰ ਲਈ ਸੀ, ਪਰ 'ਅੱਲ੍ਹਾ ਦੀ ਤਲਵਾਰ' ਨੇ ਉਨ੍ਹਾਂ ਨੂੰ ਇੱਕ ਦਹਾਕੇ ਤੋਂ ਵੀ ਘੱਟ ਸਮੇਂ ਵਿੱਚ ਹਰਾ ਦਿੱਤਾ।

ਕਿਤੇ ਵੀ ਅਰਬ ਸਾਮਰਾਜ ਦੇ ਅਵਸ਼ੇਸ਼ਾਂ ਵਿਚ ਉਨ੍ਹਾਂ ਦੀ ਸੰਗਠਿਤ ਸੈਨਾ ਜਾਂ ਸਮਾਜ-ਰਾਜਨੀਤਕ ਲਾਲਸਾਵਾਂ ਦੇ ਚਿੰਨ੍ਹ ਨਹੀਂ ਮਿਲਦੇ। ਅਰਬ ਲੋਕ ਕਵੀ, ਕਲਪਨਾਸ਼ੀਲ, ਸੂਰਮੇ ਅਤੇ ਵਪਾਰੀ ਸਨ। ਉਨ੍ਹਾਂ ਵਿੱਚ ਕੋਈ ਰਾਜਨੀਤਕ ਲਾਲਸਾ ਨਹੀਂ ਸੀ ਤੇ ਨਾ ਹੀ ਕਰਮ ਦੇ ਆਧਾਰ 'ਤੇ ਏਕਤਾ ਦੀ ਸ਼ਕਤੀ ਉਨ੍ਹਾਂ ਵਿੱਚ ਸੀ। ਉਨ੍ਹਾਂ ਲੋਕਾਂ ਵਿੱਚ ਨੀਵੇਂ ਦਰਜੇ ਦੇ ਬਹੁ-ਈਸ਼ਵਰਵਾਦ ਦਾ ਪ੍ਰਭਾਵ ਸੀ । ਸੌ ਸਾਲਾਂ ਬਾਅਦ ਇਹ ਅਸੱਭਿਅਕ ਅਤੇ ਬੱਦੂ ਸਮਝੇ ਜਾਣ ਵਾਲੇ ਲੋਕ ਸੰਸਾਰ ਦੀ ਮਹਾਨ ਤਾਕਤ ਬਣ ਗਏ। ਉਨ੍ਹਾਂ ਨੇ ਸੀਰੀਆ ਤੇ ਮਿਸਰ ਨੂੰ ਹਰਾ ਦਿੱਤਾ। ਉਨ੍ਹਾਂ ਨੇ ਫ਼ਾਰਸ ਨੂੰ ਕੁਚਲ ਦਿੱਤਾ

ਅਤੇ ਉਸਨੂੰ ਆਪਣਾ ਧਾਰਮਿਕ ਅਨੁਸਾਰੀ ਬਣਾਇਆ। ਉਨ੍ਹਾਂ ਨੇ ਪੱਛਮੀ ਤੁਰਕਿਸਤਾਨ ਉੱਪਰ ਆਪਣਾ ਅਧਿਕਾਰ ਸਥਾਪਤ ਕੀਤਾ ਅਤੇ ਪੰਜਾਬ ਦੇ ਇੱਕ ਹਿੱਸੇ 'ਤੇ ਆਪਣਾ ਕਬਜ਼ਾ ਕੀਤਾ। ਉਨ੍ਹਾਂ ਨੇ ਬੈਜ਼ੇਨਟਾਈਨ ਅਤੇ ਬਰਬਰ ਸਾਮਰਾਜਾਂ ਕੋਲੋਂ ਅਫਰੀਕਾ ਨੂੰ ਖੋਹ ਲਿਆ, ਵਿਸ਼ੀਗੋਥ ਰਾਜਿਆਂ ਕੋਲੋਂ ਸਪੇਨ ਨੂੰ ਲਿਆ। ਪੱਛਮ ਵਿੱਚ ਉਨ੍ਹਾਂ ਫਰਾਂਸ ਲਈ ਖਤਰਾ ਪੈਦਾ ਕਰ ਦਿੱਤਾ। ਉਨ੍ਹਾਂ ਸਿਕੰਦਰੀਆ ਅਤੇ ਸੀਰੀਆ ਦੀਆਂ ਬੰਦਰਗਾਹਾਂ ਉੱਪਰ ਆਪਣੀ ਸਮੁੰਦਰੀ ਸੈਨਾ ਬਣਾਈ ਜਿਸਦੇ ਭੂਮੱਧ ਸਾਗਰ ਵਿੱਚ ਆਪਣਾ ਪ੍ਰਭਾਵ ਕਾਇਮ ਕੀਤਾ। ਯੂਨਾਨੀ ਟਾਪੂਆਂ ਨੂੰ ਉਨ੍ਹਾਂ ਦੇ ਲੁੱਟਿਆਂ ਤੇ ਬੈਜ਼ੇਨਟਾਈਨ* ਸਮਾਰਾਜ ਦੀ ਸ਼ਕਤੀਸ਼ਾਲੀ ਸਮੁੰਦਰੀ ਸੈਨਾ ਨੂੰ ਚੁਣੌਤੀ ਦਿੱਤੀ ਅਤੇ ਆਸਾਨੀ ਨਾਲ ਉਨ੍ਹਾਂ ਨੂੰ ਹਰਾ ਦਿੱਤਾ। ਸਿਰਫ਼ ਫ਼ਾਰਸ ਦੇ ਲੋਕਾਂ ਅਤੇ ਐਟਲਸ ਪਹਾੜਾਂ ਦੇ ਜਾਂਗਲੀ ਕਹੇ ਜਾਣ ਵਾਲੇ ਲੋਕਾਂ ਨੇ ਉਨ੍ਹਾਂ ਦਾ ਕਰੜਾ ਵਿਰੋਧ ਕੀਤਾ। ਅੱਠਵੀਂ ਸਦੀ ਦੇ ਆਰੰਭ ਵਿੱਚ ਇਹ ਉਭਰਵਾਂ ਪ੍ਰਸ਼ਨ ਸੀ ਕਿ ਕੀ ਕੋਈ ਹੋਰ ਤਾਕਤ ਉਨ੍ਹਾਂ ਦੀ ਜਿੱਤ ਵਿੱਚ ਰੁਕਾਵਟ ਬਣ ਕੇ ਉਨ੍ਹਾਂ ਨੂੰ ਰੋਕ ਸਕਦੀ ਹੈ? ਭੂਮੱਧ ਸਾਗਰ ਖੇਤਰ ਵਿੱਚ ਰੋਮਨ ਸਾਮਰਾਜ ਦੀ ਸਥਿਤੀ ਇੱਕ ਝੀਲ ਮਾਤਰ ਦੀ ਵੀ ਨਹੀਂ ਰਹਿ ਗਈ ਸੀ। ਯੂਰਪ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਦੇ ਈਸਾਈ ਰਾਜ ਪੂਰਬ ਦੀ ਨਵੀਂ ਸਭਿਅਤਾ ਅਤੇ ਪੂਰਬ ਦੇ ਨਵੇਂ ਧਰਮ ਦੀਆਂ ਚੁਣੌਤੀਆਂ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਸਨ।

H.A.L. Ficher, A History of Europe Page-137-138

ਇਹ ਮਹਾਨ ਰਹੱਸ ਕਿਵੇਂ ਵਾਪਰਿਆ? ਇਹ ਸਵਾਲ ਕਈ ਇਤਿਹਾਸਕਾਰਾਂ ਨੂੰ ਹੈਰਾਨੀ ਵਿੱਚ ਪਾਈ ਰੱਖਦਾ ਹੈ। ਅੱਜ ਦੇ ਸਿੱਖਿਅਤ ਤੇ ਸੱਭਿਅਕ ਸੰਸਾਰ ਨੇ ਇਸ ਗਲਤ ਗੱਲ ਨੂੰ ਅਸਵੀਕਾਰ ਕਰ ਦਿੱਤਾ ਹੈ ਕਿ ਇਸਲਾਮ ਦਾ ਉਭਾਰ ਕੱਟੜਵਾਦ ਦੀ ਗੰਭੀਰ ਅਤੇ ਸਹਿਣਸ਼ੀਲ ਲੋਕਾਂ ਉੱਪਰ ਜਿੱਤ ਹੈ। ਇਸਲਾਮ ਦੀ ਸਫ਼ਲਤਾ ਦਾ ਇਨਕਲਾਬੀ ਮਹੱਤਵ ਹੈ। ਉਸਦੀ ਸਫਲਤਾ ਦੀ ਸਮੱਰਥਾ ਇਸ ਗੱਲ ਵਿੱਚ ਪਈ ਹੈ ਕਿ ਉਹ ਉਨ੍ਹਾਂ ਸੰਕਟਾਂ ਤੋਂ ਜਨਤਾ ਨੂੰ ਮੁਕਤ ਕਰਾ ਸਕਦੀ ਸੀ, ਜੋ ਸੰਕਟ ਪੁਰਾਣੀ ਯੂਨਾਨੀ ਅਤੇ ਰੋਮਨ ਸੱਭਿਆਤਾਵਾਂ ਤੋਂ ਪੈਦਾ ਹੋਏ ਸਨ ਅਤੇ ਫ਼ਾਰਸ, ਚੀਨ ਅਤੇ ਭਾਰਤ ਦੀਆਂ ਸੱਭਿਆਤਾਵਾਂ ਵਿੱਚ ਉਹ ਸੰਕਟ ਪੈਦਾ ਹੋ ਚੁੱਕੇ ਸਨ।

---

*ਬੈਜ਼ੇਨਟਾਈਨ : *ਰੋਮਨ ਸਾਮਰਾਜ ਦਾ ਦੂਸਰਾ ਨਾਮ, ਰੂੜ੍ਹੀਵਾਦੀ ਈਸਾਈ ਮੱਤ ਜਿਸਦਾ ਧਾਰਮਿਕ ਆਧਾਰ ਰੋਮਨ ਬਹੁ-ਦੇਵਵਾਦ ਸੀ। ਕੋਂਟਸਟੇਨਿਓਪੋਲ ਇਸ ਦੀ ਰਾਜਧਾਨੀ ਸੀ ਅਤੇ ਇਸਨੇ 330 ਈ. ਤੋਂ 1204 ਈ. ਤੱਕ ਪ੍ਰਭਾਵ ਬਣਾਈ ਰੱਖਿਆ। ਇਸਲਾਮ ਦੇ ਉਭਾਰ ਨਾਲ ਇਸਦੇ ਵਿਕਾਸ ਨੂੰ ਠੱਲ੍ਹ ਪਈ: ਅਨੁਵਾਦਕ।*

ਇਸਲਾਮ ਦਾ ਟੀਚਾ

ਇਸਲਾਮੀ ਇਤਿਹਾਸ ਦੇ ਭ੍ਰਿਸ਼ਟ ਵਿਆਖਿਆਕਾਰਾਂ ਨੇ ਇਸਲਾਮ ਦੇ ਪੈਰੋਕਾਰਾਂ ਦੀਆਂ ਸੈਨਿਕ ਸਫਲਤਾਵਾਂ ਉੱਪਰ ਉਸਦੀ ਸਿਫ਼ਤ ਦੇ ਰੂਪ ਵਿੱਚ ਜ਼ੋਰ ਦਿੱਤਾ ਹੈ ਜਾਂ ਉਨ੍ਹਾਂ ਨੇ ਇਨਕਲਾਬੀ ਪ੍ਰਭਾਵ ਨੂੰ ਘੱਟ ਕਰਨ ਦੇ ਉਦੇਸ਼ ਨਾਲ ਅਜਿਹਾ ਕੀਤਾ ਹੈ। ਜੇਕਰ ਸਰਾਸੈਨੀ* ਸੂਰਮਿਆਂ ਦੀ ਲਾਜਵਾਬ ਸੈਨਿਕ ਜਿੱਤ ਨਾਲ ਇਸਲਾਮ ਦੀ ਇਤਿਹਾਸਕ ਭੂਮਿਕਾ ਦਾ ਅੰਦਾਜ਼ਾ ਲਗਾਉਣਾ ਹੈ ਤਾਂ ਉਸ ਨੂੰ ਬਹੁਤ ਵਿਲੱਖਣ ਇਤਿਹਾਸਕ ਘਟਨਾ ਨਹੀਂ ਕਿਹਾ ਜਾ ਸਕਦਾ। ਤਾਤਾਰੀ ਅਤੇ ਸੀਥੀਆਈ ਜਾਂਗਲੀ ਲੋਕਾਂ, ਜਿਨ੍ਹਾਂ ਵਿੱਚ ਗੋਥ, ਹੂਣ, ਵਨਡਲ, ਅਵਾਰ, ਮੰਗੋਲ ਆਦਿ ਸ਼ਾਮਿਲ ਹਨ, ਦੀਆਂ ਸੈਨਿਕ ਜਿੱਤਾਂ ਜੇਕਰ ਇਸਲਾਮੀ ਪੈਰੋਕਾਰਾਂ ਦੇ ਬਰਾਬਰ ਜਾਂ ਉਨ੍ਹਾਂ ਨਾਲੋਂ ਮਹਾਨ ਨਾ ਵੀ ਮੰਨੀਏ ਤਾਂ ਵੀ ਮਹਾਨ ਜਿੱਤਾਂ ਤਾਂ ਸਨ ਹੀ। ਪਰ ਯੂਰਪ ਅਤੇ ਏਸ਼ੀਆ ਦੇ ਸਰਹੱਦੀ ਖੇਤਰਾਂ ਵਿੱਚੋਂ ਜਿਸ ਤਰ੍ਹਾਂ ਦੀਆਂ ਮਾਨਵ ਸਮੂਹ ਲਹਿਰਾਂ ਨੇ ਪੱਛਮ, ਦੱਖਣ ਅਤੇ ਪੂਰਬ ਦੇ ਦੇਸ਼ਾਂ ਨੂੰ ਕੁਚਲ ਦਿੱਤਾ ਸੀ, ਉਸਦੀ ਤੁਲਨਾ ਵਿੱਚ ਅਰਬ ਲੋਕਾਂ ਦਾ ਧਾਰਮਿਕ ਉਤਸ਼ਾਹ ਬੇਮਿਸਾਲ ਸੀ। ਮਾਨਵ-ਸਮੂਹਾਂ ਦੀਆਂ ਇਹ ਪੂਰਵਲੀਆਂ ਲਹਿਰਾਂ ਵੱਡੀਆਂ ਜਿੱਤਾਂ ਪ੍ਰਾਪਤ ਕਰਕੇ ਵੀ ਦੇਰ-ਸਵੇਰ ਸ਼ਾਂਤ ਹੋ ਗਈਆਂ, ਪਰ ਇਸ ਤੋਂ ਐਨ ਉਲਟ ਬਾਦ ਵਾਲੀ ਇਹ ਅਰਬ ਮੁਹਿੰਮ ਇੱਕ ਸਥਾਈ ਘਟਨਾਕ੍ਰਮ ਬਣ ਗਿਆ ਜਿਸ ਨਾਲ ਮਾਨਵ-ਜਾਤੀ ਦੇ ਸੱਭਿਅਚਾਰਕ ਇਤਿਹਾਸ ਵਿੱਚ ਇੱਕ ਲਾਜਵਾਬ ਕਾਂਡ ਜੁੜ ਗਿਆ। ਉਨ੍ਹਾਂ ਦੇ ਟੀਚੇ ਵਿੱਚ ਤਬਾਹੀ ਇੱਕ ਨਿਗੂਣੀ ਗੱਲ ਸੀ। ਇਸ ਮੁਹਿੰਮ ਨੇ ਇਤਿਹਾਸ ਦੇ ਪੁਰਾਣੇ ਜਰਜਰੇ ਖੰਡਰਾਂ ਨੂੰ ਨਵੀਨ ਉਸਾਰੀ ਦੇ ਉਦੇਸ਼ ਨਾਲ ਤਬਾਹ ਕੀਤਾ। ਇਸ ਅੰਦੋਲਨ ਨੇ ਵੀ ਸੀਜ਼ਰ ਅਤੇ ਚੋਸਰੋਜ ਦੇ ਪਵਿੱਤਰ ਮਹਿਲਾਂ ਨੂੰ ਧੂੜ ਵਿੱਚ ਮਿਲਾਇਆ ਅਤੇ ਉਨ੍ਹਾਂ ਵਿੱਚ ਮਨੁੱਖ ਜਾਤੀ ਦੇ ਸੰਜੋਏ/ਲੁਕੋਏ ਗਿਆਨ ਨੂੰ ਤਬਾਹ ਹੋਣ ਤੋਂ ਬਚਾ ਕੇ ਉਸ ਗਿਆਨ-ਭੰਡਾਰ ਨੂੰ ਆਉਣ ਵਾਲੇ ਲੋਕਾਂ ਦੇ ਲਾਭ ਲਈ ਰਾਖਵਾਂ ਕਰ ਦਿੱਤਾ।

ਸਰਾਸੈਨੀ ਘੋੜਸਵਾਰ ਸੈਨਿਕਾਂ ਦੀ ਜਿੱਤ ਦੀ ਉਦਾਹਰਣ ਹੀ ਇਸਲਾਮ ਦੇ

---

*ਸਰਾਸੈਨ : *ਅਰਬ ਦੇ ਖਾਨਾਬਦੋਸ਼ ਕਬੀਲੇ (ਅਨੁਵਾਦਕ)*

ਚਰਿੱਤਰ ਦੀ ਵਿਸ਼ੇਸ਼ਤਾ ਨਹੀਂ ਸੀ। ਉਨ੍ਹਾਂ ਰਾਹੀਂ ਸਾਡਾ ਧਿਆਨ ਉਨ੍ਹਾਂ ਵੱਲ ਖਿੱਚਿਆ ਜਾਂਦਾ ਹੈ ਜੋ ਉਨ੍ਹਾਂ ਜਿੱਤਾਂ ਦੇ ਕਾਰਨਾਂ ਦੀ ਤਲਾਸ਼ ਕਰਨ ਅਤੇ ਉਨ੍ਹਾਂ ਦੀ ਤਾਰੀਫ਼ ਕਰਨ ਲਈ ਮਜਬੂਰ ਕਰ ਦਿੰਦਾ ਹੈ। 'ਅੱਲਾਹ ਦੀ ਫੌਜ' ਨੇ ਜਿਸ ਤਰ੍ਹਾਂ ਦੀ ਅਦਭੁੱਤ ਜਿੱਤ ਪ੍ਰਾਪਤ ਕੀਤੀ ਉਸ ਨਾਲ ਅੱਖਾਂ ਚੁੰਧਿਆ ਜਾਂਦੀਆਂ ਹਨ ਅਤੇ ਇਤਿਹਾਸ ਦੇ ਔਸਤ ਵਿਦਿਆਰਥੀ ਇਸਲਾਮੀ ਕ੍ਰਾਂਤੀ ਦੀਆਂ ਮਹਾਨ ਪ੍ਰਾਪਤੀਆਂ ਨੂੰ ਠੀਕ ਤਰ੍ਹਾਂ ਸਮਝ ਨਹੀਂ ਪਾਉਂਦੇ ਹਨ ਫਿਰ ਚਾਹੇ ਇਹ ਵਿਦਿਆਰਥੀ ਇਸਲਾਮੀ ਪੈਰੋਕਾਰ ਹੀ ਕਿਉਂ ਨਾ ਹੋਣ। ਇਸ ਦੇ ਬਾਵਜੂਦ ਇਸਲਾਮੀ ਮਸੀਹਾ ਹਜ਼ਰਤ ਮੁਹੰਮਦ ਸਾਹਿਬ ਦੇ ਪੈਰੋਕਾਰਾਂ ਨੇ ਜੋ ਸੈਨਿਕ ਸਫਲਤਾਵਾਂ ਹਾਸਲ ਕੀਤੀਆਂ ਉਹ ਤਾਂ ਸਮਾਜਿਕ ਅਤੇ ਸੱਭਿਆਚਾਰਕ ਖੇਤਰਾਂ ਦੀਆਂ ਮਹਾਨ ਤੇ ਸਥਾਈ ਤਬਦੀਲੀਆਂ ਦੀ ਕੇਵਲ ਭੂਮਿਕਾ ਹੀ ਸਨ। ਉਨ੍ਹਾਂ ਜਿੱਤਾਂ ਨਾਲ ਅਰਬ ਦੀ ਰਾਜਸੀ ਏਕਤਾ ਦੀਆਂ ਸਥਿਤੀਆਂ ਪੈਦਾ ਹੋਈਆਂ ਜਿਨ੍ਹਾਂ ਨਾਲ ਆਰਥਿਕ ਖੁਸ਼ਹਾਲੀ ਅਤੇ ਅਧਿਆਤਮਕ ਉਨਤੀ ਦੀਆਂ ਰਾਹਾਂ ਰੌਸ਼ਨ ਹੋਈਆਂ। ਰੋਮ ਅਤੇ ਫ਼ਾਰਸ ਦੇ ਸਾਮਰਾਜਾਂ ਦੇ ਪਤਨ ਤੋਂ ਬਾਅਦ ਉਨ੍ਹਾਂ ਦੇ ਖੰਡਰਾਂ ਨੂੰ ਸਾਫ਼ ਕਰਨ ਨਾਲ ਨਵੀਨ ਵਿਚਾਰਾਂ ਅਤੇ ਉਦੇਸ਼ਾਂ ਵਾਲੀ ਸਮਾਜਿਕ ਵਿਵਸਥਾ ਲਈ ਰਾਹ ਇਕਦਮ ਸਾਫ਼ ਹੋਇਆ। ਮੈਗਿਆਈ ਰਹੱਸਵਾਦ ਦੇ ਅੰਧਕਾਰਪੂਰਨ ਮੂੜ੍ਹ ਵਿਸ਼ਵਾਸਾਂ ਅਤੇ ਯੂਨਾਨੀ ਈਸਾਈ ਚਰਚ ਨੇ ਸੰਪਰਦਾਇ ਵਜੋਂ ਆਪਣੇ ਅਧੀਨ ਲੋਕਾਂ ਦੇ ਅਧਿਆਤਮਕ ਜੀਵਨ ਨੂੰ ਭ੍ਰਿਸ਼ਟ ਕਰ ਦਿੱਤਾ ਸੀ। ਫ਼ਾਰਸ ਅਤੇ ਬੈਂਜ਼ਨਟਾਈਨ ਸਾਮਰਾਜਾਂ ਦੇ ਅੰਤਰਗਤ ਹਰ ਤਰ੍ਹਾਂ ਦੀ ਨੈਤਿਕ ਅਤੇ ਬੌਧਿਕ ਪ੍ਰਗਤੀ ਲਗਭਗ ਅਸੰਭਵ ਹੋ ਗਈ ਸੀ। ਹਜ਼ਰਤ ਮੁਹੰਮਦ ਦੇ ਕਠੋਰ ਏਕੀਸ਼ਵਰਵਾਦ ਨੇ ਸਰਾਸੈਨੀ ਲੋਕਾਂ ਨੂੰ ਉਹ ਸ਼ਕਤੀ ਪ੍ਰਦਾਨ ਕੀਤੀ ਜਿਸਨੇ ਅਰਬ ਦੀਆਂ ਜਾਤੀਆਂ ਵਿੱਚ ਪਾਈ ਜਾਂਦੀ ਮੂਰਤੀ ਪੂਜਾ ਅਤੇ ਬਹੁਈਸ਼ਰਵਰਵਾਦ ਨੂੰ ਖ਼ਤਮ ਕਰ ਦਿੱਤਾ। ਇਸ ਦੇ ਨਾਲ ਹੀ ਉਹ ਜੋਰੁਸਟਰ ਅਤੇ ਈਸਾਈ ਧਰਮ ਦੇ ਪਤਨ ਨਾਲ ਪੈਦਾ ਹੋਈਆਂ ਦੁਰਭਾਵਨਾਵਾਂ ਦੇ ਵਿਰੁੱਧ ਵੀ ਅਜੇਤੂ ਸਾਬਿਤ ਹੋਇਆ। ਪਤਨ ਵੱਲ ਜਾ ਰਹੀਆਂ ਈਸਾਈ ਸੰਪਰਦਾਵਾਂ ਵਿੱਚ ਵਿਸ਼ਵਾਸਾਂ ਅਤੇ ਮੱਠਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਪ੍ਰਭਾਵ ਵੱਸ ਸੰਤਾਂ ਦੀਆਂ ਮੂਰਤੀਆਂ ਦੀ ਪੂਜਾ ਦੇ ਕਾਰਨ ਉਨ੍ਹਾਂ ਦਾ ਪਤਨ ਹੋ ਗਿਆ ਸੀ। ਸਰਾਸੈਨੀ ਸੂਰਮਿਆਂ ਦੇ ਹਥਿਆਰ ਆਪਣੇ ਵਿਰੋਧੀਆਂ ਲਈ ਨਾ ਸਿਰਫ਼ ਅਜੇਤੂ ਸਾਬਿਤ ਹੋਏ ਸਗੋਂ ਮਨੁੱਖ ਜਾਤੀ ਦੀ ਤਰੱਕੀ ਅਤੇ ਇਤਿਹਾਸਕਤਾ ਦੇ ਵਿਕਾਸ ਲਈ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਵੀ ਮਹਾਨ ਯੋਗਦਾਨ ਸਾਬਿਤ ਹੋਇਆ।

ਰੋਮਨ ਸਾਮਰਾਜ ਦੇ ਅੰਤਰਗਤ ਪ੍ਰਾਚੀਨ ਯੂਰਪ ਦੀ ਮਾਣਮੱਤੀ ਸਭਿਅਤਾ ਦੀ ਵਿਕਸਿਤ ਅਧਿਆਤਮਕ ਪਰੰਪਰਾ ਦੱਬੀ ਪਈ ਸੀ ਅਤੇ ਉਹ ਈਸਾਈ ਅੰਧ-ਵਿਸ਼ਵਾਸਾਂ ਦੇ ਅੰਧਕਾਰ ਵਿੱਚ ਤਬਾਹ ਹੋ ਗਈ ਸੀ। ਸਰਾਸੈਨੀ ਸੂਰਮਿਆਂ ਦੀ ਜਿੱਤ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨਾਲ ਯੂਨਾਨ ਦੀ ਪ੍ਰਾਚੀਨ ਸੱਭਿਅਤਾ ਤੇ ਉਨ੍ਹਾਂ ਦੇ ਦਾਰਸ਼ਨਿਕ ਵਿਚਾਰਾਂ ਦਾ ਬੇੜਾ ਪਾਰ ਹੋਇਆ ਜਿਸ ਨਾਲ ਯੂਰਪ ਦੇ ਲੋਕਾਂ ਦਾ ਮੱਧਕਾਲੀ ਨਿਰਾਸ਼ਾ ਤੋਂ ਵੀ ਖਹਿੜਾ ਛੁੱਟਿਆ ਅਤੇ ਆਧੁਨਿਕ ਸਭਿਅਤਾ ਦੀਆਂ ਸ੍ਰੇਸ਼ਟ ਇਮਾਰਤਾਂ ਦਾ

ਨਿਰਮਾਣ ਸੰਭਵ ਹੋ ਸਕਿਆ। ਇਸਲਾਮ ਦੇ ਏਕੀਸ਼ਵਰਵਾਦ ਦੇ ਆਧਾਰ 'ਤੇ ਨਵੀਨ ਸਮਾਜਿਕ-ਰਾਜਨੀਤਕ ਢਾਂਚੇ ਦਾ ਨਿਰਮਾਣ ਸੰਭਵ ਹੋਇਆ। ਇਸਲਾਮ ਦੀ ਤਲਵਾਰ ਨੇ ਪ੍ਰਤੱਖ ਤੌਰ 'ਤੇ ਈਸ਼ਵਰ ਦੀ ਸੇਵਾ ਦੀ ਨਵੀਨ ਅਤੇ ਸਮਾਜਿਕ ਤਾਕਤ ਦੀ ਜਿੱਤ ਦਾ ਆਧਾਰ ਪੈਦਾ ਕੀਤਾ। ਇੱਕ ਨਵੀਨ ਬੌਧਿਕ ਜੀਵਨ ਦਾ ਆਰੰਭ ਹੋਇਆ ਜਿਸ ਨੇ ਸਾਰੇ ਪੁਰਾਤਨ ਧਰਮਾਂ ਅਤੇ ਵਿਸ਼ਵਾਸਾਂ ਦੀਆਂ ਕਬਰਾਂ ਤਿਆਰ ਕਰ ਦਿੱਤੀਆਂ।

ਇਸਲਾਮ ਦਾ ਆਰੰਭ ਇੱਕ ਧਾਰਮਿਕ ਅੰਦੋਲਨ ਤੋਂ ਵਧੇਰੇ ਇੱਕ ਰਾਜਸੀ ਅੰਦੋਲਨ ਵਜੋਂ ਹੋਇਆ। ਆਪਣੇ ਇਤਿਹਾਸ ਦੇ ਆਰੰਭਲੇ ਪੜਾਵਾਂ 'ਤੇ ਉਸਨੇ ਅਰਬ ਦੇ ਰੇਗਿਸਤਾਨ ਵਿੱਚ ਰਹਿਣ ਵਾਲੀਆਂ ਜਨਜਾਤੀਆਂ ਅਤੇ ਬੱਦੂ ਲੋਕਾਂ ਵਿੱਚ ਏਕਤਾ ਸਥਾਪਿਤ ਕੀਤੀ। ਉਸ ਟੀਚੇ ਦੇ ਪ੍ਰਾਪਤੀ ਤੋਂ ਬਾਅਦ ਰਾਜਨੀਤਕ ਅਤੇ ਧਾਰਮਿਕ ਏਕਤਾ ਦੇ ਸਿਧਾਂਤ ਦੇ ਝੰਡੇ ਥੱਲੇ ਰੋਮਨ ਸਾਮਰਾਜ ਦੇ ਏਸ਼ੀਆਈ ਅਤੇ ਅਫ਼ਰੀਕਨ ਰਾਜਾਂ ਨੂੰ ਲਿਆਂਦਾ ਅਤੇ ਉਨ੍ਹਾਂ ਵਿੱਚ ਪ੍ਰਚਲਿਤ ਪ੍ਰਾਚੀਨ ਸਮਾਜਿਕ ਵਿਵਸਥਾ ਨੂੰ ਤਬਾਹ ਕਰ ਦਿੱਤਾ। ਇਸ ਤੋਂ ਪਹਿਲਾਂ ਦਾ ਵਿਦਰੋਹ ਭ੍ਰਿਸ਼ਟ ਹੋ ਗਿਆ ਸੀ। ਈਸਾਈ ਧਰਮ ਨੇ ਆਪਣਾ ਆਰੰਭਲਾ ਕ੍ਰਾਂਤੀਕਾਰੀ ਸਰੂਪ ਛੱਡ ਦਿੱਤਾ ਸੀ ਅਤੇ ਉਹ ਸਮਾਜਿਕ ਤੌਰ 'ਤੇ ਵੀ ਮੱਠਵਾਦ ਦੇ ਸਿਧਾਂਤ ਵਿੱਚ ਫਸ ਗਿਆ ਸੀ ਤੇ ਦੂਜੇ ਪਾਸੇ ਪਤਨ ਵੱਲ ਵਧ ਰਹੇ ਸਾਮਰਾਜਾਂ ਦਾ ਆਦਰਸ਼-ਪਾਲਕ ਬਣ ਗਿਆ ਸੀ। ਪਰ ਸਮਾਜਿਕ ਸੰਕਟ ਨਿਰੰਤਰ ਬਣਿਆ ਰਿਹਾ ਅਤੇ ਈਸਾਈ ਧਰਮ ਦੇ ਪਤਨ ਨਾਲ ਸਗੋਂ ਹੋਰ ਵੀ ਗੰਭੀਰ ਹੋ ਗਿਆ। ਅਰਬ ਵਪਾਰੀਆਂ ਦੇ ਕਾਫ਼ਲਿਆਂ ਨੇ ਨਵੀਂ ਆਸ਼ਾ ਅਤੇ ਮੁਕਤੀ ਦਾ ਸੁਨੇਹਾ ਦਿੱਤਾ ਜੋ ਭ੍ਰਿਸ਼ਟ ਅਤੇ ਪਤਨਸ਼ੀਲ ਰੋਮਨ ਸਾਮਰਾਜ ਦੇ ਪ੍ਰਭਾਵ ਤੋਂ ਮੁਕਤ ਸਨ ਅਤੇ ਉਹ ਆਪਣੀ ਲਾਭਦਾਇਕ ਸਥਿਤੀ ਨਾਲ ਬਹੁਤ ਸਮਰਿੱਧ ਹੋ ਗਏ ਸਨ। ਇਸਲਾਮ ਦੇ ਵਿਦਰੋਹ ਨੇ ਮਨੁੱਖ ਜਾਤੀ ਨੂੰ ਪਤਨ ਵੱਲ ਜਾਣ ਤੋਂ ਇੱਕ ਤਰ੍ਹਾਂ ਬਚਾ ਲਿਆ ਸੀ।

ਇਸਲਾਮ ਦੇ ਇਤਿਹਾਸ ਦੇ ਪ੍ਰਸਿੱਧ ਵਿਸ਼ੇਸ਼ੱਗ ਇਤਿਹਾਸਕਾਰ 'ਓਕਲੇ' ਨੇ ਆਪਣੀ ਕਿਤਾਬ 'ਸਰਾਸਿਨਾਂ ਦਾ ਇਤਿਹਾਸ' ਵਿੱਚ ਹਜ਼ਰਤ ਮੁਹੰਮਦ ਦੇ ਟੀਚੇ ਦੇ ਸੰਬੰਧ ਵਿੱਚ ਲਿਖਿਆ ਹੈ ਕਿ :

> *"ਉਨ੍ਹਾਂ ਨੂੰ ਪੂਰਾ ਅਰਬ ਰਾਸ਼ਟਰ ਤੇਜ਼ੀ ਨਾਲ ਵਿਕਾਸ ਦੇ ਉਭਾਰ ਦੀ ਸਥਿਤੀ ਵਿੱਚ ਮਿਲਿਆ ਸੀ, ਜਿਸ ਵਿੱਚ ਗਿਆਨ ਅਤੇ ਸ਼ਕਤੀ ਪ੍ਰਾਪਤ ਕਰਨ ਦੀ ਤਿੱਖੀ ਲਾਲਸਾ ਜਾਗੀ ਹੋਈ ਸੀ। ਅਰਬ ਦੇ ਜਨ-ਸਾਧਾਰਣ ਵਿੱਚ ਪਾਈ ਜਾਂਦੀ ਉਤੇਜਨਾ ਨੇ ਹਜ਼ਰਤ ਮੁਹੰਮਦ ਦੇ ਟੀਚੇ ਨੂੰ ਪੈਦਾ ਕੀਤਾ ਸੀ ਅਤੇ ਕੁਝ ਹੋਰ ਮਸੀਹਿਆਂ ਨੂੰ ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਪੈਦਾ ਕਰ ਦਿੱਤਾ ਸੀ।*

ਜੋ ਲੋਕ ਇਸਲਾਮ ਦੇ ਇਤਿਹਾਸ ਦਾ ਜ਼ਿਕਰ ਸੰਖੇਪ ਵਿੱਚ ਇਹ ਕਹਿ ਕੇ ਕਰਦੇ ਹਨ ਕਿ ਉਹ ਧਰਮ ਵਿੱਚ ਅੰਨ੍ਹੇ ਹੋਏ ਸਮੂਹਾਂ ਦੀ ਨਾਟਕੀ ਮੁਹਿੰਮ ਸੀ, ਜਿਸ ਵਿੱਚ ਕੁਰਾਨ ਅਤੇ ਤਲਵਾਰ ਦੇ ਵਿਕਲਪ ਨਾਲ ਲੋਕਾਂ ਨੂੰ ਚਕਾਚੌਂਧ ਕਰ ਦਿੱਤਾ ਸੀ ਅਤੇ ਜੋ

'ਅੱਲਾ-ਹੂ-ਅਕਬਰ' ਦਾ ਨਾਅਰਾ ਲਗਾਉਂਦੇ ਸੀ, ਉਹ ਇਹ ਨਹੀਂ ਜਾਣਦੇ ਜਾਂ ਫਿਰ ਜਾਣ-ਬੁੱਝ ਕੇ ਇਹ ਤੱਥ ਨਜ਼ਰ ਅੰਦਾਜ਼ ਕਰ ਦਿੰਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਉੱਤਰ ਅਧਿਕਾਰੀਆਂ ਨੇ ਭੌਤਿਕ ਅਤੇ ਧਾਰਮਿਕ ਜਿੱਤਾਂ ਵਿਚ ਆਪਣੇ ਆਪ ਨੂੰ ਲਾਈ ਰੱਖਿਆ। ਉਹ ਉੱਤਰਅਧਿਕਾਰੀ ਅਲਾਰਿਕ, ਅੰਟੀਲਾ, ਜੇਨਸਰਿਕ, ਚੰਗੇਜ਼ ਜਾਂ ਤੈਮੂਰਲੰਗ ਦੇ ਮੁਕਾਬਲੇ ਵਧੇਰੇ ਸੱਭਿਅਕ ਅਤੇ ਮਨੁੱਖੀ ਗੁਣਾਂ ਨਾਲ ਭਰਪੂਰ ਸਨ। ਉਨ੍ਹਾਂ ਵਿੱਚ ਆਪਣੇ ਟੀਚੇ ਪ੍ਰਤੀ ਸਮਰਪਣ ਅਤੇ ਆਤਮਿਕ ਸ਼ੁੱਧਤਾ ਦੀ ਪਵਿੱਤਰਤਾ ਵੀ ਸੀ। ਉਨ੍ਹਾਂ ਦੇ ਸਮਰਪਣ ਨੂੰ ਭਾਵੇਂ ਅੰਧ ਵਿਸ਼ਵਾਸ ਤੋਂ ਤਾਕਤ ਮਿਲੀ ਹੋਵੇ, ਪਰ ਉਸ ਵਿੱਚ ਅਡੰਬਰ ਨਹੀਂ ਸੀ। ਉਨ੍ਹਾਂ ਦੀ ਕੱਟੜਤਾ ਉਦਾਰਤਾ ਅਤੇ ਸਧਾਰਣ ਗਿਆਨ ਕਰਕੇ ਵਧੇਰੇ ਕਠੋਰ ਹੋ ਗਈ। ਉਨ੍ਹਾਂ ਦੀਆਂ ਲਾਲਸਾਵਾਂ ਵਿੱਚ ਵੀ ਨਿੱਜੀ ਸਵਾਰਥ ਦੀ ਅਣਹੋਂਦ ਸੀ। ਰੱਬੀ ਪਿਆਰ ਉਨ੍ਹਾਂ ਲਈ ਆਪਣੇ ਲਾਲਚ ਨੂੰ ਲੁਕਾਉਣ ਦਾ ਪਾਖੰਡੀ ਉਛਾੜ ਨਹੀਂ ਸੀ।

ਇਤਿਹਾਸ ਵਿੱਚ ਅਜਿਹੇ ਲੋਕਾਂ ਦੀ ਵੀ ਵਧੇਰੇ ਗਿਣਤੀ ਨਹੀਂ ਮਿਲਦੀ ਜੋ ਪਹਿਲੇ ਖਲੀਫ਼ਾ ਅਬੂਬਕਰ ਨਾਲੋਂ ਜ਼ਿਆਦਾ ਭਾਵਨਾਵਾਦੀ, ਸਮਰਪਿਤ, ਈਮਾਨਦਾਰ ਅਤੇ ਸਨਿਮਰ ਹੋਣ। ਉਸਨੇ 'ਅੱਲਾਹ ਦੀ ਫੌਜ' ਨੂੰ ਚੇਤੇ ਰੱਖਣ ਯੋਗ ਹੁਕਮ ਦਿੱਤਾ ਸੀ; "ਈਮਾਨਦਾਰੀ ਰਹੋ, ਬੇਈਮਾਨ ਕਦੇ ਉਨਤੀ ਨਹੀਂ ਕਰ ਸਕਦਾ। ਬਹਾਦਰ ਬਣੋ, ਸਮਰਪਣ ਨਾਲੋਂ ਚੰਗਾ ਹੈ ਕਿ ਜੰਗ ਵਿੱਚ ਸ਼ਹਾਦਤ ਦੇ ਜਾਮ ਪੀ ਜਾਓ। ਦਿਆਲੂ ਬਣੋ, ਬੁੱਢਿਆਂ, ਤੀਵੀਆਂ ਅਤੇ ਬੱਚਿਆਂ ਦਾ ਕਦੇ ਕਤਲ ਨਾ ਕਰੋ। ਫਲਦਾਰ ਰੁੱਖਾਂ ਨੂੰ, ਅਨਾਜ ਅਤੇ ਪਸ਼ੂਆਂ ਨੂੰ ਤਬਾਹ ਨਾ ਕਰੋ। ਦੁਸ਼ਮਣ ਨੂੰ ਦਿੱਤੇ ਆਪਣੇ ਵਚਨ ਦੀ ਪਾਲਣਾ ਕਰੋ। ਜਿਹੜੇ ਲੋਕ ਸੰਸਾਰ ਤੋਂ ਵਿਰੱਕਤ ਹਨ, ਉਨ੍ਹਾਂ ਨੂੰ ਕਦੇ ਨਾ ਸਤਾਓ।" ਅੱਲਾਹ ਦੀ ਫੌਜ ਦੇ ਸੈਨਾਪਤੀਆਂ ਨੇ ਆਪਣੇ ਖਲੀਫ਼ਾ ਦੇ ਇਨ੍ਹਾਂ ਹੁਕਮਾਂ ਨੂੰ ਈਮਾਨਦਾਰੀ ਨਾਲ ਮੰਨਿਆ ਅਤੇ ਸੱਚੇ ਪੈਰੋਕਾਰਾਂ ਵਾਂਗ ਉਸਦਾ ਆਦਰ ਕੀਤਾ।

ਹਰ ਜਗ੍ਹਾ ਸਰਾਸੈਨੀ (ਅਰਬ) ਹਮਲਾਵਰਾਂ ਦਾ ਦੱਬੇ ਹੋਏ, ਪੀੜਤ ਅਤੇ ਬੇਜ਼ੈਨਟਾਈਨ ਸਾਮਰਾਜ ਦੇ ਭ੍ਰਿਸ਼ਟਾਚਾਰ ਤੋਂ ਦੁਖੀ ਲੋਕਾਂ ਨੇ ਮੁਕਤੀਦਾਤਾ ਦੇ ਰੂਪ ਵਿੱਚ ਸਵਾਗਤ ਕੀਤਾ। ਫ਼ਾਰਸ ਦੇ ਨਿਰੰਕੁਸ਼ ਸ਼ਾਸਕਾਂ ਅਤੇ ਈਸਾਈ ਅੰਧ-ਵਿਸ਼ਵਾਸਾਂ ਤੋਂ ਦੁਖੀ ਲੋਕ ਉਮੀਦ ਨਾਲ ਇਸਲਾਮ ਵੱਲ ਦੇਖਣ ਲੱਗੇ। ਹਜ਼ਰਤ ਮੁਹੰਮਦ ਦੀਆਂ ਇਨਕਲਾਬੀ ਸਿੱਖਿਆਵਾਂ ਦਾ ਸਖਤੀ ਨਾਲ ਪਾਲਣ ਕਰਦਿਆਂ ਇਨ੍ਹਾਂ ਫੌਜਾਂ ਨੇ ਆਪਣੇ ਖਲੀਫ਼ਿਆਂ ਦੇ ਹੁਕਮਾਂ ਦੀ ਪਾਲਣਾ ਕੀਤੀ ਜੋ ਹੁਕਮ ਵਧੇਰੇ ਵਿਹਾਰਕ, ਉਦਾਰ ਅਤੇ ਮਿੱਤਰਤਾਪੂਰਨ ਹਮਦਰਦੀ ਨਾਲ ਭਰਪੂਰ ਸਨ। ਸਰਾਸੈਨੀ ਹਮਲਾਵਰਾਂ ਨੂੰ ਇਸੇ ਲਈ ਹਾਰੇ ਹੋਏ ਲੋਕਾਂ ਦੀ ਹਮਦਰਦੀ ਅਤੇ ਸਮਰਥਨ ਪ੍ਰਾਪਤ ਹੋਇਆ। ਕੋਈ ਵੀ ਜੇਤੂ ਹਾਰੇ ਹੋਏ ਲੋਕਾਂ ਉੱਪਰ ਤਦ ਤੱਕ ਆਪਣਾ ਸਥਾਈ ਪ੍ਰਭਾਵ ਨਹੀਂ ਪਾ ਸਕਦਾ ਜਦ ਤਕ ਕਿ ਹਾਰੇ ਹੋਏ ਲੋਕਾਂ ਦਾ ਜੀਵੰਤ ਸਹਿਯੋਗ ਨਾ ਮਿਲੇ ਤੇ ਉਨ੍ਹਾਂ ਵਿੱਚ ਸਹਿਨਸ਼ੀਲਤਾ ਨਾ ਹੋਵੇ।

ਦੂਸਰਾ ਖ਼ਲੀਫ਼ਾ ਸੀ 'ਉਮਰ', ਜਿਸਦੀ ਘੋੜ ਸਵਾਰ ਸੈਨਾ ਨੇ ਫ਼ਾਰਸ ਦੇ ਸਾਮਰਾਜ ਉੱਪਰ ਜਿੱਤ ਪ੍ਰਾਪਤ ਕੀਤੀ ਅਤੇ ਇੱਕ ਪਾਸੇ ਉਸਦਾ ਅਧਿਕਾਰ ਓਕਸਸ ਨਦੀ ਦੇ ਤੱਟ 'ਤੇ ਸੀ ਤਾਂ ਦੂਜੇ ਪਾਸੇ ਉਸ ਨੇ ਰੋਮਨ ਸਾਮਰਾਜ ਦੇ ਪ੍ਰਸਿੱਧ ਨਗਰ ਸਿਕੰਦਰੀਆਂ 'ਤੇ ਕਬਜ਼ਾ ਕਰ ਲਿਆ। ਉਸ ਨੇ ਯੇਰੂਸ਼ਲਮ ਉੱਪਰ ਕਬਜ਼ੇ ਸਮੇਂ ਖੁਦ ਊਠ 'ਤੇ ਸਵਾਰ ਹੋ ਕੇ ਸੈਨਾਵਾਂ ਦਾ ਸਾਥ ਦਿੱਤਾ। ਉਸਦੀ ਸੈਨਾ ਦਾ ਬਹੁਤ ਸਾਰਾ ਸਾਜ਼ੋ-ਸਮਾਨ ਅਤੇ ਰਸਦ-ਪਾਣੀ ਊਠਾਂ 'ਤੇ ਲੱਦ ਕੇ ਹੀ ਉਥੇ ਪੁਚਾਇਆ ਗਿਆ ਸੀ। ਖ਼ਵਾਜਾ ਉਮਰ ਕੋਲ ਉਸ ਵੇਲੇ ਮੋਟੇ ਉੱਨ ਦਾ ਬਣਿਆ ਇੱਕ ਤੰਬੂ ਸੀ, ਇੱਕ ਬੋਰੇ ਵਿੱਚ ਅਨਾਜ ਅਤੇ ਦੂਜੇ ਬੋਰੇ ਵਿੱਚ ਖ਼ਜੂਰਾਂ ਸਨ। ਇੱਕ ਛੋਟੀ ਜਿਹੀ ਮਸ਼ਕ ਊਠ ਨਾਲ ਬੰਨ੍ਹੀ ਹੋਈ ਸੀ, ਜਿਸ ਨਾਲ ਪਾਣੀ ਟੰਗਿਆ ਹੋਇਆ ਸੀ। ਇਤਿਹਾਸਕਾਰ ਗਿੱਬਨ ਨੇ ਅਰਬ ਦੇ ਇਸ ਖ਼ਲੀਫ਼ੇ ਦੀ ਸਾਦਗੀ, ਨਿਆਂ-ਪ੍ਰੇਮ ਅਤੇ ਸੱਚਾਈਪ੍ਰਸਤ ਹੋਣ ਕਰਕੇ ਪ੍ਰਸ਼ੰਸਾ ਕੀਤੀ ਹੈ ਜਿਸ ਨੇ ਫ਼ਾਰਸ, ਮੈਸੋਪਟਾਮੀਆ, ਸੀਰੀਆ, ਫ਼ਲਸਤੀਨ ਅਤੇ ਮਿਸਰ 'ਤੇ ਜਿੱਤ ਪ੍ਰਾਪਤ ਕੀਤੀ ਸੀ। ਉਸ ਨੇ ਲਿਖਿਆ ਹੈ, "ਉਹ ਜਿੱਥੇ ਕਿਤੇ ਵੀ ਡੇਰਾ ਲਾਉਂਦੇ, ਬਿਨਾਂ ਕਿਸੇ ਭੇਦਭਾਵ ਦੇ ਲੋਕਾਂ ਨੂੰ ਕੋਲ ਬੁਲਾਉਂਦੇ, ਉਨ੍ਹਾਂ ਨਾਲ ਨਮਾਜ਼ ਅਦਾ ਕਰਦੇ ਤੇ ਉਸ ਤੋਂ ਬਾਅਦ ਆਪਣੀ ਫੌਜ ਦੇ ਸਿਪਾਹੀਆਂ ਨੂੰ ਆਪਣੇ ਭਾਵ ਤੇ ਸਲੀਕੇ ਪੂਰਨ ਭਾਸ਼ਣ ਨਾਲ ਉਤਸ਼ਾਹਿਤ ਕਰਦੇ ਸਨ। ਆਪਣੀਆਂ ਮੁਹਿੰਮਾਂ ਅਤੇ ਤੀਰਥ ਯਾਤਰਾਵਾਂ ਵਿੱਚ ਉਹ ਨਿਆਂਪੂਰਨ ਪ੍ਰਸ਼ਾਸਨ ਲਈ ਆਪਣੀ ਸੱਤਾ ਦਾ ਪ੍ਰਯੋਗ ਕਰਦੇ ਸਨ। ਉਨ੍ਹਾਂ ਨੇ ਅਰਬ ਦੇ ਲੋਕਾਂ ਵਿੱਚ ਪਾਈ ਜਾਂਦੀ ਬਹੁਪਤਨੀਵਾਦ ਦੀ ਪ੍ਰਥਾ ਨੂੰ ਖ਼ਤਮ ਕੀਤਾ ਅਤੇ ਆਪਣੇ ਅਧੀਨ ਖੇਤਰਾਂ ਵਿੱਚੋਂ ਜ਼ਾਲਮਾਨਾ ਤੇ ਨਿਰਦਈ ਲੁੱਟ ਮਾਰ ਕਰਨ ਦੀ ਰਵਾਇਤ ਸਮਾਪਤ ਕੀਤੀ। ਉਨ੍ਹਾਂ ਨੇ ਸਰਾਸੈਨੀ ਲੋਕਾਂ ਦੀ ਅੱਯਾਸ਼ੀ ਉੱਪਰ ਰੋਕ ਲਗਾਈ ਅਤੇ ਉਨ੍ਹਾਂ ਕੋਲ ਇੱਕੋ-ਇੱਕ ਕੀਮਤੀ ਰੇਸ਼ਮੀ ਕੱਪੜਾ ਲੈ ਕੇ ਉਨ੍ਹਾਂ ਲੋਕਾਂ ਦੇ ਸਾਹਮਣੇ ਹੀ ਮਿੱਟੀ ਵਿੱਚ ਸੁੱਟ ਦਿੱਤਾ।

(The Decline and Fall of Roman), Empire-Gibben)

ਖ਼ਾਲਿਦ, ਜਿਸ ਨੂੰ ਹਜ਼ਰਤ ਮੁਹੰਮਦ ਸਾਹਿਬ 'ਅੱਲ੍ਹਾ ਦੀ ਤਲਵਾਰ' ਨਾਮ ਨਾਲ ਬੁਲਾਉਂਦੇ ਸਨ, ਅਰਬ ਸੈਨਾ ਦਾ ਮਹਾਨ ਸੂਰਮਾ ਸੀ। ਉਸ ਨੇ ਆਪਣੀ ਬਹਾਦਰੀ ਨਾਲ ਅਰਬ ਨੂੰ ਇੱਕ-ਛੱਤਰ ਰਾਜ ਵਿੱਚ ਪਰੋਇਆ ਅਤੇ ਮੈਸੋਪਟਾਮੀਆ ਅਤੇ ਸੀਰੀਆ ਨੂੰ ਇਸਲਾਮ ਦੇ ਝੰਡੇ ਥੱਲੇ ਲੈ ਆਂਦਾ। ਮਰਦੇ ਸਮੇਂ ਉਸ ਕੋਲ ਸਿਰਫ਼ ਇੱਕ ਘੋੜਾ, ਆਪਣੇ ਹਥਿਆਰ ਤੇ ਇੱਕ ਸੇਵਾਦਾਰ ਸੀ। ਉਸ ਸੂਰਮੇ ਨੇ ਆਪਣੀ ਜਵਾਨੀ ਵਿੱਚ ਹੀ ਇਹ ਐਲਾਨ ਕੀਤਾ ਸੀ ਕਿ ਸੀਰੀਆ ਦੇ ਸਵਾਦੀ ਭੋਜਨਾਂ ਅਤੇ ਸੰਸਾਰਕ ਸੁੱਖਾਂ ਦੇ ਕਾਰਨ ਨਹੀਂ ਬਲਕਿ ਦੀਨ ਲਈ, ਆਪਣੀ ਖ਼ੁਦਾ ਅਤੇ ਆਪਣੇ ਰਸੂਲ ਲਈ ਮੈਂ ਆਪਣੇ ਜੀਵਨ ਨੂੰ ਅਰਪਿਤ ਕੀਤਾ ਹੈ।

(ਅਬਦੁਲ ਫ਼ਿਦਾ ਨਾਂ ਦੇ ਇਤਿਹਾਸਕਾਰ ਵਲੋਂ ਵਰਣਿਤ)

ਮਿਸਰ ਨੂੰ ਜਿੱਤਣ ਵਾਲਾ ਓਮਰੂ ਆਪਣੀ ਬਹਾਦਰੀ ਅਤੇ ਦਲੇਰੀ ਦੇ ਨਾਲ-

ਨਾਲ ਖ਼ੁਦ ਇੱਕ ਕਵੀ ਵੀ ਸੀ। ਉਸਨੇ ਖਲੀਫ਼ਾ ਉਮਰ ਨੂੰ ਜੋ ਰਿਪੋਰਟ ਭੇਜੀ ਉਸ ਵਿੱਚ ਇਕ ਜਗ੍ਹਾ ਕਿਹਾ ਗਿਆ ਹੈ ਕਿ, "ਇਸ ਦੇਸ਼ ਦੇ ਪਸ਼ੂ ਪਾਲਕਾਂ ਹੀ ਜੋ ਜ਼ਮੀਨ ਦੀ ਸਤਹ ਨੂੰ ਕਾਲਾ ਕਰੀ ਰੱਖਦੇ ਹਨ, ਦੀ ਤੁਲਨਾ ਮਿਹਨਤੀ ਕੀੜੀਆਂ ਦੇ ਸਮੂਹ ਨਾਲ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਦੇ ਆਲਸ ਨੂੰ ਉਨ੍ਹਾਂ ਦੇ ਮਾਲਕਾਂ ਦੇ ਛਾਂਟਿਆਂ ਨਾਲ ਦੂਰ ਕੀਤਾ ਜਾਂਦਾ ਹੈ। ਪਰ ਉਹ ਲੋਕ ਜੋ ਸੰਪਤੀ ਜਾਂ ਧਨ ਦਾ ਉਤਪਾਦਨ ਕਰਦੇ ਹਨ ਉਸ ਦੀ ਵੰਡ ਮਜ਼ਦੂਰਾਂ ਅਤੇ ਮਾਲਿਕਾਂ ਵਿਚਕਾਰ ਸਮਾਨ ਰੂਪ ਵਿੱਚ ਨਹੀਂ ਕੀਤੀ ਜਾਂਦੀ।" ਇਹ ਦ੍ਰਿਸ਼ਟੀਕੋਣ ਆਪਣੇ ਸਮੇਂ ਤੋਂ ਬਹੁਤ ਅੱਗੇ ਦਾ ਸੀ। ਸਾਰੇ ਦੇਸ਼ਾਂ ਦੀਆਂ ਪੁਰਾਤਨ ਸੱਭਿਅਤਾਵਾਂ ਵਿੱਚ ਸਮਾਜਿਕ ਨਿਆਂ ਦਾ ਵਿਚਾਰ ਨਹੀਂ ਸੀ। ਮਿਹਨਤੀ ਲੋਕ ਗ਼ੁਲਾਮ ਜਾਂ ਸ਼ੂਦਰ ਕਹੇ ਜਾਂਦੇ ਸਨ ਅਤੇ ਉਹ ਨਫ਼ਰਤ ਤੇ ਘਿਰਣਾ ਦੇ ਪਾਤਰ ਬਣਦੇ ਸਨ ਤੇ ਉਨ੍ਹਾਂ ਦਾ ਸ਼ੋਸ਼ਣ ਹੁੰਦਾ ਸੀ। ਉਨ੍ਹਾਂ ਲੋਕਾਂ ਨੂੰ ਮਨੁੱਖ ਵੀ ਨਹੀਂ ਸੀ ਸਮਝਿਆ ਜਾਂਦਾ। ਪਹਿਲੇ ਖਲੀਫ਼ੇ ਨੇ ਜਿਨ੍ਹਾਂ ਆਰਥਿਕ ਸਿਧਾਂਤਾਂ ਨੂੰ ਆਪਣੇ ਨਿਰਦੇਸ਼ਾਂ ਵਿੱਚ ਸ਼ਾਮਿਲ ਕੀਤਾ ਸੀ, ਉਨ੍ਹਾਂ ਵਿੱਚ ਅਰਬ ਵਪਾਰੀਆਂ ਦੇ ਹਿੱਤਾਂ ਦੇ ਆਧਾਰ 'ਤੇ ਪੁਰਾਣੇ ਸਮਾਜਿਕ ਵਿਚਾਰਾਂ ਵਿੱਚ ਨਵੇਂ ਕ੍ਰਾਂਤੀਕਾਰੀ ਪਰਿਵਰਤਨ ਕੀਤੇ ਗਏ ਸਨ। ਉਸ ਵਿਚ ਕਿਹਾ ਗਿਆ ਸੀ ਕਿ ਜਦ ਮਿਹਨਤਕਸ਼ ਜਨਤਾ ਦੀ ਮਿਹਨਤ ਦੀ ਕਮਾਈ ਉਨ੍ਹਾਂ ਦੇ ਕੋਲ ਰਹੇਗੀ ਤਾਂ ਇਸ ਨਾਲ ਵਪਾਰ ਵਧੇਗਾ। ਇਸ ਦੇ ਨਾਲ ਹੀ ਪਹਿਲੇ ਖਲੀਫ਼ਾ ਨੇ 'ਫਰੋਹਾਂ' ਅਤੇ 'ਪਟੋਲਮੀ' ਲੋਕਾਂ ਦੇ ਰਾਜ-ਕਾਜ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਅਰਬ ਦੀ ਜਿੱਤ ਤੋਂ ਬਾਅਦ ਆਪਣੇ ਸੈਨਾਪਤੀਆਂ ਨੂੰ ਅਜਿਹੀਆਂ ਨਾਬਰਾਬਰੀਆਂ ਖ਼ਤਮ ਕਰਨ ਦਾ ਹੁਕਮ ਦਿੱਤਾ ਸੀ ਕਿਉਂਕਿ ਇਨ੍ਹਾਂ ਅਸਮਾਨਤਾਵਾਂ ਨਾਲ ਉਸਦੇ ਕਵੀ ਦਿਲ ਨੂੰ ਸੱਟ ਪਹੁੰਚਦੀ ਸੀ। ਯੂਨਾਨੀਆਂ ਅਤੇ ਰੋਮ ਦੇ ਸ਼ਾਸਕਾਂ ਨੇ ਕਈ ਸਦੀਆਂ ਮਿਸਰ ਨੂੰ ਲੁੱਟਿਆ ਸੀ ਪਰ ਅਰਬਾਂ ਦੇ ਅਧਿਕਾਰ ਤੋਂ ਬਾਅਦ ਉਥੇ ਖੁਸ਼ਹਾਲੀ ਪਹੁੰਚੀ ਸੀ।

ਇਨ੍ਹਾਂ ਗੱਲਾਂ ਦੇ ਸਬੂਤਾਂ ਦੀ ਕੋਈ ਕਮੀ ਨਹੀਂ ਹੈ ਕਿ ਜਦ ਸਰਾਸੈਨੀ ਸੈਨਾਵਾਂ ਦੇ ਅਰਬ ਯੋਧਿਆਂ ਨੇ ਆਪਣੀ ਸੂਰਮਗਤੀ ਨਾਲ ਇਨ੍ਹਾਂ ਲੋਕਾਂ ਨੂੰ ਹਰਾ ਦਿੱਤਾ ਤੇ ਉਨ੍ਹਾਂ 'ਤੇ ਆਪਣਾ ਅਧਿਕਾਰ ਸਥਾਪਿਤ ਕਰ ਲਿਆ ਤਾਂ ਉਸ ਦੌਰ ਵਿੱਚ ਵੀ ਉਨ੍ਹਾਂ ਦਾ ਵਿਹਾਰ ਜਾਂਗਲੀ ਹੱਤਿਆਰਿਆਂ ਅਤੇ ਲੁਟੇਰਿਆਂ ਵਰਗਾ ਨਹੀਂ ਸੀ, ਜਿਹੜੇ ਆਪਣੇ ਹਮਲੇ ਤੋਂ ਬਾਦ ਔਰਤਾਂ ਨਾਲ ਦੁਰਵਿਹਾਰ, ਕਤਲ ਅਤੇ ਤਬਾਹੀ ਨੂੰ ਧਰਮ ਦੇ ਨਾਂਅ 'ਤੇ ਕਰਿਆ ਕਰਦੇ ਸਨ। ਇਸਦੇ ਨਾਲ ਹੀ ਉਨ੍ਹਾਂ ਦੀਆਂ ਜਿੱਤਾਂ ਦਾ ਦੌਰ ਥੋੜ੍ਹਾ ਸਮਾਂ ਹੀ ਚੱਲਿਆ ਅਤੇ ਖ਼ਲੀਫ਼ਿਆਂ ਦੀ ਸੁਰੱਖਿਆ, ਗਿਆਨ ਅਤੇ ਸੰਸਕ੍ਰਿਤੀ ਦੇ ਪ੍ਰਸਾਰ ਦਾ ਲੰਮਾ ਯੁੱਗ ਆਰੰਭ ਹੋਇਆ ਅਤੇ ਉਨ੍ਹਾਂ ਦੇ ਅਧੀਨ ਸਾਰੇ ਸੁਤੰਤਰ ਰਾਜਾਂ ਵਿੱਚ ਇਹੀ ਗੱਲ ਫੈਲੀ। ਬਗ਼ਦਾਦ ਵਿੱਚ ਅੱਬਾਸੀਆਂ ਦੀ ਹਕੂਮਤ ਕਾਇਮ ਹੋਣ ਤੋਂ ਬਾਅਦ ਜੰਗ ਦਾ ਦੌਰ ਖ਼ਤਮ ਹੋ ਗਿਆ ਅਤੇ ਬਗ਼ਦਾਦ ਨੂੰ ਸ਼ਾਂਤੀ ਦਾ ਨਗਰ ਬਣਾਇਆ ਗਿਆ। ਉਸ ਤੋਂ ਬਾਅਦ ਅਰਬੀ ਸੈਨਾਵਾਂ ਦੇ ਕੰਮਕਾਰ ਸੁਰੱਖਿਆਤਮਕ ਸਨ ਤੇ ਦੂਰ-ਦੁਰਾਡੇ ਦੇ

ਰਾਜਾਂ 'ਤੇ ਹੀ ਉਨ੍ਹਾਂ ਦੇ ਹਮਲੇ ਹੁੰਦੇ ਸਨ।

ਸਰਾਸੈਨੀ ਸੂਰਮਿਆਂ ਦਾ ਜੇਤੂ ਉਤਸ਼ਾਹ ਸਮਾਂ ਬੀਤਣ ਅਤੇ ਖੁਸ਼ਹਾਲੀ ਹਾਸਲ ਕਰਨ ਤੋਂ ਬਾਅਦ ਨਰਮ ਪੈ ਗਿਆ। ਉਨ੍ਹਾਂ ਲੋਕਾਂ ਨੇ ਜੰਗਾਂ ਰਾਹੀਂ ਧਨ ਇਕੱਤਰ ਕਰਨ ਦੀ ਥਾਂ ਵਪਾਰ ਅਤੇ ਉਦਯੋਗਾਂ ਰਾਹੀਂ ਧਨ ਇਕੱਤਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਜੰਗ ਦੇ ਮੈਦਾਨਾਂ ਵਿੱਚ ਪ੍ਰਸਿੱਧੀ ਹਾਸਲ ਕਰਨ ਦੀ ਬਜਾਇ ਵਿਗਿਆਨ ਅਤੇ ਸਾਹਿਤ ਰਾਹੀਂ ਆਪਣੀ ਕੀਰਤੀ ਨੂੰ ਵਧਾਇਆ। ਉਨ੍ਹਾਂ ਵਿੱਚ ਇਕ ਈਸ਼ਵਰ ਦੀ ਮਹਿਜ਼ ਕੱਟੜ ਸਾਧਨਾ ਰਾਹੀਂ ਹੀ ਨਹੀਂ ਸਗੋਂ ਸਮਾਜਿਕ ਅਤੇ ਪਰਿਵਾਰਕ ਜੀਵਨ ਤੋਂ ਵੀ ਆਨੰਦ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋਈ। ਹੁਣ ਉਨ੍ਹਾਂ ਵਿੱਚ ਉਸ ਯੁੱਧ ਦਾ ਕੋਈ ਚਾਅ ਨਹੀਂ ਸੀ ਰਹਿ ਗਿਆ ਜਿਸ ਲਈ ਅਰਬ ਦੇ ਯੋਧੇ ਜਾਣੇ ਜਾਂਦੇ ਸਨ। ਇਸਦਾ ਕਾਰਨ ਇਹ ਸੀ ਕਿ ਉਹ ਸੰਸਾਰ ਵਿੱਚ ਸ਼ਾਂਤੀ ਸਥਾਪਤ ਕਰਨ ਅਤੇ ਸ਼ਾਂਤ ਸੰਸਾਰ ਦੀ ਰੱਖਿਆ ਲਈ ਦਿਲਚਸਪੀ ਲੈਣ ਲੱਗੇ ਸਨ ਜੋ ਉਨ੍ਹਾਂ ਦੇ ਪੂਰਵਜਾਂ ਨੇ ਸਥਾਪਤ ਕੀਤੀ ਸੀ। ਅਰਬ ਲੋਕਾਂ ਦੇ ਪੂਰਵਜ ਅਬੂਬਕਰ ਅਤੇ ਉਮਰ ਦੇ ਝੰਡਿਆਂ ਥੱਲੇ ਇਕੱਠੇ ਹੋਏ ਸਨ। ਉਨ੍ਹਾਂ ਨੂੰ ਇਹ ਯਕੀਨ ਸੀ ਕਿ ਧਰਮਯੁੱਧਾਂ ਵਿੱਚ ਸ਼ਹਾਦਤ ਉਨ੍ਹਾਂ ਨੂੰ ਸਵਰਗ ਦਿਵਾਏਗੀ ਅਤੇ ਜਿੱਤ ਹੋਣ ਦੀ ਹਾਲਤ ਵਿੱਚ ਉਨ੍ਹਾਂ ਨੂੰ ਸੰਸਾਰਕ ਧਨ ਅਤੇ ਸੰਪਤੀ ਪ੍ਰਾਪਤ ਹੋਵੇਗੀ। ਪਰ ਉਨ੍ਹਾਂ ਪੂਰਵਜ ਯੋਧਿਆਂ ਦੀਆਂ ਸੰਤਾਨਾਂ ਨੂੰ ਵਪਾਰ ਅਤੇ ਉਦਯੋਗ ਵਿੱਚ ਵਧੇਰੇ ਸੰਤੋਖ ਮਿਲਦਾ ਸੀ।

ਤਿੰਨ ਸੌ ਵਰ੍ਹਿਆਂ ਦੀ ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਦੇ ਯੁੱਗ ਵਿੱਚ ਵੀਰਤਾ ਦੇ ਲੱਛਣਾਂ ਵਿੱਚ ਜੋ ਕਮੀ ਆਈ ਸੀ ਉਹ ਈਸਾਈਆਂ ਦੇ ਅਖੌਤੀ ਧਰਮਯੁੱਧ ਦੇ ਹਮਲਿਆਂ ਨਾਲ ਦੁਬਾਰਾ ਜਾਗਰਿਤ ਹੋਈ। ਜਦ ਮੁਸਲਮਾਨ ਸੈਨਿਕਾਂ ਵਿੱਚ ਜਾਂਗਲੀ ਮੱਧ ਏਸ਼ੀਆਈ ਮੰਗੋਲ ਸੈਨਿਕਾਂ ਦੀ ਸੰਖਿਆ ਸਰਾਸੈਨੀ ਸੈਨਿਕਾਂ ਨਾਲੋਂ ਵਧ ਗਈ ਤਾਂ ਮੁਸਲਮਾਨਾਂ ਦੀਆਂ ਜਿੱਤਾਂ ਵਿੱਚ ਲੁੱਟਮਾਰ, ਅੱਤਿਆਚਾਰ ਅਤੇ ਦਮਨ ਵਧਣ ਲੱਗਾ। ਅਰਬ ਲੋਕਾਂ ਦੀ ਵਿਦਵਤਾ ਅਤੇ ਸੰਸਕ੍ਰਿਤੀ ਸ਼ਾਸਕਾਂ ਦੇ ਦਰਬਾਰਾਂ ਦੇ ਅੱਯਾਸ਼ੀਪੂਰਨ ਜੀਵਨ ਦੇ ਪ੍ਰਭਾਵ ਨਾਲ ਤਬਾਹ ਹੋ ਗਈ ਅਤੇ ਇਸਲਾਮ ਦੇ ਮਾਣਮੱਤੇ ਸਵੈਮਾਨ ਦਾ ਕ੍ਰਾਂਤੀਕਾਰੀ ਰੂਪ ਨਸ਼ਟ ਹੋ ਗਿਆ ਅਤੇ ਇਸਲਾਮ ਦੇ ਨਾਮ 'ਤੇ ਤੁਰਕ ਅਤੇ ਤਾਤਾਰੀ ਸੈਨਿਕਾਂ ਦੀਆਂ ਬਦਕਰਤੂਤਾਂ ਦਾ ਬੋਲਬਾਲਾ ਹੋ ਗਿਆ।

ਇਸਲਾਮ ਦੇ ਇਤਿਹਾਸ ਨੂੰ ਸਿਰਫ਼ ਯੁੱਧਵਾਦ ਦੇ ਰੂਪ ਵਿੱਚ ਸਮਝਣਾ ਇਕਦਮ ਗ਼ਲਤ ਗੱਲ ਹੈ। ਹਜ਼ਰਤ ਮੁਹੰਮਦ ਸਿਰਫ਼ ਸਰਾਸੈਨੀ ਸੈਨਾਵਾਂ ਦੇ ਹੀ ਰਸੂਲ/ਮਸੀਹਾ ਨਹੀਂ ਸਨ ਸਗੋਂ ਉਹ ਅਰਬ ਵਪਾਰੀਆਂ ਦੇ ਵੀ ਰਸੂਲ ਸਨ। ਉਨ੍ਹਾਂ ਦੇ ਧਰਮ ਦਾ ਜੋ ਨਾਮਕਰਨ ਹੈ ਉਸ ਤੋਂ ਉਸਦੇ ਟੀਚੇ ਸੰਬੰਧੀ ਪ੍ਰਚੱਲਿਤ ਧਾਰਨਾ ਦਾ ਖੰਡਨ ਹੁੰਦਾ ਹੈ। ਸ਼ਾਬਦਿਕ ਤੌਰ 'ਤੇ ਇਸਲਾਮ ਦਾ ਅਰਥ ਸ਼ਾਂਤੀ ਹੈ, ਉਸਦਾ ਟੀਚਾ ਅੱਲਾਹ ਨਾਲ ਸ਼ਾਂਤ ਸੰਬੰਧ ਸਥਾਪਿਤ ਕਰਨਾ ਹੈ ਤੇ ਉਸਦੀ ਭਾਵਨਾ ਨਾਲ ਇਕ-ਮਿਕ ਹੋਣਾ ਹੈ। ਇਸਲਾਮ ਨੇ ਮੂਰਤੀਆਂ ਨੂੰ ਧੋਖੇ ਨਾਲ ਈਸ਼ਵਰ ਦੀ ਭਾਵਨਾ ਸਮਝਣ ਦਾ ਖੰਡਨ ਕੀਤਾ ਕਿਉਂਕਿ

ਉਨ੍ਹਾਂ ਵਲੋਂ ਮਨੁੱਖ ਦੀ ਭਗਤੀ ਭਾਵਨਾ ਉੱਪਰ ਏਕਅਧਿਕਾਰ ਸਥਾਪਿਤ ਕਰ ਲਿਆ ਗਿਆ ਸੀ। ਇਸਲਾਮ ਦਾ ਟੀਚਾ ਅਰਬ-ਏਕਤਾ ਸਥਾਪਿਤ ਕਰਕੇ ਸੰਸਾਰ ਵਿੱਚ ਸ਼ਾਂਤੀ ਸਥਾਪਿਤ ਕਰਨਾ ਸੀ। ਉਸ ਲਈ ਸੰਸਾਰ ਵਿੱਚ ਸ਼ਾਂਤੀ ਦਾ ਤਤਕਾਲੀ ਮਹੱਤਵ ਸੀ ਅਤੇ ਉਸਦੇ ਫਲ ਦਾ ਵਧੇਰੇ ਮਹੱਤਵ ਸੀ। ਅਰਬ ਵਪਾਰੀਆਂ ਦੇ ਪਦਾਰਥਕ ਹਿੱਤਾਂ ਲਈ ਵੀ ਇਹ ਲਾਭਕਾਰੀ ਸੀ ਕਿਉਂਕਿ ਸ਼ਾਂਤੀ ਵਿੱਚ ਹੀ ਵਪਾਰਕ ਪ੍ਰਸਾਰ ਸੰਭਵ ਸੀ। ਕਮਜ਼ੋਰ ਰਾਜਾਂ ਅਤੇ ਪਤਿਤ ਧਰਮਾਂ ਵਿੱਚ ਅਜਿਹੇ ਕੀਟਾਣੂ ਫੈਲੇ ਹੋਏ ਸਨ ਜਿਨ੍ਹਾਂ ਕਾਰਨ ਨਿਰੰਤਰ ਵਿਦਰੋਹ ਅਤੇ ਜੰਗ ਹੁੰਦੇ ਰਹਿੰਦੇ ਸਨ। ਸ਼ਾਂਤੀ ਦੀ ਸਥਾਪਤੀ ਲਈ ਇਨ੍ਹਾਂ ਕਾਰਨਾਂ ਨੂੰ ਖਤਮ ਕਰਨਾ ਲਾਜ਼ਮੀ ਸੀ। ਹਜ਼ਰਤ ਮੁਹੰਮਦ ਦੇ ਧਰਮ ਨੇ ਅਰਬ ਵਿੱਚ ਸ਼ਾਂਤੀ ਕਾਇਮ ਕੀਤੀ ਅਤੇ ਅਰਬ ਦੇ ਸਰਾਸੈਨੀ ਸੂਰਮਿਆਂ ਦੀ ਬਹਾਦਰੀ ਅਤੇ ਦਲੇਰੀ ਨਾਲ ਸਮਰਕੰਦ ਤੋਂ ਸਪੇਨ ਤੱਕ ਅਰਬ ਸਾਮਰਾਜ ਸਥਾਪਤ ਹੋ ਗਿਆ।

ਜਿਵੇਂ ਹੀ ਅਰਬ ਲੋਕਾਂ ਦਾ ਦੇਸ਼ਾਂ ਉੱਪਰ ਅਧਿਕਾਰ ਸਥਾਪਿਤ ਹੋਇਆ, ਉਨ੍ਹਾਂ ਦੇ ਆਰਥਿਕ ਜੀਵਨ ਵਿੱਚ ਉਦਯੋਗ ਅਤੇ ਖੇਤੀਬਾੜੀ ਨੂੰ ਉਤਸ਼ਾਹਿਤ ਕੀਤਾ ਗਿਆ। ਇਸਲਾਮੀ ਰਾਜ ਦੀਆਂ ਨੀਤੀਆਂ ਨੂੰ ਨਿਰਧਾਰਤ ਕਰਨ ਵਿੱਚ ਅਰਬ ਵਪਾਰੀਆਂ ਦੀ ਭਾਵਨਾ ਅਤੇ ਹਿੱਤਾਂ ਦਾ ਪ੍ਰਭਾਵ ਸੀ। ਰੋਮਨ ਸਾਮਰਾਜ ਅਤੇ ਸਾਰੇ ਪ੍ਰਾਚੀਨ ਸੱਭਿਅਤਾ ਵਾਲੇ ਦੇਸ਼ਾਂ ਵਿੱਚ ਸ਼ਾਸਕ ਵਰਗ ਉਤਪਾਦਨੀ ਕਿਰਤ ਨੂੰ ਨੀਵੀਂ ਦ੍ਰਿਸ਼ਟੀ ਨਾਲ ਦੇਖਦੇ ਸਨ ਅਤੇ ਵਪਾਰ ਅਤੇ ਉਦਯੋਗ ਨੂੰ ਵੀ ਨੀਵੀਂ ਨਜ਼ਰ ਨਾਲ ਦੇਖਿਆ ਜਾਂਦਾ ਸੀ। ਅਰਬ ਲੋਕਾਂ ਦਾ ਦ੍ਰਿਸ਼ਟੀਕੋਣ ਇਸ ਤੋਂ ਵੱਖ ਸੀ। ਮਾਰੂਥਲ ਦੇ ਘੁਮੱਕੜ ਜੀਵਨ ਨੇ ਉਨ੍ਹਾਂ ਨੂੰ ਕਿਰਤ ਦਾ ਪ੍ਰਸ਼ੰਸਕ ਬਣਾ ਦਿੱਤਾ ਸੀ ਤੇ ਉਹ ਉਸ ਨੂੰ ਆਜ਼ਾਦੀ ਦਾ ਸਰੋਤ ਸਮਝਦੇ ਸਨ। ਉਨ੍ਹਾਂ ਵਿੱਚ ਵਪਾਰ ਵੀ ਸਨਮਾਨਜਨਕ ਕੰਮ ਮੰਨਿਆ ਜਾਂਦਾ ਸੀ ਅਤੇ ਸੁਤੰਤਰ ਵਪਾਰੀਆਂ ਲਈ ਵਪਾਰ ਲਾਭਦਾਇਕ ਅਤੇ ਮਾਣ ਕਰਨ ਯੋਗ ਸੀ। ਉਸ ਤਰ੍ਹਾਂ ਇਸਲਾਮੀ ਰਾਜ ਪੁਰਾਣੀਆਂ ਵਿਵਸਥਾਵਾਂ ਦੇ ਮੁਕਾਬਲੇ ਨਵੀਨ ਸਮਾਜਿਕ ਸੰਬੰਧਾਂ 'ਤੇ ਆਧਾਰਿਤ ਸੀ। ਵਪਾਰ ਅਤੇ ਧੰਦੇ ਆਜ਼ਾਦ ਸਨ ਤੇ ਉਨ੍ਹਾਂ ਵਿੱਚ ਲੱਗੇ ਲੋਕਾਂ ਨੂੰ ਰਾਜ ਕਰਮਚਾਰੀਆਂ, ਯੁੱਧ, ਗਿਆਨ ਅਤੇ ਵਿਗਿਆਨ ਨਾਲ ਜੁੜੇ ਕਰਮਚਾਰੀਆਂ ਵਾਂਗ ਉੱਚ-ਸਥਾਨ ਪ੍ਰਾਪਤ ਸੀ। ਬਗ਼ਦਾਦ ਦੇ ਖ਼ਲੀਫੇ ਨਾ ਸਿਰਫ ਵੱਡੇ ਵਪਾਰੀ ਹੀ ਸਨ ਸਗੋਂ ਵਿਦਵਾਨ ਵੀ ਸਨ। ਉਹ ਖ਼ੁਦ ਵੀ ਅਜਿਹਾ ਕੋਈ ਕੰਮ ਕਰਦੇ ਸਨ ਕਿ ਆਪਣੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ ਧਨ ਕਮਾ ਸਕਣ। ਜ਼ਿਆਦਾਤਰ ਅਰਬੀ ਦਾਰਸ਼ਨਿਕ ਅਤੇ ਵਿਦਵਾਨ ਖੁਸ਼ਹਾਲ ਵਪਾਰਕ ਪਰਿਵਾਰਾਂ ਨਾਲ ਸੰਬੰਧਤ ਸਨ। ਬੁਖ਼ਾਰਾ ਅਤੇ ਸਮਰਕੰਦ ਦੇ ਰਾਜ ਦਰਬਾਰਾਂ ਦਾ ਸੱਭਿਆਚਾਰ ਤੇ ਸਲੀਕਾ ਅਫ਼ਰੀਕਾ ਦੇ ਫਾਤਮੀ ਸ਼ਾਸਕਾਂ ਦਾ ਦਿਆਲੂਪੁਣਾ ਅਤੇ ਅੰਦਾਲੂਸੀਆ ਦੇ ਸੁਲਤਾਨਾਂ ਦੀ ਸ਼ਾਨ ਸਮਰਿਧ ਵਪਾਰ ਤੋਂ ਪੈਦਾ ਹੋਈ ਸੀ ਨਾ ਕਿ ਸਿਰਫ਼ ਨਿਰੰਕੁਸ਼ ਤਰੀਕਿਆਂ ਨਾਲ ਵਸੂਲੇ ਕਰਾਂ ਨਾਲ।

ਕੁਝ ਨਿਸ਼ਚਿਤ ਪ੍ਰਸਥਿਤੀਆਂ ਵਿੱਚ ਵਪਾਰ ਅਧਿਆਤਮਕ ਕ੍ਰਾਂਤੀ ਦਾ ਵਾਹਕ

ਬਣ ਜਾਂਦਾ ਹੈ। ਅਰਬ ਵਪਾਰੀਆਂ ਦੀ ਲਾਲਸਾ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਏਕੀਸ਼ਵਰਵਾਦ ਦੇ ਸਿਧਾਂਤ ਨੂੰ ਸਵੀਕਾਰ ਕੀਤਾ। ਇਸ ਤੋਂ ਊਰਜਾ ਲੈ ਕੇ ਮਾਰੂਥਲ ਦੇ ਘਮੁੱਕੜ ਬੱਦੂ ਲੋਕਾਂ ਨੇ ਇੱਕ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ ਜੋ ਇਤਿਹਾਸ ਦੇ ਵੱਡੇ ਸਾਮਰਾਜਾਂ ਦੇ ਮੁਕਾਬਲੇ ਵਧੇਰੇ ਖੁਸ਼ਹਾਲ ਵੀ ਸੀ। ਕੁਰਾਨ ਦੇ ਨਿਯਮਾਂ ਨੇ ਸਮਾਜਿਕ ਸੰਬੰਧਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ। ਇਸ ਕ੍ਰਾਂਤੀ ਦੇ ਫਲਸਰੂਪ ਉਤਪਾਦਨ ਵਿੱਚ ਵਾਧਾ ਹੋਇਆ ਤੇ ਉਸ ਨਾਲ ਵਪਾਰ ਵਧਿਆ। ਜਿਸ ਨਾਲ ਇੱਕ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਅਤੇ ਅਧਿਆਤਮਕ ਤਰੱਕੀ ਦਾ ਰਸਤਾ ਰੌਸ਼ਨ ਹੋਇਆ। ਵਪਾਰ ਮਨੁੱਖੀ ਦ੍ਰਿਸ਼ਟੀਕੋਣ ਨੂੰ ਹਰ ਤਰ੍ਹਾਂ ਵਿਸਤਾਰਦਾ ਹੈ। ਦੂਰ-ਦੁਰਾਡੇ ਦੇਸ਼ਾਂ ਦੀ ਯਾਤਰਾ ਅਤੇ ਕਈ ਪ੍ਰਕਾਰ ਦੀਆਂ ਜਾਤੀਆਂ ਦੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ। ਇਨ੍ਹਾਂ ਕਾਰਨਾਂ ਨਾਲ ਵਪਾਰ ਨਾਲ ਜੁੜੇ ਲੋਕ ਆਪਣੇ ਆਪ ਨੂੰ ਦੇਸ਼ ਦੀਆਂ ਸਥਾਨਕ ਸਥਿਤੀਆਂ ਤੋਂ ਪੈਦਾ ਹੋਈ ਮੂਰਖਮੱਤ ਅਤੇ ਸੀਮਾਵਾਂ ਤੋਂ ਮੁਕਤ ਕਰ ਲੈਂਦੇ ਹਨ। ਉਨ੍ਹਾਂ ਵਿੱਚ ਸਹਿਣਸ਼ੀਲਤਾ, ਹਮਦਰਦੀ ਅਤੇ ਸਮਝਦਾਰੀ ਦੀ ਭਾਵਨਾ ਅਤੇ ਸਮਰੱਥਾ ਵਧਦੀ ਹੈ ਜਿਸ ਨਾਲ ਉਹ ਦੂਸਰਿਆਂ ਲੋਕਾਂ ਦੀਆਂ ਆਦਤਾਂ, ਵਿਚਾਰਾਂ ਤੇ ਅਕੀਦਿਆਂ ਨੂੰ ਸਮਝ ਸਕਣ। ਅਨਜਾਣੇ ਸਮੁੰਦਰੀ ਮਾਰਗਾਂ ਦੀ ਯਾਤਰਾ ਸਮਝਦਾਰੀ ਨੂੰ ਵਧਾਉਂਦੀ ਹੈ। ਇਸ ਨਾਲ ਨਵੇਂ ਦੇਸ਼ਾਂ ਵਿੱਚ ਜਾਣ ਲਈ ਹੌਂਸਲਾ ਮਿਲਦਾ ਹੈ ਤੇ ਆਰਾਮਦਾਇਕ ਵਿਲਾਸਤਾ ਦੀ ਰੁਚੀ ਖਤਮ ਹੋ ਜਾਂਦੀ ਹੈ। ਆਲੋਚਨਾ ਦੀ ਸ਼ਕਤੀ ਨਾਲ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ। ਆਪਣੇ ਵਪਾਰਕ ਗੁਣਾਂ ਨਾਲ ਵਪਾਰੀ ਵਿਅਕਤੀ ਅਮੂਰਤ ਵਿਚਾਰਾਂ ਨੂੰ ਸੋਚਣ ਦੀ ਸਮਰੱਥਾ ਨੂੰ ਵਿਕਸਿਤ ਕਰਦਾ ਹੈ। ਉਸ ਨੂੰ ਆਪਣੀਆਂ ਵਸਤੂਆਂ ਵਿੱਚ ਹੀ ਦਿਲਚਸਪੀ ਨਹੀਂ ਰਹਿੰਦੀ, ਉਹ ਲਾਭ ਬਾਰੇ ਵੀ ਸੋਚਦਾ ਹੈ। ਵਪਾਰੀ ਆਦਮੀ ਨੂੰ ਸਿਰਫ ਇਹੀ ਚਿੰਤਾ ਨਹੀਂ ਹੁੰਦੀ ਕਿ ਉਸਦੇ ਊਠਾਂ ਜਾਂ ਜਹਾਜ਼ਾਂ ਉੱਪਰ ਉੱਨ, ਅਨਾਜ ਜਾਂ ਮਸਾਲੇ ਲੱਦੇ ਹੋਏ ਹਨ। ਉਸਦਾ ਹਿੱਤ ਇਨ੍ਹਾਂ ਚੀਜ਼ਾਂ ਵਿੱਚ ਨਾ ਹੋ ਕੇ ਉਨ੍ਹਾਂ ਤੋਂ ਪ੍ਰਾਪਤ ਮੁਨਾਫ਼ੇ ਨਾਲ਼ ਜੁੜਿਆ ਹੁੰਦਾ ਹੈ। ਉਸਦਾ ਵਪਾਰ ਲਾਭ ਕਮਾਉਣ ਦਾ ਮਾਧਿਅਮ ਹੈ। ਜੋ ਉਸ ਨੂੰ ਸਮਾਨ ਦੀ ਖਰੀਦ ਅਤੇ ਵਿਕਰੀ ਤੋਂ ਮਿਲਦਾ ਹੈ। ਵਪਾਰੀ ਵਸਤੂਆਂ ਦੀ ਪ੍ਰਸ਼ੰਸਾ ਉਸਦੇ ਮੁੱਲ ਦੇ ਆਧਾਰ'ਤੇ ਨਹੀਂ ਕਰਦਾ ਸਗੋਂ ਉਹ ਦੇਖਦਾ ਹੈ ਕਿ ਇਹ ਕਿੰਨਾ ਮੁਨਾਫ਼ਾ ਦੇ ਸਕਦੀ ਹੈ।

ਉਸ ਵਿੱਚ ਨਵੀਆਂ ਅਤੇ ਬਚਿੱਤਰ ਚੀਜ਼ਾਂ ਲਈ ਸਹਿਣਸ਼ੀਲ ਖਿੱਚ ਪਾਈ ਜਾਂਦੀ ਹੈ। ਉਹ ਭਾਰੂ ਵਰਤਾਰਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤੇ ਅਜਿਹਾ ਕਰਦਿਆਂ ਉਸ ਵਿੱਚ ਕੋਈ ਮੰਦਭਾਵਨਾ ਜਾਂ ਪੂਰਵਾਗ੍ਰਹਿ ਨਹੀਂ ਹੁੰਦਾ। ਉਹ ਵਸਤੂਆਂ ਦੀ ਪਰਖ ਕਰਦਾ ਹੈ ਅਤੇ ਅਮੂਰਤ ਰੂਪ ਵਿੱਚ ਉਸ ਸੰਬੰਧੀ ਵਿਚਾਰ ਕਰਦਾ ਹੈ। ਵਪਾਰੀ ਵਿੱਚ ਇਹ ਸਾਰੇ ਗੁਣ ਉਸਦੇ ਪੇਸ਼ੇ ਦੇ ਸੁਭਾਵਿਕ ਗੁਣਾਂ ਦੇ ਰੂਪ ਵਿੱਚ ਪੈਦਾ ਹੁੰਦੇ ਹਨ ਤੇ ਇਨ੍ਹਾਂ ਤੋਂ ਹੀ ਉਸ ਦਾ ਦਾਰਸ਼ਨਿਕ ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ। ਕਈ ਤਰ੍ਹਾਂ ਦੇ ਲੋਕਾਂ ਨੂੰ ਦੇਖਣ ਤੋਂ ਬਾਅਦ, ਵਿਸ਼ੇਸ਼ ਕਰਕੇ ਅਜਿਹੇ ਲੋਕਾਂ ਨੂੰ ਜੋ ਭਿੰਨ-ਭਿੰਨ ਤਰ੍ਹਾਂ ਦੇ

ਮੂਰਖ਼ਾਨਾ ਵਿਸ਼ਵਾਸ ਧਾਰਮਿਕ ਭਾਵਨਾਵਾਂ ਦੇ ਰੂਪ ਵਿੱਚ ਅਪਨਾਉਂਦੇ ਹਨ ਅਤੇ ਭਿੰਨ-ਭਿੰਨ ਤਰ੍ਹਾਂ ਦੇ ਰੀਤੀ ਰਿਵਾਜਾਂ ਅਨੁਸਾਰ ਵਿਹਾਰ ਕਰਦੇ ਹਨ ਤੇ ਆਪਣੇ ਮੰਦ ਵਿਸ਼ਵਾਸਾਂ ਦੇ ਕਾਰਨ ਸਥਾਈ ਸੱਚ ਨੂੰ ਨਹੀਂ ਦੇਖ ਪਾਉਂਦੇ ਜਾਂ ਅਪਨਾ ਨਹੀਂ ਪਾਉਂਦੇ, ਦੇਖ ਕੇ ਵਪਾਰੀ ਆਦਮੀ ਮੁਸਕਰਾਉਂਦਾ ਹੈ। ਉਹ ਹਰ ਤਰ੍ਹਾਂ ਦੇ ਲੋਕਾਂ ਦੇ ਵਿਸ਼ਵਾਸਾਂ ਦੇ ਇੱਕ ਸਮਾਨ ਤੱਤਾਂ ਦਾ ਸਨਮਾਨ ਕਰਦਾ ਹੈ, ਜੋ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਉਪਾਸਨਾ ਦੀਆਂ ਵਿਧੀਆਂ ਦੇ ਪਰਦੇ ਥੱਲੇ ਲੁਕੇ ਰਹਿੰਦੇ ਹਨ।

ਸਰਾਸੈਨੀ (ਅਰਬ) ਸਾਮਰਾਜ ਦਾ ਵਪਾਰਿਕ ਮਾਰਗ ਮੱਧ-ਯੁੱਗ ਵਿੱਚ ਉਨ੍ਹਾਂ ਦੇਸ਼ਾਂ ਤੋਂ ਹੋ ਕੇ ਗੁਜ਼ਰਦਾ ਸੀ, ਜਿਨ੍ਹਾਂ ਨੇ ਇਸਲਾਮ ਸਵੀਕਾਰ ਕਰ ਲਿਆ ਸੀ ਤੇ ਉਹ ਸਰਾਸੈਨੀ ਸਾਮਰਾਜ ਦੇ ਅੰਤਰਗਤ ਇੱਕ ਹੋ ਗਏ ਸਨ। ਚੀਨ ਨਾਲ ਵਪਾਰ ਦਾ ਉਤਰੀ ਮਾਰਗ ਜੋ ਕਸਤੁਨਤੁਨੀਆ ਤੋਂ ਇਟਲੀ ਤੇ ਪੱਛਮੀ ਯੂਰਪ ਨੂੰ ਜਾਂਦਾ ਸੀ, ਉਹ ਸੀਥੀਆਈ ਹਮਲਿਆਂ ਕਾਰਨ ਸੁਰੱਖਿਅਤ ਨਹੀਂ ਰਹਿ ਗਿਆ ਸੀ। ਬੈਜ਼ੇਨਟਾਈਨ ਸਮਾਰਾਜ ਦੀਆਂ ਵਿੱਤੀ ਨੀਤੀਆਂ ਨਾਲ ਉਸ ਉੱਪਰ ਤਬਾਹਕਾਰੀ ਪ੍ਰਭਾਵ ਪਿਆ ਸੀ। ਅਰਬ ਲੋਕਾਂ ਨੇ ਸੀਰੀਆ, ਮੈਸੋਪਟਾਈਆ ਅਤੇ ਓਕਸਸ ਨਦੀ ਦੇ ਪਾਰ ਦੇ ਖੇਤਰਾਂ ਨੂੰ ਜਿੱਤ ਲਿਆ ਸੀ ਅਤੇ ਚੀਨ ਦੇ ਵਪਾਰਕ ਮਾਰਗ ਉੱਪਰ ਕਬਜ਼ਾ ਕਰ ਲਿਆ ਸੀ। ਉਨ੍ਹਾਂ ਨੇ ਵਪਾਰ ਮਾਰਗ ਨੂੰ ਆਪਣੇ ਸਾਮਰਾਜ ਦੇ ਅੰਦਰ ਉੱਤਰੀ ਅਫਰੀਕੀ ਤੇ ਸਪੇਨ ਤੱਕ ਆਰੰਭ ਕੀਤਾ। ਇਸ ਨਾਲ ਪੱਛਮੀ ਯੂਰਪ ਦੇ ਬਾਜ਼ਾਰਾਂ ਵਿੱਚ ਉਨ੍ਹਾਂ ਦਾ ਸਮਾਨ ਪੁੱਜਣ ਲੱਗਾ। ਅੱਠਵੀਂ ਤੋਂ ਗਿਆਰਵੀਂ ਸਦੀ ਤੱਕ ਭਾਰਤ ਅਤੇ ਚੀਨ ਦਾ ਕੁੱਲ ਵਪਾਰ ਤੇ ਦੂਜੇ ਪਾਸੇ ਯੂਰਪ ਦੇ ਦੇਸ਼ਾਂ ਦਾ ਵਪਾਰ ਅਰਬ ਵਪਾਰੀਆਂ ਦੇ ਹੱਥਾਂ ਵਿੱਚ ਸੀ। ਹਜ਼ਾਰਾਂ ਵਪਾਰੀ ਆਪਣੇ-ਆਪਣੇ ਕਾਫ਼ਲਿਆਂ ਰਾਹੀਂ ਚੀਨ ਅਤੇ ਭਾਰਤ ਤੋਂ ਹਰ ਤਰ੍ਹਾਂ ਦਾ ਕੀਮਤੀ ਸਮਾਨ ਮੋਰੱਕੋ ਅਤੇ ਸਪੇਨ ਤੱਕ ਪਹੁੰਚਾਉਂਦੇ ਸਨ। ਉਨ੍ਹਾਂ ਲੋਕਾਂ ਨੂੰ ਕਿਤੇ ਵੀ ਕਿਸੇ ਪੁਰਾਣੀ ਸੱਭਿਅਤਾ ਵਾਲੇ ਦੇਸ਼ਾਂ ਵਿੱਚ ਕੋਈ ਰੁਕਾਵਟ ਨਹੀਂ ਸੀ ਨਾ ਹੀ ਉਨ੍ਹਾਂ ਨਾਲ ਕੋਈ ਨਫ਼ਰਤ ਕਰਦਾ ਸੀ। ਯੂਨਾਨ ਇਸ ਪੱਖ ਤੋਂ ਇੱਕ ਅਪਵਾਦ ਸੀ। ਸਰਾਸੈਨੀ ਸਾਮਰਾਜ ਵਿੱਚ ਤਾਂ ਉਹ ਵਪਾਰੀ ਸ਼ਾਸਕ ਵਰਗ ਨਾਲ ਸੰਬੰਧਤ ਮੰਨੇ ਜਾਂਦੇ ਸਨ। ਇਸਦੇ ਫਲਸਰੂਪ ਗਿਆਨ ਅਤੇ ਸੱਭਿਆਚਾਰ ਦਾ ਵਿਕਾਸ ਤੇ ਪ੍ਰਸਾਰ ਹੋਇਆ ਕਿਉਂਕਿ ਅਰਬ ਸਾਮਰਾਜ ਉਨ੍ਹਾਂ ਦਿਨਾਂ ਵਿੱਚ ਬੇਹੱਦ ਸਮਰਿੱਧ ਸੀ ਤੇ ਉਸ ਵਿੱਚ ਦ੍ਰਿਸ਼ਟੀਕੋਣ ਦੀ ਵਿਸ਼ਾਲਤਾ ਸੀ। ਨਾਲ ਹੀ ਉਸ ਵਿੱਚ ਸਰਵ-ਵਿਆਪਕਤਾ ਅਤੇ ਸੰਦੇਹ ਦੀ ਭਾਵਨਾ ਵੀ ਸਮਾਈ ਹੋਈ ਸੀ। ਸੈਨਿਕ ਅਗਵਾਈ ਕੁਲੀਨ ਵਰਗ ਦੇ ਅਧੀਨ ਅਤੇ ਈਰਖਾ ਨਾਲ ਭਰੇ ਹੋਏ ਮੌਲਵੀਆਂ ਦੇ ਪ੍ਰਭਾਵ ਵਿੱਚ ਮਨੁੱਖਵਾਦੀ ਸਿਧਾਂਤ ਦਾ ਰੂਪ ਵਿਗੜ ਗਿਆ ਅਤੇ ਅੰਧ-ਵਿਸ਼ਵਾਸੀ ਚੇਤਨਾ ਵਿੱਚ ਲੁਕੇ ਰਹੱਸਵਾਦ ਦਾ ਪ੍ਰਚਾਰ ਹੋਣ ਲੱਗਾ। ਸੰਸਾਰ ਦੀ ਗਿਆਨ-ਸੰਪੰਨਤਾ ਦੇ ਸਿਧਾਂਤ ਦੀ ਖੋਜ ਵਿੱਚ ਜੋ ਦਰਸ਼ਨ ਪੈਦਾ ਹੋਇਆ ਸੀ, ਉਹ ਸਮਾਜ ਵਿੱਚੋਂ ਪੈਦਾ ਹੋਇਆ ਸੀ ਅਤੇ ਉਸ ਸਮਾਜ ਵਿੱਚ ਵਪਾਰ ਦੇ ਕੁਲੀਨ ਵਰਗ ਦਾ ਸ਼ਾਸਨ ਸੀ। ਅਜਿਹੇ ਦਰਸ਼ਨ ਦਾ ਜਨਮ ਯੂਨਾਨ ਦੇ ਆਇਨੋਨਿਯਨ ਰਾਜ

ਦੇ ਨਗਰਾਂ ਵਿੱਚ ਹੋਇਆ ਸੀ।

ਲਾਜ਼ਮੀ ਤੌਰ 'ਤੇ ਇਸਲਾਮ ਇਤਿਹਾਸ ਵਿੱਚ ਪੈਦਾ ਹੋਇਆ ਦਰਸ਼ਨ ਸੀ ਜੋ ਮਨੁੱਖੀ ਵਿਕਾਸ ਦਾ ਵਾਹਕ ਸੀ। ਉਸਦਾ ਵਿਕਾਸ ਨਵੇਂ ਸਮਾਜਿਕ ਸੰਬੰਧਾਂ ਦੇ ਸਿਧਾਂਤ ਦੇ ਰੂਪ ਵਿੱਚ ਹੋਇਆ ਸੀ ਜਿਸ ਨੇ ਅੰਤ ਵਿੱਚ ਮਨੁੱਖ ਮਨ ਨੂੰ ਕ੍ਰਾਂਤੀਕਾਰੀ ਬਣਾਇਆ। ਪਰ ਜਿਸ ਤਰ੍ਹਾਂ ਉਸਨੇ ਪ੍ਰਾਚੀਨ ਸੱਭਿਆਤਾਵਾਂ ਨੂੰ ਗ਼ੁਲਾਮ ਬਣਾਇਆ ਅਤੇ ਉਸਨੂੰ ਝੁਕਾਇਆ, ਉਸੇ ਤਰ੍ਹਾਂ ਸਮੇਂ ਦੇ ਬੀਤਣ ਨਾਲ ਉਸ ਦਾ ਵੀ ਪਤਨ ਹੋਇਆ। ਉਸ ਤੋਂ ਬਾਅਦ ਦੇ ਸਮਾਜਿਕ ਵਿਕਾਸ ਵਿੱਚ ਨਵੀਂ ਅਧਿਆਤਮਕ ਅਗਵਾਈ ਨੇ ਉਸਦੀ ਜਗ੍ਹਾ ਲੈ ਲਈ, ਜੋ ਨਵੀਆਂ ਸਥਿਤੀਆਂ ਵਿੱਚੋਂ ਉਪਜੀ ਸੀ। ਇਸਦੇ ਬਾਵਜੂਦ ਇਸਲਾਮ ਨੇ ਨਵੇਂ ਸਮਾਜਿਕ ਸਿਧਾਂਤਾਂ ਦੇ ਵਿਕਾਸ ਵਿੱਚ ਮੂਲ ਸਿਧਾਂਤਕ ਯੋਗਦਾਨ ਦਿੱਤਾ ਜੋ ਬਾਦ ਦੀਆਂ ਸਮਾਜਿਕ ਕ੍ਰਾਂਤੀਆਂ ਵਿੱਚ ਸਹਾਇਕ ਬਣੇ। ਵਰਤੋਂ ਲਈ ਵਿਹਾਰਕ ਵਿਗਿਆਨ ਅਤੇ ਵਿਵੇਕਪੂਰਨ ਦਰਸ਼ਨ ਅਜਿਹੇ ਤੱਤ ਸਨ, ਜਿਨ੍ਹਾਂ ਨਾਲ ਨਵੀਨ ਸਿਧਾਂਤ ਪੈਦਾ ਹੋਏ। ਇਸਲਾਮ ਦੀ ਸੰਸਕ੍ਰਿਤੀ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਉਸਦੇ ਅੰਤਰਗਤ ਨਵੀਨ ਸਮਾਜਿਕ ਕ੍ਰਾਂਤੀ ਨੂੰ ਵਿਕਸਿਤ ਕਰਨ ਵਾਲੇ ਤੱਤ ਪੈਦਾ ਹੋਏ।

ਪੂੰਜੀਵਾਦੀ ਉਤਪਾਦਨ ਦੇ ਢੰਗ ਨੇ ਯੂਰਪ ਨੂੰ ਮੱਧਯੁਗੀ ਬਰਬਰਤਾ ਦੀ ਅਵਿਵਸਥਾ ਤੋਂ ਮੁਕਤ ਕੀਤਾ। ਉਸਨੇ ਲੰਮੇ ਅਰਸੇ ਤੱਕ ਈਸਾਈ ਧਰਮ ਦੇ ਸਿਧਾਂਤਾਂ ਵਿਰੁੱਧ ਸੰਘਰਸ਼ ਕੀਤਾ ਅਤੇ ਅਖੀਰ ਉਸ ਨੂੰ ਹਰਾਇਆ ਵੀ। ਕੈਥੋਲਿਕ ਈਸਾਈ ਸੰਪਰਦਾਇ ਦੀ ਅਧਿਆਤਮਕ ਚੌਧਰ ਨੂੰ ਤਬਾਹ ਕਰਕੇ ਵਿਵੇਕਸ਼ੀਲ ਦਰਸ਼ਨ ਦਾ ਵਿਕਾਸ ਹੋਇਆ। ਇਸ ਹਥਿਆਰ ਨੂੰ ਪ੍ਰਾਚੀਨ ਯੂਨਾਨੀ ਵਿਚਾਰਕਾਂ ਨੇ ਲੱਭਿਆ ਸੀ ਅਤੇ ਅਰਬ ਵਿਦਵਾਨਾਂ ਨੇ ਉਸਨੂੰ ਅਪਨਾ ਕੇ ਅਗਾਂਹ ਆਧੁਨਿਕ ਸੱਭਿਅਤਾ ਦੇ ਸੰਸਥਾਪਕਾਂ ਨੂੰ ਸੰਭਾਲ ਦਿੱਤਾ। ਅਰਬ ਵਿਚਾਰਕਾਂ ਨੇ ਮਨੁੱਖ ਜਾਤੀ ਦੇ ਪੂਰਵਜ ਵਿਚਾਰਕਾਂ ਦੇ ਵਿਚਾਰਾਂ ਨੂੰ ਵਧੇਰੇ ਭਰਪੂਰ ਕਰਕੇ ਅਗਲੀਆਂ ਪੀੜ੍ਹੀਆਂ ਨੂੰ ਸੌਂਪ ਦਿੱਤਾ। ਇੰਜ ਉਸ ਇਤਿਹਾਸਕ ਸੰਘਰਸ਼ ਨੇ, ਜਿਸ ਨੂੰ ਮਾਰੂਥਲ ਦੇ ਘੁੱਮਕੜ ਲੋਕਾਂ ਨੇ ਇਸਲਾਮ ਦੇ ਝੰਡੇ ਥੱਲੇ ਆਰੰਭ ਕੀਤਾ ਸੀ ਅਤੇ ਜਿਸਨੇ ਕਦਮ-ਕਦਮ 'ਤੇ ਯੁੱਧ ਕਰਕੇ ਹਜ਼ਾਰ ਸਾਲਾਂ ਦੌਰਾਨ ਤਿੰਨ ਮਹਾਂਦੀਪਾਂ ਵਿੱਚ ਉਸਨੂੰ ਫੈਲਾਇਆ, ਯੂਰਪ ਵਿੱਚ ਅੰਤਿਮ ਵਾਰ ਜਿੱਤ ਪ੍ਰਾਪਤ ਕੀਤੀ ਅਤੇ ਉਸਦੇ ਪ੍ਰਭਾਵ ਨੇ ਅਠਾਰਵੀਂ ਸਦੀ ਦੇ ਨਵ-ਜਾਗਰਣ ਅਤੇ ਪੂੰਜੀਵਾਦੀ ਕ੍ਰਾਂਤੀਆਂ ਦੇ ਕਾਲ ਵਿੱਚ ਅਗਵਾਈ ਦੇ ਨਵੇਂ ਸਿਧਾਂਤ ਨੂੰ ਜਨਮ ਦਿੱਤਾ।

-0-

ਇਸਲਾਮ ਦੀ ਸਮਾਜਿਕ ਅਤੇ ਇਤਿਹਾਸਕ ਪਿੱਠਭੂਮੀ

ਇਸਲਾਮ : 'ਸ਼ਾਂਤੀ ਦੇ ਧਰਮ' ਦੀ ਰਚਨਾ ਹਜ਼ਰਤ ਮੁਹੰਮਦ ਨੇ ਇਸੇ ਅਰਥ ਵਿੱਚ ਕੀਤੀ ਜਿਸ ਵਿੱਚ ਬਾਕੀ ਧਰਮਾਂ ਦੇ ਸੰਸਥਾਪਕਾਂ ਨੂੰ ਉਨ੍ਹਾਂ ਧਰਮਾਂ ਦਾ ਜਨਮਦਾਤਾ ਕਿਹਾ ਜਾਂਦਾ ਹੈ। ਕੋਈ ਵੀ ਧਰਮ ਕਿਸੇ ਇੱਕ ਵਿਅਕਤੀ ਦੀ ਰਚਨਾ ਨਹੀਂ ਹੁੰਦੀ ਨਾ ਹੀ ਉਸ ਧਰਮ ਦਾ ਨਿਕਾਸ ਅਚਾਨਕ ਹੁੰਦਾ ਹੈ ਤੇ ਨਾ ਕਿਸੇ ਦਾਰਸ਼ਨਿਕ ਨੂੰ ਉਹ ਧਾਰਮਿਕ ਗਿਆਨ ਨਾਜ਼ਲ ਹੁੰਦਾ ਹੈ। ਇਸਲਾਮ ਵੀ ਬਾਕੀ ਧਰਮਾਂ ਵਾਂਗ ਆਪਣੇ ਯੁੱਗ ਦੀਆਂ ਪ੍ਰਸਥਿਤੀਆਂ ਅਤੇ ਆਪਣੇ ਵਾਤਾਵਰਣ ਵਿੱਚ ਪੈਦਾ ਹੋਇਆ।

ਭਾਵੇਂ ਅਰਬ ਦੇਸ਼ ਦੇ ਕੰਢੇ ਤੋਂ ਸੀਰੀਆ, ਫ਼ਾਰਸ, ਮੈਸੋਡੋਨੀਆ ਅਤੇ ਰੋਮ ਦੀਆਂ ਸੈਨਾਵਾਂ ਇੱਕ ਪਾਸਿਓਂ ਦੂਜੇ ਪਾਸੇ ਆਉਂਦੀਆਂ-ਜਾਂਦੀਆਂ ਰਹੀਆਂ ਪਰ ਵੱਡੇ ਅਰਬ ਉਪ ਮਹਾਂਦੀਪ ਦੇ ਨਿਵਾਸੀਆਂ ਨੇ ਆਪਣੇ ਦੇਸ਼ ਦੀ ਕੁਦਰਤੀ ਸਥਿਤੀ ਦੇ ਕਾਰਨ ਆਪਣੀ ਆਜ਼ਾਦੀ ਸੁਰੱਖਿਅਤ ਰੱਖੀ। ਅਰਬ ਉਪ ਮਹਾਂਦੀਪ ਦੀ ਕੁਦਰਤੀ ਸਥਿਤੀ ਦਾ ਪ੍ਰਭਾਵ ਉਨ੍ਹਾਂ ਦੇ ਜੀਵਨ 'ਤੇ ਵੀ ਪਿਆ। ਪਰ ਉਨ੍ਹਾਂ ਵਿੱਚ ਆਜ਼ਾਦੀ ਲਈ ਤੀਬਰ ਪਿਆਰ ਸੀ ਤੇ ਉਹ ਘੁੱਮਕੜੀ ਜ਼ਿੰਦਗੀ ਦੇ ਆਦੀ ਹੋ ਗਏ ਸਨ। ਅਰਬ ਰੇਗਿਸਤਾਨ ਦੇ ਵਾਸੀ ਅਨੇਕਾਂ ਕਬੀਲਿਆਂ ਵਿੱਚ ਵੰਡੇ ਗਏ ਜੋ ਪਰਸਪਰ ਤੌਰ 'ਤੇ ਇੱਕ-ਦੂਜੇ ਨਾਲ ਲੜਿਆ ਕਰਦੇ ਸਨ।

ਮਨੁੱਖ ਜਾਤੀ ਦੇ ਹੋਰ ਸਮੂਹਾਂ ਤੋਂ ਅੱਡ ਰਹਿਣ ਕਾਰਨ ਅਰਬੀ ਲੋਕ ਬਿਗਾਨਿਆਂ ਨੂੰ ਵੈਰੀ ਸਮਝਦੇ ਸਨ। ਇਲਾਕੇ ਦੀ ਗੁਰਬਤ ਨੇ ਉਨ੍ਹਾਂ ਦੀ ਇਸ ਭਾਵਨਾ ਨੂੰ ਹੋਰ ਤੀਬਰ ਬਣਾਇਆ। ਇਨ੍ਹਾਂ ਦੋ ਗੱਲਾਂ ਦੀ ਪਿੱਠਭੂਮੀ ਵਿੱਚ ਹੀ ਅਰਬ ਦੇ ਕਾਨੂੰਨ ਅਤੇ ਨੈਤਿਕਤਾ ਦਾ ਵਿਕਾਸ ਹੋਇਆ। ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਸਮਾਜ ਤੋਂ ਬਾਹਰ ਕੱਢੇ ਗਏ ਇਸਮਾਈਲ ਦੇ ਵੰਸਜਾਂ ਦਾ ਮਾਰੂਥਲ ਵਿੱਚ ਰਹਿਣਾ ਹੀ ਉਨ੍ਹਾਂ ਦਾ ਮੁਕੱਦਰ ਹੈ ਜਦਕਿ ਮਨੁੱਖ ਜਾਤੀ ਦੇ ਦੂਸਰੇ ਸਮੂਹਾਂ ਨੂੰ ਉਪਜਾਊ ਖਿੱਤਿਆਂ ਵਿੱਚ ਰਹਿਣ ਦੇ ਮੌਕੇ ਮਿਲੇ। ਇਸ ਦੇ ਫਲਸਰੂਪ ਉਨ੍ਹਾਂ ਲੋਕਾਂ ਨੂੰ ਇਹ ਉਚਿਤ ਲੱਗਿਆ ਕਿ ਉਹ ਆਪਣੇ ਉਸ ਦੇਸ਼ ਤੇ ਰੇਗਿਸਤਾਨ ਉੱਪਰ ਕਬਜ਼ੇ ਲਈ ਫੌਜੀ ਤਾਕਤ ਦੀ ਵਰਤੋਂ ਕਰਨ ਜਿਹੜਾ ਉਨ੍ਹਾਂ ਤੋਂ ਖੋਹ ਲਿਆ ਗਿਆ ਸੀ। ਰੋਮ ਦੇ ਇਤਿਹਾਸਕਾਰ 'ਪਿਲਨੀ' ਨੇ ਹਜ਼ਰਤ ਮੁਹੰਮਦ ਦੀ ਆਮਦ ਤੋਂ 600 ਸਾਲ ਪਹਿਲਾਂ ਇਸ ਗੱਲ ਦਾ ਪਤਾ ਲਗਾਇਆ ਸੀ ਕਿ ਅਰਬ ਲੋਕਾਂ

ਵਿੱਚ ਲੁੱਟਮਾਰ ਅਤੇ ਵਪਾਰ ਦੋਹਾਂ ਧੰਦਿਆਂ ਨੂੰ ਹੀ ਲਾਭਕਾਰੀ ਮੰਨਿਆ ਜਾਂਦਾ ਹੈ। ਇਸ ਤੋਂ ਬਿਨਾਂ ਉਹ ਭੇਡਾਂ ਅਤੇ ਘੋੜੇ ਪਾਲਦੇ ਸਨ। ਸਮਾਜਿਕ ਵਿਕਾਸ ਤੇ ਆਰੰਭਲੇ ਦੌਰ ਵਿੱਚ ਡਾਕਾਜ਼ਨੀ ਅਤੇ ਵਪਾਰ ਵਿਚਕਾਰ ਵੰਡ ਲਈ ਇੱਕ ਮਹੀਨ ਜਿਹੀ ਲਕੀਰ ਸੀ। ਵਪਾਰ ਵਿੱਚ ਸਸਤੇ ਮੁੱਲ 'ਤੇ ਚੀਜ਼ਾਂ ਖਰੀਦ ਕੇ ਉੱਚੇ ਮੁੱਲ 'ਤੇ ਵੇਚਣ ਨਾਲ ਮੁਨਾਫਾ ਮਿਲਦਾ ਸੀ। ਜੋ ਚੀਜ਼ਾਂ ਖਰੀਦਣ ਵਿੱਚ ਜਿੰਨੀ ਘੱਟ ਕੀਮਤ ਦਿੰਦਾ ਸੀ, ਉਹ ਵੇਚਣ ਤੋਂ ਬਾਅਦ ਮੁਨਾਫਾ ਓਨਾ ਹੀ ਵਧ ਜਾਂਦਾ ਸੀ। ਲੁੱਟ ਅਤੇ ਚੋਰੀ ਵਿੱਚ ਵਸਤੂ ਲਈ ਸਭ ਤੋਂ ਘੱਟ ਮੁੱਲ ਤਾਰਨਾ ਪੈਂਦਾ ਸੀ। ਸੋ, ਜਿੱਥੇ ਵਪਾਰ ਦੇ ਇਸ ਮੂਲ ਸਿਧਾਂਤ ਦੀ ਨੈਤਿਕਤਾ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਮੁਨਾਫਾ ਕਮਾਉਣਾ ਜਾਇਜ਼ ਮੰਨ ਲਿਆ ਜਾਂਦਾ ਹੈ ਉੱਥੇ ਵਪਾਰਕ ਮੁਕਾਬਲੇਬਾਜ਼ੀ ਕਾਰਨ ਵਸਤੂਆਂ ਦੀ ਕੀਮਤ ਵੀ ਘੱਟ ਰੱਖੀ ਜਾਂਦੀ ਹੈ। ਮੁਕਾਬਲੇਬਾਜ਼ੀ ਨੂੰ ਖਤਮ ਕਰਨ ਦਾ ਇੱਕ ਤਰੀਕਾ ਇਹ ਹੈ ਕਿ ਆਪਣੇ ਵਿਰੋਧੀ ਦਾ ਮਾਲ ਲੁੱਟ ਲਿਆ ਜਾਵੇ। ਇਸ ਰਣਨੀਤੀ ਨਾਲ ਵਿਰੋਧੀ ਨੂੰ ਬਾਜ਼ਾਰ ਤੋਂ ਹਟਾਇਆ ਜਾ ਸਕਦਾ ਸੀ ਅਤੇ ਉਸਦੀਆਂ ਵਸਤੂਆਂ ਨੂੰ ਵਧੇਰੇ ਕਾਬਿਲ ਵਪਾਰੀ ਵੱਲੋਂ ਬਾਜ਼ਾਰ ਵਿੱਚ ਪੁਚਾਇਆ ਜਾਂਦਾ ਸੀ। ਇਸਦੇ ਨਾਲ ਹੀ ਵਪਾਰਕ ਮਾਰਗਾਂ ਅਤੇ ਬਾਜ਼ਾਰਾਂ ਉੱਪਰ ਏਕਅਧਿਕਾਰ ਰੱਖਣ ਲਈ ਸਹਾਇਤਾ ਵੀ ਡਾਕਾਜ਼ਨੀ ਤੇ ਲੁੱਟਮਾਰ ਤੋਂ ਮਿਲਦੀ ਸੀ। ਮੁੱਢਲੇ ਦੌਰ ਵਿੱਚ ਸਭ ਥਾਵਾਂ 'ਤੇ ਵਪਾਰ ਇਨ੍ਹਾਂ ਵਿਹਾਰਕ ਨੀਤੀਆਂ ਦੇ ਅਨੁਸਾਰ ਹੀ ਕੀਤਾ ਜਾਂਦਾ ਸੀ। ਇਹ ਸੁਣ ਕੇ ਸ਼ਾਇਦ ਆਧੁਨਿਕ ਵਪਾਰੀਆਂ ਨੂੰ ਝਟਕਾ ਲੱਗੇਗਾ। ਫਿਰ ਵੀ ਲੁੱਟਖੋਹ ਐਸਾ ਉਪਾਅ ਸੀ ਜਿਸ ਨਾਲ ਇਸਲਾਮ ਦੇ ਕੱਟੜ ਪੂਰਵਜਾਂ ਨੇ ਆਪਣੇ ਵਪਾਰ ਨੂੰ ਸਥਾਪਿਤ ਕੀਤਾ ਤੇ ਉਸ ਨੂੰ ਆਦਰਯੋਗ ਬਣਾਇਆ। ਵਪਾਰ ਵਿੱਚ 'ਇਮਾਨਦਾਰੀ ਸਭ ਤੋਂ ਵਧੀਆ ਨੀਤੀ' ਦਾ ਸਿਧਾਂਤ ਤਾਂ ਬਾਅਦ ਵਿੱਚ ਅਪਨਾਇਆ ਗਿਆ।

ਲੁੱਟ ਖੋਹ ਤੋਂ ਬਿਨਾਂ ਮਨੁੱਖ ਜਾਤੀ ਦੀ ਵਹਿਸ਼ੀ ਪ੍ਰਵਿਰਤੀ ਦੇ ਦਿਨਾਂ ਵਿੱਚ ਜੰਗ ਕਰਨ ਦੀ ਕਲਾ ਨੂੰ ਵੀ ਰਾਜਸੀ ਗੁਣ ਮੰਨਿਆ ਜਾਂਦਾ ਸੀ ਤੇ ਇਨ੍ਹਾਂ ਗੁਣਾਂ ਦੀ ਇੱਜ਼ਤ ਕੀਤੀ ਜਾਂਦੀ ਸੀ। ਆਪਣੇ ਖਿੱਤੇ ਦੀ ਭੂਗੋਲਿਕ ਸਥਿਤੀ ਕਰਕੇ ਅਰਬ ਲੋਕਾਂ ਵਿਚਕਾਰ ਲੁੱਟਖੋਹ ਦਾ ਪ੍ਰਚਲਨ ਵਧਿਆ ਤੇ ਬਾਅਦ ਵਿੱਚ ਇਸਦਾ ਵਿਕਾਸ ਵਪਾਰ ਅਤੇ ਯੁੱਧ ਦੇ ਖੇਤਰਾਂ ਵਿੱਚ ਹੋਇਆ। ਉਨ੍ਹਾਂ ਦੀ ਸੂਰਮਗਤੀ ਅਤੇ ਜੰਗ ਪ੍ਰਤਿ ਪਿਆਰ ਨੇ ਕਾਲਪਨਿਕ ਕਥਾਵਾਂ ਦਾ ਰੂਪ ਲੈ ਲਿਆ। ਇਤਿਹਾਸ ਦੀ ਪ੍ਰਸਿੱਧ ਪੁਸਤਕ ਅਯਮ-ਉਲ-ਅਰਬ ਵਿੱਚ ਸਰਾਸੈਨੀ ਸਾਮਰਾਜ ਦੀ ਚੜ੍ਹਤ ਦੇ ਸਮੇਂ ਦੇ ਯੁੱਧਾਂ ਦਾ ਵਰਨਣ ਹੈ। ਉਸ ਵਿੱਚ ਹਜ਼ਰਤ ਮੁਹੰਮਦ ਤੋਂ ਪਹਿਲਾਂ ਦੇ 1700 ਯੁੱਧਾਂ ਦਾ ਜ਼ਿਕਰ ਮਿਲਦਾ ਹੈ ਜਿਹੜੇ ਅਰਬ ਲੋਕਾਂ ਨੇ ਲੜੇ ਸਨ। ਇੰਜ ਸਰਾਸੈਨੀ ਯੋਧਿਆਂ ਦੀ ਯੁੱਧ ਕਲਾ ਉਨ੍ਹਾਂ ਨੂੰ ਇਸਲਾਮ ਤੋਂ ਹੀ ਪ੍ਰਾਪਤ ਨਹੀਂ ਹੋਈ ਸੀ।

'ਅੱਲਾਹੁ ਦੀ ਫੌਜ' ਦਾ ਹਿੱਸਾ ਬਣਨ ਤੋਂ ਪਹਿਲਾਂ ਹੀ ਉਹ ਸੂਰਮੇ ਸਨ। ਅਰਬ ਯੋਧਿਆਂ ਦੀਆਂ ਜਿੱਤਾਂ ਦਾ ਸਿਹਰਾ ਓਨਾ ਹਜ਼ਰਤ ਮੁਹੰਮਦ ਦੀਆਂ ਇਸਲਾਮ ਦੀਆਂ

ਸਿੱਖਿਆਵਾਂ ਨੂੰ ਨਹੀਂ ਹੈ ਜਿੰਨਾ ਉਸ ਦੇਸ਼ ਦੀਆਂ ਤੱਤਕਾਲੀ ਪ੍ਰਸਥਿਤੀਆਂ ਨੂੰ ਹੈ।

ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਅਰਬ ਲੋਕਾਂ ਵਿੱਚ ਜੋ ਜੰਗਾਂ ਹੋਈਆਂ ਉਹਨਾਂ ਵਿੱਚੋਂ ਜ਼ਿਆਦਾਤਰ ਉਨ੍ਹਾਂ ਕਬੀਲਿਆਂ ਦੇ ਆਪਸੀ ਕਲੇਸ਼ ਕਾਰਨ ਹੋਈਆਂ ਸਨ। ਉਨ੍ਹਾਂ ਜੰਗਾਂ ਨੂੰ ਦਰਿੰਦਗੀ ਨਾਲ ਲੜਿਆ ਗਿਆ ਸੀ। ਪਰ ਉਨ੍ਹਾਂ ਜੰਗਾਂ ਵਿੱਚ ਵੀ ਗੌਰਵ, ਸੂਰਮਤਾਈ ਅਤੇ ਕੁਲੀਨਤਾ ਦੇ ਗੁਣਾਂ ਉੱਪਰ ਜ਼ੋਰ ਦਿੱਤਾ ਜਾਂਦਾ ਸੀ। ਬਹੁਤ ਸਾਰਾ ਖ਼ੂਨ ਵਹਾ ਕੇ ਵੀ ਅਰਬ ਦੇਸ਼ ਦੀ ਧਰਤੀ ਨੂੰ ਉਪਜਾਊ ਨਹੀਂ ਬਣਾਇਆ ਜਾ ਸਕਿਆ ਸੀ, ਪਰ ਉਨ੍ਹਾਂ ਦਾ ਪ੍ਰਭਾਵ ਇਹ ਪਿਆ ਕਿ ਮੁੱਢਲੇ ਅਰਬ ਲੋਕਾਂ ਦੀ ਲੁੱਟਖੋਹ ਤੇ ਵਪਾਰ ਨੂੰ ਲੋਕਾਂ ਨੇ ਠੀਕ ਕਹਿਣਾ ਛੱਡ ਦਿੱਤਾ। ਉਸ ਵੇਲੇ ਦੀ ਆਰਥਿਕ ਲੋੜ ਇਸ ਗੱਲ ਵਿੱਚ ਪਈ ਸੀ ਕਿ ਆਪਸੀ ਯੁੱਧਾਂ ਦੇ ਤਬਾਹਕਾਰੀ ਹੰਕਾਰ ਨੂੰ ਤਿਆਗਿਆ ਜਾਵੇ ਅਤੇ ਰਵਾਇਤੀ ਸਰਾਸੈਨੀ ਸੂਰਮਿਆਂ ਦੀ ਬਹਾਦਰੀ ਨੂੰ ਵਧੇਰੇ ਲਾਭਕਾਰੀ ਕੰਮਾਂ ਵਿੱਚ ਲਗਾਇਆ ਜਾਵੇ। ਇਸ ਲੋੜ ਤੋਂ ਪੈਦਾ ਹੋਏ ਵਿਚਾਰ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਧਰਮ ਦਾ ਰੂਪ ਗ੍ਰਹਿਣ ਕੀਤਾ।

ਅਰਬ ਦੇਸ਼ ਆਪਣੇ ਆਪ ਵਿੱਚ ਸ਼ਾਇਦ ਸਭ ਤੋਂ ਵੱਡਾ ਰੇਗਿਸਤਾਨ ਹੈ, ਪਰ ਉਸਦੇ ਤਿੰਨ ਪਾਸੇ ਸੰਘਣੀ ਆਬਾਦੀ ਵਾਲੇ ਦੇਸ਼ ਹਨ, ਜਿਨ੍ਹਾਂ ਵਿੱਚ ਪੁਰਾਤਨ ਸੱਭਿਆਤਾਵਾਂ ਦਾ ਵਿਕਾਸ ਹੋਇਆ ਸੀ ਤੇ ਜਿੱਥੇ ਬਹੁਤ ਪ੍ਰਾਚੀਨ ਸਮੇਂ ਤੋਂ ਉਦਯੋਗ ਅਤੇ ਖੇਤੀ ਦੀ ਤਰੱਕੀ ਸੀ।

ਅਰਬ ਦੀ ਦੱਖਣ ਦੀ ਵੱਖੀ ਦੇ ਸਮੁੰਦਰ ਰਾਹੀਂ ਹੀ ਭਾਰਤ ਨਾਲ ਵਪਾਰ ਹੁੰਦਾ ਸੀ। ਭੂਗੋਲਿਕ ਸਥਿਤੀ ਦੇ ਕਾਰਨ ਅਰਬ ਵਿੱਚ ਵਪਾਰਕ ਕਾਫਲਿਆਂ ਦੇ ਮਾਰਗ ਸਨ, ਜਿਨ੍ਹਾਂ ਰਾਹੀਂ ਭਾਰਤ, ਫ਼ਾਰਸ, ਅਸੀਰਿਆ, ਸੀਰੀਆ, ਫਲਸਤੀਨ, ਮਿਸਰ ਅਤੇ ਅਬੀਸੀਨੀਆ ਨਾਲ ਵਪਾਰ ਹੁੰਦਾ ਸੀ। ਸ਼ੁਰੂ ਵਿੱਚ ਅਰਬ ਉਪ ਮਹਾਂਦੀਪ ਦੇ ਦੱਖਣੀ ਅਤੇ ਉੱਤਰੀ ਭਾਗ ਵਿੱਚ ਅਫਰੀਕਾ ਅਤੇ ਏਸ਼ੀਆ ਦੇ ਵਪਾਰਕ ਮਾਰਗ ਮਿਲਦੇ ਸਨ। ਉਨ੍ਹਾਂ ਰਸਤਿਆਂ ਰਾਹੀਂ ਅਰਬ ਦੇ ਰੇਤਲੇ ਮਾਰੂਥਲ ਦੇ ਅੰਦਰੂਨੀ ਭਾਗਾਂ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਗਈ, ਪਰ ਬੈਜ਼ੇਂਨਟਾਈਨ ਸਾਮਰਾਜ ਦੇ ਨਿਰੰਕੁਸ਼ ਕਰਾਂ ਦੀ ਵਸੂਲੀ ਤੇ ਸਥਾਨਕ ਅਧਿਕਾਰੀਆਂ ਦੀ ਲੁੱਟ-ਖਸੁੱਟ ਦੇ ਕਰਕੇ ਵਪਾਰੀਆਂ ਨੇ ਜ਼ਿਆਦਾਤਰ ਭਿਅੰਕਰ, ਪਰ ਆਪਣੇ ਘਰਾਂ ਵਿੱਚ ਨਰਮ-ਵਿਹਾਰ ਕਰਨ ਵਾਲੇ ਬੱਦੂਆਂ ਦੇ ਖੇਤਰ ਵਿੱਚੋਂ ਗੁਜ਼ਰਨਾ ਪਸੰਦ ਕੀਤਾ।

ਸ਼ੁਰੂ ਵਿੱਚ ਲੋਕ ਆਪਣੇ ਵਿਸ਼ੇਸ਼ ਕਾਨੂੰਨਾਂ ਅਤੇ ਨੈਤਿਕਤਾ ਦੇ ਅਨੁਸਾਰ ਕਰ ਵਸੂਲ ਕਰਦੇ ਸਨ। ਪਰ ਸਮਾਂ ਬੀਤਣ ਨਾਲ ਉਨ੍ਹਾਂ ਨੂੰ ਪਤਾ ਲੱਗਿਆ ਕਿ ਡਾਕਾਜ਼ਨੀ ਤੋਂ ਵਧੇਰੇ ਲਾਭਦਾਇਕ ਧੰਦਾ ਵਪਾਰ ਹੈ। ਸਾਰੇ ਅਰਬ ਕਬੀਲਿਆਂ ਵਿੱਚੋਂ ਕੁਰੈਸ਼ ਕਬੀਲੇ ਦੇ ਲੋਕਾਂ ਨੇ ਲੜਾਕੂ ਵਿਹਾਰ ਛੱਡ ਕੇ ਸ਼ਾਂਤੀਪੂਰਵਕ ਅਤੇ ਲਾਭਦਾਇਕ ਪੇਸ਼ੇ ਨੂੰ ਅਪਨਾਇਆ। ਉਹ ਲੋਕ ਜ਼ਿਆਦਾਤਰ ਲਾਲ ਸਾਗਰ ਦੇ ਕਿਨਾਰੇ ਦੇ ਖੇਤਰ ਵਿੱਚ ਰਹਿੰਦੇ ਸਨ ਅਤੇ ਅਬੀਸੀਨੀਆ ਨਾਲ ਹੋਣ ਵਾਲੇ ਵਪਾਰ 'ਤੇ ਉਨ੍ਹਾਂ ਦਾ ਕਬਜ਼ਾ ਹੋ

ਗਿਆ ਸੀ। ਉਸ ਤੋਂ ਬਾਅਦ ਏਸ਼ੀਆਈ ਵਪਾਰ ਮਾਰਗਾਂ 'ਤੇ ਵੀ ਉਨ੍ਹਾਂ ਨੇ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਈਸਾ ਦੀਆਂ ਆਰੰਭਕ ਸਦੀਆਂ ਵਿੱਚ ਕੁਰੈਸ਼ ਕਬੀਲੇ ਦੀ ਰਾਜਧਾਨੀ ਮੱਕਾ ਵਿੱਚ ਸੀ ਤੇ ਉੱਥੇ ਦੱਖਣ ਤੋਂ ਉੱਤਰ ਅਤੇ ਪੂਰਬ ਤੋਂ ਪੱਛਮ ਦੇ ਵਪਾਰ ਮਾਰਗ ਮਿਲਦੇ ਸਨ। ਅਰਬ ਸਾਗਰ ਦੇ ਕੰਢੇ 'ਤੇ ਯਮਨ ਵਿੱਚ ਕੁਰੈਸ਼ ਕਬੀਲੇ ਦੇ ਲੋਕ ਆਉਣ ਵਾਲੀਆਂ ਚੀਜ਼ਾਂ ਨੂੰ ਆਪਣੇ ਕਾਫਲਿਆਂ ਵਿੱਚ ਲੈਂਦੇ ਸਨ ਤੇ ਅਦਨ ਵਿੱਚ ਅਬੀਸੀਨੀਆ ਤੋਂ ਆਉਣ ਵਾਲੀਆਂ ਕੀਮਤੀ ਅਫਰੀਕੀ ਵਸਤੂਆਂ ਪ੍ਰਾਪਤ ਕਰਦੇ ਸਨ। ਉੱਤਰ ਵੱਲ ਦੀ ਯਾਤਰਾ ਕਰਕੇ ਕਾਫ਼ਲੇ ਦਮਿਸ਼ਕ ਦੀਆਂ ਗੁਲਜ਼ਾਰ ਮੰਡੀਆਂ ਵਿੱਚ ਰੁਕਦੇ ਸਨ। ਉਥੋਂ ਉਹ ਅਨਾਜ ਤੇ ਹੋਰ ਪੈਦਾਵਾਰੀ ਚੀਜ਼ਾਂ ਦਾ ਵਟਾਂਦਰਾ ਇਤਰ, ਮੋਤੀ, ਜਵਾਹਰਾਤ ਤੇ ਹਾਥੀ ਦੰਦ ਦੀਆਂ ਵਸਤੂਆਂ ਨਾਲ ਕਰਦੇ ਸਨ। ਉਨ੍ਹਾਂ ਦੇ ਵਪਾਰਕ ਲਾਭ ਸਦਕੇ ਹੀ ਮੱਕੇ ਦੇ ਰਸਤੇ ਵਿੱਚ ਖੁਸ਼ਹਾਲੀ ਪੱਸਰੀ ਨਜ਼ਰ ਆਉਂਦੀ ਸੀ। ਬਾਅਦ ਵਿੱਚ ਜਦ ਪੂਰਬ ਤੇ ਪੱਛਮ ਦਾ ਵਪਾਰ ਵੀ ਮੱਕਾ ਹੋ ਕੇ ਗੁਜ਼ਰਨ ਲੱਗਿਆ ਤਾਂ ਕੁਰੈਸ਼ ਕਬੀਲੇ ਦੀ ਖੁਸ਼ਹਾਲੀ ਵਧ ਗਈ, ਇਸ ਨਾਲ ਉਨ੍ਹਾਂ ਦੀਆਂ ਲਾਲਸਾਵਾਂ ਵੀ ਵਧ ਗਈਆਂ।

ਪਰ ਅਰਬ ਦੇ ਬਾਕੀ ਕਬੀਲੇ ਉਨ੍ਹਾਂ ਦੀ ਆਜ਼ਾਦੀ ਅਤੇ ਖੁਸ਼ਹਾਲੀ ਨਾਲ ਈਰਖਾ ਕਰਨ ਲੱਗੇ। ਉਹ ਆਪਣੀਆਂ ਰਵਾਇਤਾਂ ਦੇ ਅਨੁਸਾਰ ਹੀ ਕਾਨੂੰਨਾਂ ਅਤੇ ਨੈਤਿਕਤਾ ਦਾ ਵਿਹਾਰ ਕਰਦੇ ਸਨ ਤੇ ਇਸ ਗੱਲ ਦੀ ਉਨ੍ਹਾਂ ਨੂੰ ਕੋਈ ਚਿੰਤਾ ਹੀ ਨਹੀਂ ਸੀ ਕਿ ਉਹ ਕਾਨੂੰਨ ਕਿਵੇਂ ਪੈਦਾ ਹੋਏ ਹਨ। ਉਨ੍ਹਾਂ ਦੇ ਹਮਲਾਵਰ ਅਤੇ ਸੁਰੱਖਿਆਤਮਕ ਕਾਰਜਾਂ ਨੇ ਕੁਲੀਨ ਆਚਰਣ ਦਾ ਰੂਪ ਲੈ ਲਿਆ। ਪੁਰਾਣੇ ਤਰੀਕੇ ਦੀ ਲੁੱਟ-ਖੋਹ ਦਾ, ਜਿਸਦੇ ਸ਼ਿਕਾਰ ਓਪਰੇ ਲੋਕ ਹੁੰਦੇ ਸਨ, ਨਵੇਂ ਰਾਸ਼ਟਰੀ ਧੰਦੇ ਤੇ ਵਪਾਰ ਉੱਪਰ ਖ਼ਤਰਨਾਕ ਪ੍ਰਭਾਵ ਪੈਂਦਾ ਸੀ। ਉਸ ਦਿਸ਼ਾ ਵਿੱਚ ਅਗਲੇਰੇ ਰਾਜਸੀ ਵਿਕਾਸ ਲਈ ਇਹ ਲਾਜ਼ਮੀ ਸ਼ਰਤ ਸੀ ਕਿ ਕਬੀਲਿਆਂ ਦੇ ਆਪਸੀ ਯੁੱਧਾਂ ਨੂੰ ਖ਼ਤਮ ਕੀਤਾ ਜਾਵੇ। ਇਤਿਹਾਸਕ ਘਟਨਾਵਾਂ ਦੀ ਹੋਣੀ ਦੇ ਫਲਸਰੂਪ ਏਕਤਾ ਦੀ ਸਥਾਪਨਾ ਬੇਹੱਦ ਲਾਜ਼ਮੀ ਹੋ ਗਈ ਤਾਂ ਜੋ ਇਤਿਹਾਸਕ ਟੀਚੇ ਦੀ ਪ੍ਰਾਪਤੀ ਲਈ ਆਰਥਿਕ ਸ਼ਕਤੀਆਂ ਨੂੰ ਇਕਮੁੱਠ ਕੀਤਾ ਜਾ ਸਕੇ। ਇਸ ਮਹੱਤਵਪੂਰਨ ਕਾਰਜ ਲਈ ਇਤਿਹਾਸ ਨੇ ਕੁਰੈਸ਼ ਕਬੀਲੇ ਦੀ ਚੋਣ ਕੀਤੀ।

ਅਰਬ ਕਬੀਲਿਆਂ ਵਿੱਚ ਲਗਾਤਾਰ ਯੁੱਧਾਂ ਦੇ ਦਰਮਿਆਨ ਸਾਰੇ ਕਬੀਲੇ 'ਮੱਕਾ' ਦੇ ਕੋਲ 'ਕਾਅਬਾ' ਦੇ ਮੰਦਰ ਵਿੱਚ ਪਾਠ-ਪੂਜਾ ਕਰਦੇ ਅਤੇ ਬਲੀਦਾਨ ਦਿੰਦੇ ਸਨ। ਕੁਰੈਸ਼ ਲੋਕਾਂ ਨੇ ਰਾਸ਼ਟਰੀ ਤੀਰਥ 'ਤੇ ਕਬਜ਼ਾ ਕਰ ਲਿਆ ਸੀ ਅਤੇ ਉਸ ਪੂਜਾ ਸਥਾਨ ਉਤੇ ਹਾਸ਼ਮੀ ਲੋਕਾਂ ਦਾ ਅਧਿਕਾਰ ਹੋ ਗਿਆ ਸੀ, ਜੋ ਉਸ ਕਬੀਲੇ ਦਾ ਸਭ ਤੋਂ ਅਹਿਮ ਮੱਠ ਸੀ। ਇਸੇ ਦੇ ਕਰਕੇ ਹੀ ਹਾਸ਼ਮੀ ਲੋਕਾਂ ਨੂੰ ਸਾਰੇ ਕਬੀਲਿਆਂ ਦਾ ਵਿਆਪਕ ਸਨਮਾਨ ਤੇ ਆਦਰ ਪ੍ਰਾਪਤ ਸੀ। ਇਹ ਆਦਰ ਵਪਾਰ ਵਿੱਚ ਪ੍ਰਾਪਤ ਹੋਣ ਵਾਲੇ ਲਾਭ ਤੋਂ ਵੱਖਰਾ ਸੀ। ਇਸ ਸਥਿਤੀ ਵਿੱਚ ਹਾਸ਼ਮੀ ਲੋਕਾਂ ਨੇ ਅਰਬ ਕਬੀਲਿਆਂ ਦੀ ਏਕਤਾ ਦਾ ਸੱਦਾ ਦਿੱਤਾ ਅਤੇ ਇੱਕ ਨਵੇਂ ਧਰਮ ਦਾ ਉਦੈ ਹੋਇਆ ਜਿਸਨੇ ਸਾਰੇ ਦੇਵਤਿਆਂ ਨੂੰ

ਹਟਾ ਕੇ ਉਸਦੀ ਜਗ੍ਹਾ ਇੱਕ ਨਵੇਂ ਈਸ਼ਵਰ ਨੂੰ ਅਰਾਧਨਾ ਦਾ ਕੇਂਦਰ ਮੰਨਿਆ।

ਹਜ਼ਰਤ ਮੁਹੰਮਦ ਦੇ ਕਠੋਰ ਏਕੀਸ਼ਵਰਵਾਦ ਵਿੱਚ ਉਸ ਏਕਤਾ ਦੀ ਇੱਛਾ ਨੇ ਅਮਲੀ ਰੂਪ ਗ੍ਰਹਿਣ ਕੀਤਾ। ਇਸਦੇ ਆਧਾਰ 'ਤੇ ਉਨ੍ਹਾਂ ਕਬੀਲਿਆਂ ਦੇ ਆਪਸੀ ਝਗੜੇ ਖਤਮ ਹੋਏ ਅਤੇ ਉਨ੍ਹਾਂ ਗੁਆਂਢੀ ਰਾਸ਼ਟਰਾਂ ਵਿੱਚ ਸੁਆਗਤ ਹੋਇਆ ਜਿੱਥੇ ਕੈਥੋਲਿਕ ਈਸਾਈ ਮਤ ਦੀ ਧਾਰਮਿਕ ਅਸਹਿਣਸ਼ੀਲਤਾ ਤੋਂ ਲੋਕ ਪਰੇਸ਼ਾਨ ਸਨ। ਫ਼ਾਰਸ, ਮੈਸੋਪਟਾਮੀਆ, ਸੀਰੀਆ, ਫਲਸਤੀਨ ਅਤੇ ਮਿਸਰ ਵਿੱਚ ਮੈਗਾਈ ਰਹੱਸਵਾਦੀਆਂ, ਯੂਹਦੀ ਕੱਟੜਤਾ ਅਤੇ ਈਸਾਈ ਧਰਮ ਦੀ ਅੰਧ ਪੈਰਵੀ ਨਾਲ ਧਾਰਮਿਕ ਰੂਪ ਵਿੱਚ ਅਸਪੱਸ਼ਟਤਾ ਅਤੇ ਗੜਬੜੀ ਫੈਲੀ ਹੋਈ ਸੀ। ਕਠੋਰ ਰੀਤੀ ਰਿਵਾਜ਼ਾਂ ਨੇ ਧਰਮ ਦੀ ਥਾਂ ਲੈ ਲਈ ਸੀ। ਪਾਖੰਡਪੂਰਨ ਧਾਰਮਿਕ ਵਿਹਾਰ ਦੇ ਕਾਰਨ ਭਗਤੀ ਸਮਾਪਤੀ ਵੱਲ ਸੀ। ਕੱਟੜ ਅਧਿਆਤਮਕਤਾ ਨੇ ਵਿਸ਼ਵਾਸ ਨੂੰ ਖਤਮ ਕਰ ਦਿੱਤਾ ਸੀ ਅਤੇ ਪਰਮਾਤਮਾ ਦੇਵਦੂਤਾਂ, ਸੰਤਾਂ ਅਤੇ ਮਹੰਤਾਂ ਦੀ ਅੰਨ੍ਹੀ ਭੀੜ ਵਿੱਚ ਕਿਤੇ ਗਵਾਚ ਗਿਆ ਸੀ। ਨਵੇਂ ਧਰਮ ਦਾ ਨਾਅਰਾ ਸੀ-ਸਿਰਫ ਇੱਕ ਈਸ਼ਵਰ ਹੈ। ਇਸ ਵਿਸ਼ਵਾਸ ਨੂੰ ਸਹਿਣਸ਼ੀਲਤਾ ਨਾਲ ਕੋਮਲ ਬਣਾ ਦਿੱਤਾ ਗਿਆ ਸੀ। ਪੀੜਤ ਜਨ ਸਮੂਹਾਂ ਨੇ ਇਸ ਨਵੀਂ ਧਾਰਮਿਕਤਾ ਦਾ ਉਤਸ਼ਾਹਪੂਰਨ ਢੰਗ ਨਾਲ ਸਵਾਗਤ ਕੀਤਾ। ਇਸ ਧਰਮ ਨੇ ਹੀ ਬੌਧਿਕ ਦੀਵਾਲੀਏਪਨ ਅਤੇ ਅਧਿਆਤਮਕ ਅਵਿਵਸਥਾ ਤੋਂ ਪੈਦਾ ਹੋਈ ਸਮਾਜਿਕ ਉਥਲ-ਪੁਥਲ ਦੇ ਵਿਸ਼ਾਲ ਸਮੁੰਦਰ ਵਿੱਚੋਂ ਲੋਕਾਈ ਨੂੰ ਉਬਾਰਨ ਲਈ ਇੱਕ ਜਹਾਜ਼ ਦਾ ਕੰਮ ਕੀਤਾ। ਏਕੀਸ਼ਵਰਵਾਦ ਦੇ ਇਤਿਹਾਸਕ ਐਲਾਨ ਨੂੰ ਅਰਬ ਦੇ ਕਾਫਲਿਆਂ ਵਾਲੇ ਵਪਾਰੀਆਂ ਨੇ ਜਾਰੀ ਕੀਤਾ ਜੋ ਯੁੱਧ ਅਤੇ ਵਿਸ਼ਵਾਸਾਂ ਦੇ ਤਬਾਹਕੁੰਨ ਦਵੰਦ ਤੋਂ ਵੱਖਰੇ ਸਨ, ਆਰਥਿਕ ਰੂਪ ਵਿੱਚ ਖੁਸ਼ਹਾਲ ਸਨ ਅਤੇ ਜਿਨ੍ਹਾਂ ਵਿੱਚ ਅਕਹਿ ਅਧਿਆਤਮਕ ਉਤਸ਼ਾਹ ਸੀ, ਜਦੋਂ ਕਿ ਉਨ੍ਹਾਂ ਦੇ ਪੁਰਾਣੇ ਤੇ ਵਧੇਰੇ ਸੱਭਿਅਕ ਕਹੇ ਜਾਂਦੇ ਗੁਆਂਢੀ ਦੇਸ਼ਾਂ ਵਿੱਚ ਉਸੇ ਤਰ੍ਹਾਂ ਤਬਾਹੀ ਅਤੇ ਪਤਨ ਦਾ ਸੰਕਟ ਪੈਦਾ ਹੋ ਗਿਆ ਸੀ। ਏਕੀਸ਼ਵਰਵਾਦ ਵਿੱਚ ਯਕੀਨ ਦੇ ਬੱਝਵੇਂ ਪ੍ਰਚਾਰ ਨੇ ਸੈਨਿਕ ਰਾਜ ਲਈ ਆਧਾਰਭੂਮੀ ਤਿਆਰ ਕੀਤੀ, ਜਿਸ ਨਾਲ ਧਾਰਮਿਕ, ਨਾਗਰਿਕ, ਨਿਆਂਇਕ ਅਤੇ ਪ੍ਰਸ਼ਾਸਨਿਕ ਸਭ ਤਰ੍ਹਾਂ ਦੇ ਕਾਰਜਾਂ ਨੂੰ ਇੱਕ ਸੰਗਠਨ ਦੇ ਅੰਤਰਗਤ ਸੰਗਠਿਤ ਕੀਤਾ ਗਿਆ। ਸਰਾਸੈਨੀ ਸੂਰਮਿਆਂ ਦੇ ਇਸ ਏਕੀਕਰਨ ਨੇ ਨਵੀਨ ਤਰ੍ਹਾਂ ਦੀ ਸਮਾਜਿਕ-ਵਿਵਸਥਾ ਦੀ ਨੀਂਹ ਰੱਖੀ ਜੋ ਪ੍ਰਾਚੀਨ ਸੱਭਿਆਤਾਵਾਂ ਦੇ ਖੰਡਰਾਂ ਦੀ ਤਬਾਹੀ ਤੋਂ ਬਾਅਦ ਮਹਾਨ ਸਰੂਪ ਵਿੱਚ ਸਾਹਮਣੇ ਆਈ। ਇਸ ਪ੍ਰਕਾਰ ਦੇ ਧਰਮ ਦੀ ਖਿੱਚ ਉਨ੍ਹਾਂ ਲੋਕਾਂ ਲਈ ਵਧੇਰੇ ਸੀ ਜੋ ਧਾਰਮਿਕ ਮੱਤਭੇਦਾਂ ਤੋਂ ਪੀੜਤ ਸਨ। ਨਵੇਂ ਧਰਮ ਨੇ ਆਤਮਾ ਦੀ ਆਜ਼ਾਦੀ ਉੱਪਰ ਜ਼ੋਰ ਦਿੱਤਾ ਅਤੇ ਉਸਨੂੰ ਮੰਨਣ ਵਾਲਿਆਂ ਨੂੰ ਬਰਾਬਰ ਰੂਪ ਵਿੱਚ ਸੁਰੱਖਿਆਤਮਕ ਪਨਾਹ ਪ੍ਰਦਾਨ ਕੀਤੀ। ਇਸਲਾਮ ਦਾ ਆਰੰਭ ਧਾਰਮਿਕ ਦਮਨ ਦੇ ਵਿਰੋਧ ਵਿੱਚ ਪੀੜਤ ਲੋਕਾਂ ਦੀ ਪਨਾਹ ਦੇ ਰੂਪ ਵਿੱਚ ਹੋਇਆ।

ਸਹਿਣਸ਼ੀਲ ਸੁਭਾਅ, ਵਿਸ਼ਵਵਿਆਪੀ ਭਾਵਨਾ ਅਤੇ ਜਮਹੂਰੀ ਨੀਤੀ ਤੇ

ਇਸਲਾਮ ਧਰਮ ਦੇ ਏਕੀਸ਼ਵਰਵਾਦ ਦੇ ਸਿਧਾਂਤ ਅਰਬ ਦੇਸ਼ ਦੀ ਭੂਗੋਲਿਕ ਸਥਿਤੀ ਦੀ ਦੇਣ ਸਨ। ਉਸਦੇ ਚਾਰੇ ਪਾਸੇ ਉਥੋਂ ਦੇ ਸਥਾਨਕ ਨਿਵਾਸੀਆਂ ਦੇ ਦਮਨ ਦਾ ਕਾਰਨ ਨਿਰੰਕੁਸ਼ਤਾ ਸੀ ਅਤੇ ਬਦੇਸ਼ੀ ਹਮਲਾਵਰ ਉਨ੍ਹਾਂ ਦੀ ਲੁੱਟ ਖੋਹ ਕਰਦੇ ਸਨ। ਪਰ ਅਰਬੀ ਲੋਕਾਂ ਨੇ ਆਪਣੀ ਆਜ਼ਾਦੀ ਦੀ ਰੱਖਿਆ ਕੀਤੀ ਸੀ। ਮਿਸਰ ਤੇ ਫ਼ਾਰਸ ਵਿੱਚ ਜਿਨ੍ਹਾਂ ਲੋਕਾਂ ਦੇ ਦਮਨ ਦਾ ਕਾਰਨ ਈਸਾਈ ਸੰਪਰਦਾਇ ਸਨ, ਉਹ ਦੌੜ ਕੇ ਅਰਬ ਖੇਤਰਾਂ ਵਿੱਚ ਚਲੇ ਜਾਂਦੇ ਸਨ, ਉਥੇ ਉਨ੍ਹਾਂ ਨੂੰ ਸ਼ਰਣ ਵੀ ਮਿਲਦੀ ਸੀ ਅਤੇ ਆਪਣੇ ਵਿਸ਼ਵਾਸਾਂ ਅਨੁਸਾਰ ਵਿਹਾਰ ਕਰਨ ਦੀ ਖੁੱਲ੍ਹ ਵੀ ਅਸਾਨੀ ਨਾਲ ਮਿਲ ਜਾਂਦੀ ਸੀ। ਜਦ ਅਸੀਰੀਆਈ ਸਾਮਰਾਜ 'ਤੇ ਫ਼ਾਰਸ ਦੀ ਜਿੱਤ ਹੋ ਗਈ ਤਾਂ ਬੇਬੀਲੋਨ ਦੇ ਕੁਰਬਾਨੀ ਵਾਲੇ ਸਥਾਨਾਂ 'ਤੇ ਮੈਗੀ ਲੋਕਾਂ ਦਾ ਅਧਿਕਾਰ ਹੋ ਗਿਆ ਤੇ ਪ੍ਰਾਚੀਨ ਸਬੀਅਨ ਪੁਜਾਰੀ ਆਪਣੇ ਪੁਰਾਣੇ ਵਿਸ਼ਵਾਸਾਂ 'ਤੇ ਜੋਤਿਸ਼ ਗਿਆਨ ਸਮੇਤ ਅਰਬ-ਖੇਤਰ ਵਿੱਚ ਸੁਰੱਖਿਆ ਲਈ ਚਲੇ ਗਏ। ਇਸ ਤੋਂ ਪਹਿਲਾਂ ਅਸੀਰੀਆਈ ਹਲਮਾਵਰਾਂ ਤੋਂ ਬਚਣ ਲਈ ਇਸਰਾਈਲੀ ਬਾਸ਼ਿੰਦਿਆਂ ਨੇ ਵੀ ਅਰਬ ਵਿੱਚ ਸ਼ਰਨ ਲਈ ਸੀ। ਸਾਰੇ ਹਿਬਰੂ ਮਸੀਹਿਆਂ ਅਤੇ 'ਜਾਨ ਦੀ ਬਪਤਿਸਤ' ਤੱਕ ਨੇ ਵੀ ਅਰਬ ਦੇ ਰੇਗਿਸਤਾਨ ਵਿੱਚ ਜੀਵਨ ਬਤੀਤ ਕੀਤਾ, ਸਾਧਨਾ ਕੀਤੀ ਅਤੇ ਆਪਣੇ ਵਿਚਾਰਾਂ ਦਾ ਪ੍ਰਚਾਰ-ਪ੍ਰਸਾਰ ਕੀਤਾ ਸੀ। ਸਿਕੰਦਰ ਦੇ ਹਮਲੇ ਨੇ ਅਸੀਰੀਆ ਲੋਕਾਂ 'ਤੇ ਹੋਏ ਹਮਲੇ ਦਾ ਬਦਲਾ ਲਿਆ। ਉਸ ਸਮੇਂ ਜ਼ਰੁਸਟਰ ਦੇ ਕੱਟੜ ਮੁਰੀਦ ਵੀ, ਜੋ ਆਪਣੇ ਵਿਸ਼ਵਾਸਾਂ ਨੂੰ ਯੂਨਾਨ ਦੇ ਧਾਰਮਿਕ ਅੰਧ-ਵਿਸ਼ਵਾਸਾਂ ਤੋਂ ਬਚਾਉਣਾ ਚਾਹੁੰਦੇ ਸਨ ਤੇ ਜੋ ਉਨ੍ਹਾਂ ਦੀ ਪਵਿੱਤਰਤਾ ਦੀ ਰਖਵਾਲੀ ਕਰਨਾ ਚਾਹੁੰਦੇ ਸਨ, ਅਰਬ ਰੇਗਿਸਤਾਨ ਦੇ ਆਜ਼ਾਦ ਵਾਤਾਵਰਣ ਵਿੱਚ ਚਲੇ ਗਏ ਤੇ ਉਥੇ ਬੇਬੀਲੋਨ ਦੇ ਵਿਰੋਧੀਆਂ ਨਾਲ ਸਹਿਯੋਗ ਕੀਤਾ।

ਪੂਰਵਲੇ ਰਹੱਸਵਾਦੀ ਧਾਰਮਿਕ ਮੱਤਾਂ ਜਿਵੇਂ ਰਹੱਸਵਾਦੀ ਬ੍ਰਹਮ ਗਿਆਨਵਾਦੀਆਂ ਅਤੇ ਪ੍ਰਤੱਖ ਗਿਆਨਵਾਦੀਆਂ ਦੇ ਮਿਲੇ-ਜੁਲੇ ਵਿਚਾਰਾਂ ਅਤੇ ਯੂਨਾਨੀ ਅਧਿਆਤਮਵਾਦ ਅਤੇ ਈਸਾਈ ਧਾਰਮਿਕ ਕਥਾਵਾਂ ਸਭ ਦਾ ਪ੍ਰਚਲਨ ਅਰਬ ਦੇ ਰੇਗਿਸਤਾਨ ਵਿੱਚ ਆਜ਼ਾਦੀਪੂਰਨ ਤਰੀਕੇ ਨਾਲ ਹੋਇਆ। ਅੰਤ ਵਿੱਚ ਕੈਥੋਲਿਕ ਈਸਾਈ ਮੱਤ ਦੇ ਲੋਕ ਵੀ ਜੋ ਨਸਟੋਰੀਆਈ ਜੈਕੋਬਾਈਟ ਅਤੇ ਯੂਰੀਚੀਅਪਨ ਵਿਚਾਰਾਂ ਦੇ ਮੱਤਭੇਦਾਂ ਨੂੰ ਮੰਨਦੇ ਸਨ, ਯੂਨਾਨੀ ਈਸਾਈ ਮੱਤ ਦੀ ਅੰਨ੍ਹੀ ਧਾਰਮਿਕਤਾ ਤੋਂ ਬਚਣ ਅਤੇ ਆਪਣੇ ਵਿਚਾਰਾਂ/ਵਿਸ਼ਵਾਸਾਂ ਦੀ ਸਾਦਗੀ ਨੂੰ ਬਚਾਈ ਰੱਖਣ ਲਈ ਅਰਬ ਖੇਤਰ ਵਿੱਚ ਪਹੁੰਚੇ ਸਨ। ਭਿੰਨ-ਭਿੰਨ ਧਾਰਮਿਕ ਵਿਸ਼ਵਾਸਾਂ ਦੇ ਲੋਕਾਂ ਨੇ ਅਰਬ ਖੇਤਰ ਵਿੱਚ ਪ੍ਰਾਪਤ ਆਜ਼ਾਦੀ ਕਾਰਨ ਇਕ-ਦੂਸਰੇ ਦੇ ਮੱਤਵਾਦ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤੇ ਉਨ੍ਹਾਂ ਨੂੰ ਸਮਾਨਤਾਵਾਂ ਦੇਖਣ ਦਾ ਮੌਕਾ ਪ੍ਰਾਪਤ ਹੋਇਆ। ਸਹਿਣਸ਼ੀਲਤਾ ਦੇ ਸ਼ਾਂਤ ਵਾਤਾਵਰਣ ਵਿੱਚ ਉਨ੍ਹਾਂ ਦੇ ਵਿਚਾਰਾਂ ਵਿਚਲੇ ਆਪਸੀ ਮੱਤਭੇਦ ਖਤਮ ਹੋਏ ਅਤੇ ਇੱਕ-ਦੂਸਰੇ ਪ੍ਰਤੀ ਕਠੋਰ ਰਵੱਈਆ ਅਪਨਾਉਣ ਦੀ ਭਾਵਨਾ ਵੀ ਖਤਮ ਹੋਈ। ਉਨ੍ਹਾਂ ਲੋਕਾਂ ਦੇ ਮੱਤਾਂ ਦੇ ਉਪਦੇਸ਼ਾਂ ਦੀਆਂ ਸਾਂਝੀਆਂ ਭਾਵਨਾਵਾਂ ਦਾ ਪ੍ਰਭਾਵ ਬੱਦੂਆਂ 'ਤੇ ਵੀ ਪਿਆ। ਸੰਖੇਪ

ਵਿੱਚ ਕਿਹਾ ਜਾਵੇ ਤਾਂ ਮਾਰੂਥਲ ਦੇ ਅਸਭਿਆ ਸਮਝੇ ਜਾਣ ਵਾਲੇ ਲੋਕਾਂ ਨੂੰ ਪ੍ਰਾਚੀਨ ਧਰਮਾਂ ਦੀਆਂ ਸਭ ਚੰਗਿਆਈਆਂ ਦਾ ਉੱਤਰਅਧਿਕਾਰ ਪ੍ਰਾਪਤ ਹੋਇਆ ਤੇ ਉਨ੍ਹਾਂ ਵਿੱਚ ਇਕ ਈਸ਼ਵਰ ਵਿੱਚ ਯਕੀਨ ਅਤੇ ਨਿਸ਼ਠਾ ਦੀ ਭਾਵਨਾ ਦ੍ਰਿੜ੍ਹ ਹੋ ਗਈ। ਈਸ਼ਵਰ ਜਾਂ ਅੱਲਾਹ ਮਹਾਨ ਹੈ, ਉਹ ਧਰਤ ਅਤੇ ਜੰਨਤ ਵਿੱਚ ਸਰਵਸ਼ਕਤੀਮਾਨ ਹੈ ਤੇ ਉਸਦੇ ਮਨੁੱਖ ਜਾਤੀ ਦੇ ਕਲਿਆਣ ਲਈ ਸਮੇਂ ਸਮੇਂ 'ਤੇ ਆਪਣੀ ਸੱਤਾ ਮਸੀਹਿਆਂ ਰਾਹੀਂ ਪ੍ਰਗਟ ਕੀਤੀ ਹੈ। ਇਹੀ ਇਸਲਾਮ ਦਾ ਤੱਤਸਾਰ ਹੈ ਜੋ ਅਰਬ ਜਾਤੀ ਦੀ ਅਧਿਆਤਮਕ ਚੇਤਨਾ ਦੇ ਰੂਪ ਵਿੱਚ ਹਜ਼ਰਤ ਮੁਹੰਮਦ ਸਾਹਿਬ ਤੋਂ ਵੀ ਪਹਿਲਾਂ ਤੋਂ ਮੌਜੂਦ ਸੀ। ਉਸੇ ਦੇ ਆਧਾਰ 'ਤੇ ਹਜ਼ਰਤ ਮੁਹੰਮਦ ਨੇ ਨਵੇਂ ਧਰਮ ਦੀ ਨੀਂਹ ਰੱਖੀ। ਇਸਲਾਮ ਦੀ ਭਾਵਨਾ ਦੀ ਖੋਜ ਹਜ਼ਰਤ ਮੁਹੰਮਦ ਨੇ ਨਹੀਂ ਕੀਤੀ ਤੇ ਨਾ ਹੀ ਉਸ ਨੂੰ ਇਸਦਾ ਰੱਬੀ ਹੁਕਮ ਪ੍ਰਾਪਤ ਹੋਇਆ ਸੀ। ਉਹ ਇਤਿਹਾਸ ਦੀ ਐਸੀ ਵਿਰਾਸਤ ਸੀ ਜੋ ਅਰਬ ਦੇਸ਼ ਨੂੰ ਪ੍ਰਾਪਤ ਹੋਈ ਸੀ। ਹਜ਼ਰਤ ਮੁਹੰਮਦ ਦੀ ਮਹਾਨਤਾ ਤੇ ਉਨ੍ਹਾਂ ਦੀ ਯੋਗਤਾ ਇਸ ਗੱਲ ਵਿੱਚ ਸੀ ਕਿ ਉਨ੍ਹਾਂ ਨੇ ਇਸ ਉੱਤਰਅਧਿਕਾਰ ਦੇ ਮਹੱਤਵ ਨੂੰ ਸਮਝਿਆ ਤੇ ਆਪਣੇ ਦੇਸ਼ਵਾਸੀਆਂ ਨੂੰ ਉਸ ਪ੍ਰਤੀ ਸੁਚੇਤ ਕੀਤਾ।

ਅਰਬ ਲੋਕਾਂ ਨੂੰ ਸਰਵਸ਼ਕਤੀਮਾਨ ਇੱਕ ਈਸ਼ਵਰ ਦੀ ਭਾਵਨਾ ਪ੍ਰਾਪਤ ਹੋ ਚੁੱਕੀ ਸੀ, ਪਰ ਆਪਣੀਆਂ ਆਦਤਾਂ ਅਤੇ ਆਪਣੇ-ਆਪਣੇ ਕਬੀਲਿਆਂ ਦੇ ਹਿੱਤਾਂ ਦੇ ਕਾਰਨ ਉਹ ਬਹੁਦੇਵਵਾਦ ਦੇ ਅਨੁਸਾਰ ਹੀ ਦੇਵਤਿਆਂ ਦੀ ਪੂਜਾ ਕਰਦੇ ਸਨ। ਪੁਰਾਣੇ ਧਰਮਾਂ ਦੇ ਸਾਰਥਿਕ ਸਿੱਟਿਆਂ ਦੇ ਆਧਾਰ 'ਤੇ ਉਨ੍ਹਾਂ ਨੂੰ ਇਤਿਹਾਸ ਦਾ ਉੱਤਰਅਧਿਕਾਰ ਮਿਲਿਆ ਸੀ ਤੇ ਉਸ ਦੇ ਕਾਰਨ ਹੀ ਉਨ੍ਹਾਂ ਨੇ ਰਵਾਇਤੀ ਬਹੁਦੇਵਵਾਦੀ ਪੂਜਾ ਅਰਾਧਨਾ ਵਿੱਚ ਤਬਦੀਲੀ ਕੀਤੀ ਸੀ। ਇਸ ਉਦੇਸ਼ ਲਈ ਮਹਾਨ ਕੋਸ਼ਿਸ਼ਾਂ ਦੀ ਲੋੜ ਸੀ ਤੇ ਮੱਕਾ ਇਸਦਾ ਕੇਂਦਰ-ਬਿੰਦੂ ਸੀ ਜਿੱਥੇ ਪੁਰਾਣੇ ਵਿਸ਼ਵਾਸਾਂ ਉੱਪਰ ਤਕੜੀ ਸੱਟ ਮਾਰਨ ਦੀ ਲੋੜ ਸੀ।

ਅਰਬ ਕਬੀਲਿਆਂ ਵਿੱਚ ਪਾਈ ਜਾਂਦੀ ਆਜ਼ਾਦੀ ਦੀ ਭਾਵਨਾ ਤੇ ਆਪਸੀ ਤਬਾਹਕੁੰਨ ਯੁੱਧਾਂ ਵਿੱਚ ਰੁੱਝੇ ਕਬੀਲਿਆਂ ਨੇ ਮੱਕਾ ਵਿੱਚ ਆਪਸੀ ਝਗੜਿਆਂ ਨੂੰ ਸੁਲਝਾ ਕੇ ਆਪਸ ਵਿੱਚ ਸੁਲਾਹ ਕੀਤੀ। ਸਾਰੇ ਵਪਾਰ ਮਾਰਗ ਉਥੇ ਮਿਲਦੇ ਸਨ। ਪਾਟੋਧਾੜ ਹੋਏ ਪਏ ਅਰਬ ਕਬੀਲਿਆਂ ਦੇ ਆਰਥਿਕ ਹਿੱਤਾਂ ਦੀ ਏਕਤਾ ਨੇ ਉਨ੍ਹਾਂ ਵਿੱਚ ਅਧਿਆਤਮਕ ਏਕਤਾ ਮੱਕਾ ਵਿੱਚ ਸਥਾਪਿਤ ਕੀਤੀ। ਸਾਰੇ ਅਰਬ ਕਬੀਲਿਆਂ ਦੇ ਮੱਕਾ ਪਹੁੰਚਣ 'ਤੇ ਉਹ ਕਾਅਬਾ ਵਿੱਚ ਅਰਾਧਨਾ ਕਰਦੇ ਸਨ। ਉਨ੍ਹਾਂ ਵਿੱਚੋਂ ਹਰੇਕ ਦੇ ਆਪਣੇ ਵਿਸ਼ਵਾਸ ਦੇ ਅਨੁਸਾਰ ਅੱਡ ਅੱਡ ਪ੍ਰਤੀਕ ਸਨ। ਕਾਅਬਾ ਦੇ ਮੰਦਰ ਵਿੱਚ ਤਿੰਨ ਸੌ ਸੱਠ ਮੂਰਤੀਆਂ ਸਨ ਜਿਨ੍ਹਾਂ ਵਿੱਚ ਮਨੁੱਖ, ਪੰਛੀ ਅਤੇ ਸ਼ੇਰ ਆਦਿ ਦੀਆਂ ਮੂਰਤੀਆਂ ਸਨ। ਇਨ੍ਹਾਂ ਵਿੱਚੋਂ ਕੁਰੈਸ਼ ਕਬੀਲਿਆਂ ਸਭ ਤੋਂ ਰੱਜਿਆ ਹੋਇਆ ਸੀ। ਜਦਕਿ ਹਾਸ਼ਮੀ ਕਬੀਲੇ ਦਾ ਕਾਅਬਾ ਦੇ ਮੁੱਖ ਮੰਦਰ 'ਤੇ ਅਧਿਕਾਰ ਸੀ। ਇਹ ਸੁਭਾਵਿਕ ਹੀ ਸੀ ਕਿ ਨਵੇਂ ਵਿਸ਼ਵਾਸ ਦੀ ਨਵੀਨ ਭਾਵਨਾ ਨੂੰ ਜਿਸ ਨਾਲ ਆਰਥਿਕ ਹਿੱਤਾਂ ਦੇ ਆਧਾਰ

’ਤੇ ਰਾਸ਼ਟਰੀ ਏਕਤਾ ਵਧ ਸਕਦੀ ਸੀ, ਰਾਸ਼ਟਰ ਦੇ ਕੇਂਦਰੀ ਸਥਾਨ ਮੱਕਾ ਅਤੇ ਕਾਅਬਾ ਵਿੱਚ ਸੁਚੇਤ ਤੌਰ ’ਤੇ ਸਥਾਪਿਤ ਕੀਤਾ ਜਾਵੇ। ਇਸੇ ਆਧਾਰ ’ਤੇ ਹਾਸ਼ਮੀ ਕਬੀਲੇ ਦੇ ਲੋਕਾਂ ਨੇ ਨਵੇਂ ਧਰਮ ਦਾ ਉਪਦੇਸ਼ ਦੇਣਾ ਤੇ ਪ੍ਰਚਾਰ ਕਰਨਾ ਆਰੰਭ ਕੀਤਾ।

ਇੱਕ ਵਾਰ ਜਦ ਹਾਸ਼ਮੀ ਅਤੇ ਕੁਰੈਸ਼ ਕਬੀਲਿਆਂ ਨੇ ਨਵੇਂ ਧਰਮ ਨੂੰ ਸਵੀਕਾਰ ਕਰ ਲਿਆ ਤਾਂ ਅਰਬ ਦੇ ਬਾਕੀ ਕਬੀਲਿਆਂ ਨੇ ਵੀ ਉਸਦਾ ਪਾਲਣ ਕੀਤਾ। ਜਿਨ੍ਹਾਂ ਲੋਕਾਂ ਦਾ ਮੱਕਾ ਦੇ ਵਪਾਰ ’ਤੇ ਕਬਜ਼ਾ ਸੀ। ਉਹ ਪੂਰੇ ਅਰਬ ਰਾਸ਼ਟਰ ਦੇ ਲੋਕਾਂ ਵਿੱਚ ਨਵੇਂ ਧਰਮ ਅਤੇ ਵਿਸ਼ਵਾਸ ਦਾ ਪ੍ਰਚਾਰ ਸੌਖੀ ਤਰ੍ਹਾਂ ਕਰ ਸਕਦੇ ਸਨ। ਪਰ ਆਪਣੇ ਅੰਧ-ਵਿਸ਼ਵਾਸਾਂ ਦੇ ਕਰਕੇ ਕੁਰੈਸ਼ ਲੋਕ ਆਪਣੀ ਹੀ ਜਾਤੀ ਦੇ ਲੋਕਾਂ ਦਾ ਦਮਨ ਕਰਨ ਲੱਗੇ। ਉਨ੍ਹਾਂ ਨੂੰ ਇਸ ਗੱਲ ਦਾ ਅੰਦੇਸ਼ਾ ਵੀ ਸੀ ਕਿ ਕਾਅਬਾ ਦੇ ਮੰਦਰ ਵਿੱਚ ਗੜਬੜੀ ਕਰਨ ਨਾਲ ਵਪਾਰਕ ਕੇਂਦਰ ਮੱਕਾ ਤੋਂ ਹਟ ਜਾਵੇਗਾ। ਮਦੀਨਾ ਨੇ ਹਜ਼ਰਤ ਮੁਹੰਮਦ ਸਾਹਿਬ ਦੁਆਰਾ ਪ੍ਰਚਾਰਿਤ ਧਰਮ ਦਾ ਸਮਰਥਨ ਕੀਤਾ ਅਤੇ ਏਕਤਾ ਲਈ ਦਿੱਤੇ ਸੱਦੇ ਦਾ ਪ੍ਰਭਾਵ ਦੂਜੇ ਖੇਤਰਾਂ ਉੱਪਰ ਵੀ ਪਿਆ। ਇਕ-ਇਕ ਕਰਕੇ ਕੱਟੜ ਕੁਰੈਸ਼ ਵੀ ਆਪਣੀ ਕੱਟੜਤਾ ਛੱਡਣ ਲੱਗੇ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਹਾਸ਼ਮੀ ਲੋਕਾਂ ਦਾ ਸਮਰਥਨ ਕਰਨਾ ਆਰੰਭ ਕਰ ਦਿੱਤਾ। ਕੁਝ ਸਮੇਂ ਬਾਅਦ ਹੀ ਕੁਰੈਸ਼ ਲੋਕਾਂ ਨੇ ਆਪਣੀ ਜਲਾਵਤਨ ਬਿਰਾਦਰੀ ਸਾਹਮਣੇ ਸਮਰਪਣ ਕਰ ਦਿੱਤਾ। ਉਸ ਤੋਂ ਬਾਅਦ ਇਸਲਾਮ ਦੇ ਮਸੀਹਾ ਅਤੇ ਸਿਪਾਹਸਲਾਰ ਦੇ ਝੰਡੇ ਉੱਤੇ ਉਨ੍ਹਾਂ ਦਾ ਕਬਜ਼ਾ ਹੋ ਗਿਆ।

ਹਜ਼ਰਤ ਮੁਹੰਮਦ ਦੇ ਪੈਰੋਕਾਰਾਂ ਦੁਆਰਾ ਮੱਕਾ ’ਤੇ ਅਧਿਕਾਰ ਕਰਦਿਆਂ ਹੀ ਇਹ ਹੁਕਮ ਜਾਰੀ ਕੀਤਾ ਗਿਆ ਕਿ ਮੱਕਾ ਦੇ ਪਵਿੱਤਰ ਸ਼ਹਿਰ ਵਿੱਚ ਕਿਸੇ ਅਵਿਸ਼ਵਾਸੀ ਬੰਦੇ ਨੂੰ ਨਾ ਆਉਣ ਦਿੱਤਾ ਜਾਵੇ। ਨਵੇਂ ਧਰਮ ਨੂੰ ਪੂਰੇ ਅਰਬ ਰਾਸ਼ਟਰ ’ਤੇ ਲਾਗੂ ਕੀਤਾ ਗਿਆ ਤੇ ਉਸ ਦਾ ਮੁੱਖ ਹਥਿਆਰ ਆਰਥਿਕ ਅਸਹਿਯੋਗ ਦਾ ਡਰ ਸੀ। ਕਾਅਬਾ ਦੇ ਮੰਦਰ ਵਿੱਚੋਂ ਸਾਰੀਆਂ ਮੂਰਤੀਆਂ ਹਟਾ ਦਿੱਤੀਆਂ ਗਈਆਂ ਤੇ ਉਸ ਨੂੰ ਹਜ਼ਰਤ ਮੁਹੰਮਦ ਦੇ ਖੁਦਾ ਜਾਂ ਅੱਲਾਹ ਦਾ ਇਕਲੌਤਾ ਪੂਜਾ ਕੇਂਦਰ ਬਣਾ ਦਿੱਤਾ। ਇੱਕ ਵਾਰ ਨਵੇਂ ਧਰਮ ਦਾ ਝੰਡਾ ਝੁਲਾਏ ਜਾਣ ਤੋਂ ਬਾਅਦ ਪੂਰੀ ਅਰਬ ਜਾਤੀ ਉਸ ਦੇ ਥੱਲੇ ਇਕੱਤਰ ਹੋ ਗਈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਨਵੇਂ ਧਰਮ ਦੇ ਐਲਾਨ ਤੋਂ ਪਹਿਲਾਂ ਹੀ ਅਰਬ ਲੋਕਾਂ ਦੇ ਮਨ ਵਿੱਚ ਅਚੇਤ ਤੌਰ ’ਤੇ ਉਸਦਾ ਪ੍ਰਭਾਵ ਪੈ ਚੁੱਕਾ ਸੀ। ਉਨ੍ਹਾਂ ਦੇ ਆਰਥਿਕ ਹਿੱਤਾਂ ਦੇ ਕਰਕੇ ਹੀ ਨਵੇਂ ਧਰਮ ਦੀ ਸਥਾਪਨਾ ਲਾਜ਼ਮੀ ਹੋ ਗਈ ਸੀ।

–0–

ਜਿੱਤ ਦੇ ਕਾਰਨ

ਜਿਸ ਇਤਿਹਾਸਕ ਪਿੱਠਭੂਮੀ ਅਤੇ ਸਮਾਜਿਕ ਪ੍ਰਸਥਿਤੀਆਂ ਵਿੱਚ ਇਸਲਾਮ ਦਾ ਜਨਮ ਹੋਇਆ ਉਸਨੇ ਇਸਲਾਮ ਉੱਪਰ ਸਹਿਣਸ਼ੀਲਤਾ ਦੀ ਛਾਪ ਲਾ ਦਿੱਤੀ। ਜਿਹੜੇ ਲੋਕ ਇਸਲਾਮਕ ਕੱਟੜਤਾ ਦੀ ਪਰੰਪਰਾ ਨੂੰ ਦੇਖਦੇ/ਜਾਣਦੇ ਹਨ, ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਅਸਾਨੀ ਨਾਲ ਨਹੀਂ ਹੁੰਦਾ। ਪਰ ਇਸ ਵਿੱਚ ਕੋਈ ਵਿਰੋਧਾਭਾਸ ਨਹੀਂ ਹੈ। ਇਸਲਾਮ ਦਾ ਮੂਲ ਸਿਧਾਂਤ ਹੈ-ਸਰਵ ਸੱਤਾਵਾਂ ਦਾ ਕੇਂਦਰ ਇੱਕ ਈਸ਼ਵਰ (ਅੱਲਾਹ) ਹੈ। ਇਸ ਵਿੱਚ ਹੀ ਸਹਿਣਸ਼ੀਲਤਾ ਦੀ ਭਾਵਨਾ ਸਮਾਈ ਹੋਈ ਹੈ। ਜੇਕਰ ਸਮੁੱਚਾ ਸੰਸਾਰ, ਸਮੁੱਚੀ ਮਨੁੱਖ ਜਾਤੀ, ਆਪਣੀਆਂ ਬੁਰਾਈਆਂ ਤੇ ਬੁਰੀਆਂ ਆਦਤਾਂ ਦੇ ਨਾਲ, ਆਪਣੀਆਂ ਸਭ ਤਰ੍ਹਾਂ ਦੀਆਂ ਕਮਜ਼ੋਰੀਆਂ ਨਾਲ ਅੱਲਾਹ ਦੀ ਰਚਨਾ ਹੈ, ਤਾਂ ਉਸ 'ਤੇ ਯਕੀਨ ਕਰਨ ਵਾਲਾ ਵਿਅਕਤੀ ਮਨੁੱਖ ਜਾਤੀ ਦੀਆਂ ਬੇਹੂਦਾ ਕਮਜ਼ੋਰੀਆਂ ਅਤੇ ਭ੍ਰਿਸ਼ਟ ਵਿਸ਼ਵਾਸਾਂ ਉੱਪਰ ਹੱਸ ਸਕਦਾ ਹੈ। ਪਰ ਆਪਣੇ ਧਾਰਮਿਕ ਵਿਸ਼ਵਾਸ ਕਾਰਨ ਉਨ੍ਹਾਂ 'ਤੇ ਇਹ ਇਲਜ਼ਾਮ ਨਹੀਂ ਲਗਾ ਸਕਦਾ ਸੀ ਉਨ੍ਹਾਂ ਦੇ ਕਾਰਜ ਜਾਂ ਪੂਜਾ ਵਿਧੀ ਕਿਸੇ ਸ਼ੈਤਾਨ ਦੀ ਸਿਰਜਣਾ ਹੈ। ਇਸ ਆਧਾਰ 'ਤੇ ਉਨ੍ਹਾਂ ਵਿਰੁੱਧ ਯੁੱਧ ਨਹੀਂ ਛੇੜਿਆ ਜਾ ਸਕਦਾ। ਜੋ ਲੋਕ ਹੋਰ ਤਰੀਕਿਆਂ ਨਾਲ ਪਰਮਾਤਮਾ ਦੀ ਪੂਜਾ ਅਰਚਨਾ ਕਰਦੇ ਹਨ ਇਸਲਾਮੀ ਵਿਧਾਨ ਦੀ ਨਜ਼ਰ ਵਿੱਚ ਉਹ ਗ਼ਲਤ ਰਸਤਾ ਹੋ ਸਕਦਾ ਹੈ, ਪਰ ਉਹ ਇਸੇ ਈਸ਼ਵਰ (ਅੱਲਾਹ) ਦੀ ਔਲਾਦ ਹਨ। ਉਨ੍ਹਾਂ ਨੂੰ ਸਹੀ ਰਸਤੇ 'ਤੇ ਲਿਆਇਆ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਪ੍ਰਤਿ ਤਦ ਤਕ ਸਹਿਣਸ਼ੀਲਤਾ ਵਾਲਾ ਵਿਹਾਰ ਰੱਖਿਆ ਜਾਣਾ ਚਾਹੀਦਾ ਹੈ, ਜਦ ਤਕ ਕਿ ਉਹ ਸਹੀ ਰਾਹ 'ਤੇ ਨਹੀਂ ਆ ਜਾਂਦੇ।

ਅਰਬ ਦੇ ਮਸੀਹਾ ਹਜ਼ਰਤ ਮੁਹੰਮਦ ਦੇ ਕਥਿਤ ਉਪਦੇਸ਼ਾਂ ਵਿੱਚ ਕੁਰਾਨ ਅਤੇ ਤਲਵਾਰ ਦਾ ਜੋ ਭਿਆਨਕ ਦ੍ਰਿਸ਼ ਦੇਖਿਆ ਜਾਂਦਾ ਹੈ, ਉਸਦਾ ਪਰਛਾਵਾਂ ਇਸਲਾਮ ਦੇ ਆਰੰਭ ਦੇ ਇਤਿਹਾਸ 'ਤੇ ਪੈਂਦਾ ਹੈ ਅਤੇ ਉਸ ਵਿੱਚ ਤੀਸਰੇ ਵਿਕਲਪ ਦੀ ਗੱਲ ਮਿਲੀ ਰਹਿੰਦੀ ਹੈ ਤੇ ਉਸਨੂੰ ਸਵੀਕਾਰ ਵੀ ਕੀਤਾ ਜਾਂਦਾ ਹੈ। ਉਹੀ ਇਸਲਾਮ ਦੀ ਜਿੱਤ ਦਾ ਕਾਰਨ ਸੀ। ਅਸਲ ਵਿੱਚ ਵਿਕਲਪ ਭਿੰਨ-ਭਿੰਨ ਰੂਪ ਵਿੱਚ ਮਿਲਦੇ ਹਨ। ਇਕ ਵਿਕਲਪ ਤਾਂ ਇਹ ਸੀ ਕਿ ਜਾਂ ਤਾਂ ਕੁਰਆਨ 'ਤੇ ਯਕੀਨ ਕਰੋ ਜਾਂ ਸਰਾਸੈਨੀ ਜੇਤੂਆਂ ਨੂੰ ਕਰ

ਅਦਾ ਕਰੋ। ਅੱਲਾਹ ਦੀ ਤਲਵਾਰ ਉਦੋਂ ਹੀ ਖ਼ੂਨ ਨਾਲ ਰੰਗੀ ਜਾਂਦੀ ਸੀ, ਜਦੋਂ ਉਪਰਲੇ ਦੋਵਾਂ ਵਿੱਚੋਂ ਕਿਸੇ ਨੂੰ ਵੀ ਸਵੀਕਾਰ ਨਹੀਂ ਕੀਤਾ ਜਾਂਦਾ ਸੀ। ਏਕੀਸ਼ਵਰਵਾਦੀ ਸਿਧਾਂਤ ਨੂੰ ਪੈਦਾ ਕਰਨ ਵਾਲੇ ਅਰਬ ਵਪਾਰੀਆਂ ਦੇ ਆਰਥਿਕ ਹਿੱਤ ਅੰਨ੍ਹੇਵਾਹ ਖ਼ੂਨ-ਖਰਾਬੇ ਦੇ ਵਿਰੋਧੀ ਸਨ। ਉਨ੍ਹਾਂ ਦਾ ਟੀਚਾ ਵਪਾਰ ਦੇ ਰਸਤਿਆਂ ਨੂੰ ਜਿੱਤ ਕੇ ਆਪਣੇ ਅਧਿਕਾਰ ਵਿੱਚ ਲੈਣਾ ਅਤੇ ਉਨ੍ਹਾਂ ਉੱਪਰ ਇਕਵਾਗੀ ਰਾਜ ਕਾਇਮ ਕਰਨਾ ਸੀ। ਇਸ ਟੀਚੇ ਨੂੰ ਹੋਰ ਵੀ ਚੰਗੀ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਸੀ ਜੇਕਰ ਲੋਕ ਉਸ ਨਵੇਂ ਧਰਮ ਨੂੰ ਸਵੀਕਾਰ ਕਰ ਲੈਂਦੇ। ਉਸ ਦਿਸ਼ਾ ਵਿੱਚ ਨਵੇਂ ਇਕਵਾਗੀ ਰਾਜ ਦੀ ਨੀਂਹ ਹੋਰ ਵੀ ਮਜ਼ਬੂਤ ਹੋ ਜਾਂਦੀ, ਪਰ ਵਪਾਰ ਦੀ ਲਾਜ਼ਮੀ ਲੋੜ ਹੈ ਕਿ ਚੀਜ਼ਾਂ ਦਾ ਉਤਪਾਦਨ ਤੇ ਉਪਭੋਗ ਦੀ ਪ੍ਰਕਿਰਿਆ ਨਿਰੰਤਰ ਜਾਰੀ ਰਹੇ। ਇਸ ਲਈ ਇਸਲਾਮ ਦੀ ਇਤਿਹਾਸਕ ਭੂਮਿਕਾ ਕਾਰੀਗਰਾਂ ਅਤੇ ਕਿਸਾਨਾਂ ਦੇ ਸਮੂਹਿਕ ਕਤਲੇਆਮ ਨਾਲ ਮੇਲ਼ ਨਹੀਂ ਖਾਂਦੀ ਸੀ। ਇਸ ਕਰਕੇ ਕੁਰਾਨ ਨੂੰ ਸਵੀਕਾਰ ਨਾ ਕਰਨ ਵਾਲੇ ਸ਼ਹਿਰਾਂ ਨੂੰ ਬਰਬਾਦ ਨਹੀਂ ਸੀ ਕੀਤਾ ਜਾ ਸਕਦਾ। ਉਸ ਸਮੇਂ ਇਸ ਗੱਲ ਨੂੰ ਲਾਜ਼ਮੀ ਮੰਨਿਆ ਗਿਆ ਕਿ ਲੋਕ ਨਵੇਂ ਕਾਰਜ ਨੂੰ ਸਵੀਕਾਰ ਕਰਨ। ਹਜ਼ਰਤ ਮੁਹੰਮਦ ਰਸੂਲ ਦੇ ਸੈਨਿਕਾਂ ਦੀ ਅਧੀਨਗੀ ਮੰਨ ਲੈਣ 'ਤੇ ਅਵਿਸ਼ਵਾਸੀ ਲੋਕਾਂ ਨੂੰ ਆਪਣੇ ਧਰਮਾਂ 'ਤੇ ਵਿਸ਼ਵਾਸ ਰੱਖਣ, ਇੱਥੋਂ ਤੱਕ ਕਿ ਵਿਰੋਧੀ ਪੂਜਾ ਅਰਾਧਨਾ ਕਰਨ ਦੀ ਖੁੱਲ੍ਹ ਮਿਲ ਜਾਂਦੀ ਸੀ।

ਜਦ ਖ਼ਲੀਫ਼ਾ ਉਮਰ ਨੇ ਯੇਰੂਸ਼ਲਮ ਉੱਪਰ ਅਧਿਕਾਰ ਕਰ ਲਿਆ ਤਾਂ ਉਥੇ ਦੇ ਨਾਗਰਿਕਾਂ ਦੀ ਸੰਪਤੀ ਨੂੰ ਉਨ੍ਹਾਂ ਕੋਲ ਹੀ ਰਹਿਣ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਬੰਦਗੀ ਤੋਂ ਖੁੱਲ੍ਹ ਦਿੱਤੀ ਗਈ। ਨਗਰ ਦੇ ਇੱਕ ਹਿੱਸੇ ਵਿੱਚ ਈਸਾਈਆਂ ਨੂੰ ਆਪਣੇ ਪਾਦਰੀਆਂ ਨਾਲ ਰਹਿਣ ਦੀ ਆਗਿਆ ਦਿੱਤੀ ਗਈ। ਐਸੀ ਸੁਰੱਖਿਆ ਦੇਣ ਲਈ ਉਨ੍ਹਾਂ 'ਤੇ ਪੂਰੀ ਬਸਤੀ ਲਈ ਦੋ ਸੋਨੇ ਦੇ ਸਿੱਕਿਆਂ ਦਾ ਕਰ ਲਗਾਇਆ ਗਿਆ। ਇਸਲਾਮੀ ਜੇਤੂਆਂ ਦੇ ਅਧਿਕਾਰ ਤੋਂ ਬਾਅਦ ਯੇਰੂਸ਼ਲਮ ਵਿੱਚ ਈਸਾਈ ਤੀਰਥ ਯਾਤਰੀਆਂ ਦੀ ਆਵਾਜਾਈ ਵਧੀ, ਕਿਉਂਕਿ ਉਸ ਨਾਲ ਵਪਾਰਕ ਸਰਗਰਮੀਆਂ ਨੂੰ ਵੀ ਵਧਾਵਾ ਮਿਲਿਆ ਸੀ। ਚਾਰ ਸੌ ਸੱਠ ਸਾਲ ਬਾਅਦ ਯੂਰਪ ਦੇ ਈਸਾਈ ਧਰਮ-ਸੂਰਮਿਆਂ ਨੇ ਯੇਰੂਸ਼ਲਮ ਨੂੰ ਮੁਸਲਮਾਨ ਜੇਤੂਆਂ ਤੋਂ ਆਜ਼ਾਦ ਕਰਾ ਲਿਆ। 'ਪੁਰਾਣੇ ਈਸਾਈਆਂ ਨੇ ਅਰਬ ਖਲੀਫਿਆਂ ਦੀ ਸਹਿਨਸ਼ੀਲਤਾਪੂਰਨ ਸਰਕਾਰ ਪ੍ਰਤੀ ਖੇਦ ਪ੍ਰਗਟ ਕੀਤਾ।'

(The Decline and Fall of Roman Empire)

ਮੁਸਲਮਾਨਾਂ ਦੀ ਸਹਿਣਸ਼ੀਲਤਾ ਤੋਂ ਉਲਟ ਯੂਰਪ ਵਿੱਚ ਈਸਾਈ ਧਰਮ ਦੇ ਸੂਰਮਿਆਂ ਦੇ ਅਧਿਕਾਰ ਸੰਬੰਧੀ ਹੇਠ ਲਿਖਿਆ ਵਿਵਰਣ ਵਧੇਰੇ ਉਭਰਵਾਂ ਹੈ-

(The Decline and Fall of Roman Empire)

> *ਯੇਰੂਸ਼ਲਮ ਦੇ ਵਸਨੀਕਾਂ ਅਤੇ ਲੋਕ ਧਨਮਾਲ ਅਤੇ ਜਾਇਦਾਦ ਨੂੰ ਲੁੱਟਣ ਵਾਲੇ ਵਿਅਕਤੀਆਂ ਦੀ ਨਿੱਜੀ ਸੰਪਤੀ ਮੰਨ ਲਿਆ ਗਿਆ। ਈਸਾਈਆਂ ਦੇ ਈਸ਼ਵਰ ਵਿੱਚ ਵਿਸ਼ਵਾਸ ਰੱਖਣ ਵਾਲੇ ਨਾਗਰਿਕਾਂ ਦਾ ਗਲੇਤੀ ਨਾਲ*

ਕਤਲੇਆਮ ਕੀਤਾ ਗਿਆ। ਜਿਨ੍ਹਾਂ ਲੋਕਾਂ ਨੇ ਪ੍ਰਤਿਰੋਧ ਵਿੱਚ ਸਿਰ ਚੁੱਕਿਆ ਉਨ੍ਹਾਂ ਨੂੰ ਬਿਨਾਂ ਔਰਤ ਮਰਦ ਵਿੱਚ ਭੇਦ ਕੀਤਿਆਂ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ। ਤਿੰਨ ਦਿਨ ਤੱਕ ਲਗਾਤਾਰ ਉਥੇ ਵੱਢ ਟੁੱਕ ਹੁੰਦੀ ਰਹੀ। ਸੱਤਰ ਹਜ਼ਾਰ ਮੁਸਲਮਾਨਾਂ ਦੀ ਹੱਤਿਆ ਤੋਂ ਬਾਅਦ ਯਹੂਦੀਆਂ ਨੇ ਉਨ੍ਹਾਂ ਦੀ ਸੰਪਤੀ ਨੂੰ ਜਲਾ ਦਿੱਤਾ, ਜਿਹੜੀ ਸੰਪਤੀ ਮੁਸਲਮਾਨਾਂ ਦੇ ਅਧੀਨ ਹੁੰਦੇ ਹੋਏ ਜਮਾਂ ਕਰਨ ਦੀ ਖੁੱਲ੍ਹ ਉਨ੍ਹਾਂ ਨੂੰ ਮਿਲੀ ਹੋਈ ਸੀ।

(The Decline and Fall of Roman Empire)

ਸਾਰੇ ਪ੍ਰਮਾਣਿਕ ਇਤਿਹਾਸਕਾਰਾਂ ਈਸਾਈਆਂ ਅਤੇ ਮੁਸਲਮਾਨਾਂ, ਤਤਕਾਲੀ ਅਤੇ ਆਧੁਨਿਕ ਸਭ ਦੇ ਸਬੂਤਾਂ ਦੇ ਆਧਾਰ 'ਤੇ ਗਿੱਬਨ ਨੇ ਅੰਤਿਮ ਤੌਰ 'ਤੇ ਸਿੱਧ ਕੀਤਾ ਹੈ ਕਿ ਮੁਹੰਮਦ ਨੇ ਆਪਣੇ ਅਧੀਨ ਈਸਾਈ ਲੋਕਾਂ ਨੂੰ ਨਿੱਜੀ ਸੁਰੱਖਿਆ ਪ੍ਰਦਾਨ ਕੀਤੀ ਤੇ ਉਨ੍ਹਾਂ ਦੇ ਕਿੱਤੇ ਅਤੇ ਜਾਇਦਾਦ ਦੀ ਰੱਖਿਆ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਧਰਮ ਦੇ ਅਨੁਸਾਰ ਇਬਾਦਤ ਕਰਨ ਦੀ ਆਜ਼ਾਦੀ ਪ੍ਰਦਾਨ ਕੀਤੀ। ਸਹਿਣਸ਼ੀਲਤਾ ਦੇ ਇਸ ਸਿਧਾਂਤ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਉਤਰ ਅਧਿਕਾਰੀਆਂ ਨੇ ਅਰਬਾਂ ਦੇ ਉਭਾਰ ਦੇ ਕਾਲ ਵਿੱਚ ਵੀ ਅਪਨਾਈ ਰੱਖਿਆ। ਉਸ ਸਿਧਾਂਤ ਨੂੰ ਉਦੋਂ ਛੱਡਿਆ ਗਿਆ ਜਦੋਂ ਇਸਲਾਮ ਦੀ ਇਤਿਹਾਸਕ ਭੂਮਿਕਾ ਦਾ ਦੌਰ ਸਮਾਪਤ ਹੋ ਗਿਆ ਤੇ ਉਸਦੀ ਅਗਵਾਈ ਅਰਬ ਦੇ ਸਰਾਸੈਨੀ ਸੂਰਮਿਆਂ ਦੀ ਥਾਂ ਜ਼ਾਲਮ ਤਾਤਾਰੀ ਲੋਕਾਂ ਦੇ ਹੱਥ ਵਿੱਚ ਆ ਗਈ। ਤੁਰਕੀ ਦੇ ਪਹਿਲੇ ਸੁਲਤਾਨ ਦੇ ਸਮੇਂ ਵੀ ਸਹਿਣਸ਼ੀਲਤਾ ਦੀ ਭਾਵਨਾ ਨੂੰ ਇਕਦਮ ਨਹੀਂ ਛੱਡਿਆ ਗਿਆ ਸੀ।

ਆਪਣੇ ਮਾਣਮੱਤੇ ਸਮੇਂ ਵਿੱਚ ਇਸਲਾਮ ਦੀ ਸਹਿਣਸ਼ੀਲਤਾ ਦੀ ਭਾਵਨਾ ਦਾ ਵਿਕਾਸ ਵਿਚਾਰ ਅਤੇ ਵਿਵੇਕ ਦੀ ਆਜ਼ਾਦੀ ਦੇ ਰੂਪ ਵਿੱਚ ਹੋਇਆ, ਪਰ ਉਸਨੂੰ ਕੱਟੜਵਾਦੀ ਦ੍ਰਿਸ਼ਟੀਕੋਣ ਤੋਂ ਵਿਰੋਧੀ ਮੱਤਵਾਦਾਂ ਅਤੇ ਅਧਾਰਮਿਕ ਤੱਤਾਂ ਦੇ ਰੂਪ ਵਿੱਚ ਇਕ ਪਤਨ ਵਾਂਗ ਹੀ ਦੇਖਿਆ ਜਾਂਦਾ ਸੀ। ਬਗਦਾਦ ਦੇ ਜ਼ਿਆਦਾਤਰ ਅੱਬਾਸੀ ਖ਼ਲੀਫਿਆਂ ਨੇ ਵਿਗਿਆਨ ਦੇ ਅਧਿਐਨ ਦੇ ਨਾਲ ਨਾਲ ਵਿਚਾਰਾਂ ਦੀ ਆਜ਼ਾਦੀ ਉਪਰ ਜ਼ੋਰ ਦਿੱਤਾ। ਉਨ੍ਹਾਂ ਵਿੱਚੋਂ ਕੁਝ ਉਦਾਹਰਣ ਵਜੋਂ ਮੋਤਾਸਿਨੇ ਤਾਂ ਕੁਰਆਨ ਦੀ ਉਤਪਤੀ ਨੂੰ ਦੈਵੀ ਵੀ ਨਹੀਂ ਮੰਨਦੇ ਸਨ।

ਸਦੀਆਂ ਤੱਕ ਸਰਾਸੈਨੀ ਸਾਮਰਾਜ ਵਿੱਚ ਯਹੂਦੀਆਂ ਅਤੇ ਉਦਾਰ ਈਸਾਈ ਸੰਪਰਦਾਇ ਨੇ ਸਟੋਰਿਅਨ, ਜੈਕੋਬਾਇਟ, ਯੂਰੀਸ਼ੀਅਨ ਅਤੇ ਪਾਲੀਸ਼ਿਅਨ ਲੋਕਾਂ ਨੂੰ ਪਨਾਹ ਦਿੱਤੀ। ਸਰਾਸੈਨੀ ਜਿੱਤ ਤੋਂ ਬਾਅਦ ਤਾਂ ਕੈਥੋਲਿਕ ਸੰਪਰਦਾਇ ਦੇ ਈਸਾਈਆਂ ਪ੍ਰਤੀ ਵੀ ਸਹਿਣਸ਼ੀਲਤਾ ਦਾ ਵਿਹਾਰ ਕੀਤਾ ਗਿਆ। ਅਨੇਕਾਂ ਈਸਾਈ ਇਤਿਹਾਸਕਾਰਾਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਹੈ। ਪ੍ਰਸਿੱਧ ਈਸਾਈ ਇਤਿਹਾਸਕਾਰ 'ਰੇਨਾਦੋਤ' ਦਾ ਉਦਾਹਰਣ ਸਾਹਮਣੇ ਹੈ। ਉਸਨੇ ਲਿਖਿਆ ਹੈ ਕਿ ਮਿਸਰ ਵਿੱਚ ਮੁਸਲਮਾਨ ਨਾਗਰਿਕ ਪ੍ਰਸ਼ਾਸਕਾਂ ਨੇ ਈਸਾਈ ਧਰਮ ਦੇ ਚੌਧਰੀਆਂ, ਪਾਦਰੀਆਂ ਤੇ ਉਪਦੇਸ਼ਕਾਂ ਨੂੰ ਸੁਰੱਖਿਆ

ਪ੍ਰਦਾਨ ਕੀਤੀ ਅਤੇ ਆਪਣੇ ਘਰੇਲੂ ਮਾਮਲਿਆਂ ਵਿੱਚ ਪ੍ਰਬੰਧ ਦੀ ਛੋਟ ਵੀ ਦਿੱਤੀ। ਸਿੱਖਿਅਤ ਈਸਾਈ ਲੋਕਾਂ ਨੂੰ ਦੀਵਾਨਾਂ ਅਤੇ ਹਕੀਮਾਂ ਦੇ ਰੂਪ ਵਿੱਚ ਨੌਕਰੀਆਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਰਾਜ ਵਿੱਚੋਂ ਮਾਲੀਆ ਵਸੂਲੀ ਦੇ ਕੰਮ 'ਤੇ ਲਾਇਆ ਗਿਆ। ਜਿਸ ਤੋਂ ਉਨ੍ਹਾਂ ਕਾਫੀ ਧਨ ਕਮਾਇਆ। ਕਿਤੇ-ਕਿਤੇ ਤਾਂ ਉਨ੍ਹਾਂ ਨੂੰ ਨਗਰਾਂ ਅਤੇ ਪ੍ਰਾਂਤਾਂ ਦੇ ਸੈਨਾਪਤੀ ਵੀ ਬਣਾਇਆ ਗਿਆ। ਬਗਦਾਦ ਦੇ ਇੱਕ ਖਲੀਫ਼ੇ ਨੇ ਇਹ ਐਲਾਨ ਕੀਤਾ ਕਿ ਫ਼ਾਰਸ ਦੇ ਰਾਜਕਾਜ ਵਿੱਚ ਈਸਾਈ ਵਧੇਰੇ ਭਰੋਸੇਮੰਦ ਲੋਕ ਹਨ। ਸਰਾਸੈਨੀ ਸਾਮਰਾਜ ਵਿੱਚ ਪਾਲੀਸ਼ਿਅਨ ਈਸਾਈਆਂ, ਜੋ ਪ੍ਰੋਟੈਸਟੈਂਟ ਸੁਧਾਰਵਾਦੀਆਂ ਦੇ ਪੁਰਖੇ ਕਹੇ ਜਾ ਸਕਦੇ ਹਨ, ਨੂੰ ਅਰਾਧਨਾ ਦੀ ਆਜ਼ਾਦੀ ਸੀ ਤੇ ਉਨ੍ਹਾਂ ਨੂੰ ਖਲੀਫਿਆਂ ਵੱਲੋਂ ਕੈਥੋਲਿਕ ਈਸਾਈ ਸੰਪ੍ਰਦਾਇ ਦੇ ਪੈਰੋਕਾਰਾਂ ਨੂੰ ਸੁਧਾਰਨ ਤੇ ਈਸਾਈ ਧਰਮ ਨੂੰ ਮੁੱਢਲੇ ਰੂਪ ਵਿੱਚ ਲਾਗੂ ਕਰਨ ਲਈ ਸਹਾਇਤਾ ਦਿੱਤੀ ਜਾਂਦੀ ਸੀ।

ਪ੍ਰਾਚੀਨ ਜ਼ੋਰੇਸ਼ਟਰ ਧਰਮ ਵਿੱਚ ਚੰਗਿਆਈ ਤੇ ਬੁਰਾਈ ਦੀ ਦੁਵੱਲਤਾ ਦੇ ਸਿਧਾਂਤ ਨੂੰ ਪੂਰਨ ਰੂਪ ਵਿੱਚ ਮੰਨਿਆ ਜਾਂਦਾ ਸੀ। ਇਕ ਈਸ਼ਵਰਵਾਦ ਨੂੰ ਮੰਨਣ ਵਾਲੇ ਲੋਕਾਂ ਲਈ ਇਹ ਵਿਚਾਰ ਤੁੱਛ ਸਮਝਿਆ ਜਾਂਦਾ ਸੀ। ਫਿਰ ਵੀ ਮੈਗਾਈ ਧਰਮ ਦੇ ਵਿਸ਼ਵਾਸਾਂ ਪ੍ਰਤਿ ਜੇਤੂ ਅਰਬ ਲੋਕਾਂ ਨੇ ਸਹਿਣਸ਼ੀਲਤਾ ਦਿਖਾਈ। ਤੀਸਰੀ ਸਦੀ ਹਿਜਰੀ ਤਕ ਅਗਨੀ ਦਾ ਵਿਸ਼ਾਲ ਮੰਦਰ ਖੜ੍ਹਾ ਸੀ ਤੇ ਉਸਦੇ ਨਜ਼ਦੀਕ ਹੀ ਇੱਕ ਛੋਟੀ ਜਿਹੀ ਮਸਜਿਦ ਵੀ ਸੀ। ਪ੍ਰਾਚੀਨ ਧਰਮਾਂ ਦੇ ਗੌਰਵਸ਼ਾਲੀ ਭਵਨਾਂ ਨੂੰ ਇਸਲਾਮੀ ਤਲਵਾਰ ਨੇ ਤਬਾਹ ਨਹੀਂ ਕੀਤਾ ਬਲਕਿ ਉਨ੍ਹਾਂ ਧਰਮਾਂ ਦੇ ਪੈਰੋਕਾਰਾਂ ਵੱਲੋਂ ਛੱਡ ਦੇਣ ਕਾਰਨ ਉਹ ਨਜ਼ਰਅੰਦਾਜ਼ ਹੋ ਕੇ ਤਬਾਹ ਹੋਏ। ਕਿੰਨਾ ਵੀ ਦਮਨ ਜਾਂ ਅੱਤਿਆਚਾਰ ਪੂਰੇ ਰਾਸ਼ਟਰ ਨੂੰ ਆਪਣੇ ਰਵਾਇਤੀ ਧਰਮ ਨੂੰ ਛੱਡਣ ਲਈ ਮਜਬੂਰ ਨਹੀਂ ਕਰ ਸਕਦਾ। ਬਿਨਾਂ ਕਿਸੇ ਪ੍ਰਤਿਰੋਧ ਦੇ ਫ਼ਾਰਸ ਦੇ ਲੋਕਾਂ ਨੇ ਜੇਤੂਆਂ ਦੇ ਧਰਮ ਨੂੰ ਮੰਨ ਲਿਆ ਅਤੇ ਤਿਗਰਿਸ ਤੋਂ ਓਕਸਿਸ ਨਦੀ ਦੇ ਕੰਢਿਆਂ ਤੱਕ ਇਸਲਾਮ ਫੈਲ ਗਿਆ। ਉਥੋਂ ਦਾ ਪੁਰਾਣਾ ਧਰਮ ਜਰਜਰ ਹੋ ਗਿਆ, ਕਿਉਂਕਿ ਉਸ ਵਿੱਚ ਸਭਿਅਕ ਲੋਕਾਂ ਦੀਆਂ ਅਧਿਆਤਮਕ ਲੋੜਾਂ ਨੂੰ ਸੰਤੁਸ਼ਟੀ ਨਹੀਂ ਮਿਲਦੀ ਸੀ। ਖਾਰੀਮਨ ਦੀ ਭੈਅਭੀਤ ਕਰਨ ਵਾਲੀ ਛਾਂ ਨੇ ਸੂਰਜ ਤੇ ਅਗਨੀ ਦੀ ਚਮਕ ਨੂੰ ਖ਼ਤਮ ਕਰ ਦਿੱਤਾ ਸੀ। ਫ਼ਾਰਸ ਦੀ ਜਨਤਾ ਨੇ ਮੁਹੰਮਦ ਦੇ ਏਕਈਸ਼ਵਰਵਾਦ ਦੇ ਧਰਮ ਨੂੰ ਅਪਨਾ ਕੇ ਸ਼ੈਤਾਨ ਦੀ ਪੂਰਨ ਨਿਰੰਕੁਸ਼ਤਾ ਤੋਂ ਆਪਣੇ ਆਪ ਨੂੰ ਮੁਕਤ ਮੰਨਿਆ ਸੀ।

ਉੱਤਰੀ ਅਫਰੀਕਾ ਵਿੱਚ ਸਿਕੰਦਰੀਆ ਤੋਂ ਕਾਰਥੇਜ ਤੱਕ ਦਾ ਖੇਤਰ ਅਜਿਹਾ ਸੀ ਕਿ ਜਿੱਥੇ ਇਸਲਾਮ ਦੇ ਪ੍ਰਚਾਰ ਨਾਲ ਈਸਾਈ ਧਰਮ ਤਬਾਹ ਹੋ ਗਿਆ ਸੀ। ਉਥੋਂ ਦੀ ਧਾਰਮਿਕ ਕ੍ਰਾਂਤੀ ਲਈ ਇਸਲਾਮ ਦੀ ਅਸਹਿਣਸ਼ੀਲਤਾ ਓਨੀ ਜ਼ਿੰਮੇਵਾਰ ਨਹੀਂ ਸੀ, ਜਿੰਨੀ ਉਸ ਖੇਤਰ ਵਿੱਚ ਈਸਾਈ ਧਰਮ ਦਾ ਪਤਨਮੁਖੀ ਹੋਣਾ ਅਤੇ ਉੱਥੇ ਵਿਵਸਥਾ ਦੀ ਗੜਬੜੀ ਕਰਕੇ ਹਨੇਰੇ ਵਰਗੀ ਸਥਿਤੀ ਦਾ ਪੈਦਾ ਹੋਣਾ। ਈਸਾ ਦੇ ਧਾਰਮਿਕ ਉਪਦੇਸ਼ਾਂ ਦਾ ਵਿਸ਼ਵਾਸ, ਸਾਈਪ੍ਰਿਯਨ ਯੋਗਤਾ, ਦਇਆ ਅਤੇ ਸ਼ਕਤੀ ਦੇ ਆਧਾਰ

'ਤੇ ਅਥਾਨਾਸਿਯਸ ਤੇ ਅਗਸਟਾਈਨ ਨੇ ਸਥਾਪਿਤ ਕੀਤਾ ਸੀ। ਉਸ ਵਿਸ਼ਵਾਸ ਨੂੰ ਆਰੀਅਨ ਅਤੇ ਡੋਨਾਟਿਸਟ ਦੇ ਵਿਰੋਧੀ ਵਿਚਾਰਾਂ ਅਤੇ ਕੈਥੋਲਿਕ ਕਰੋਧ ਨੇ ਤਬਾਹ ਕਰ ਦਿੱਤਾ ਅਤੇ ਸਧਾਰਣ ਜਨਤਾ ਨੇ ਧਾਰਮਿਕ ਵਿਰੋਧ ਦਾ ਝੰਡਾ ਖੜ੍ਹਾ ਕਰ ਦਿੱਤਾ ਸੀ। ਵਿਰੋਧੀ ਵਿਚਾਰਾਂ ਕਰਨ ਸਭ ਖੇਤਰਾਂ ਵਿੱਚ ਹਾਲਤ ਬਦਤਰ ਹੋ ਗਈ ਸੀ। ਉਸ ਤੋਂ ਬਾਅਦ ਵੇਂਣਡਲ ਅਤੇ ਮੂਰ ਲੋਕਾਂ ਦੇ ਹਮਲਿਆਂ ਨਾਲ ਜਨਤਾ ਦੀ ਸਥਿਤੀ ਹੋਰ ਵੀ ਖਰਾਬ ਹੋ ਗਈ ਤੇ ਉਨ੍ਹਾਂ ਨੂੰ ਬੇਵਸੀ ਵਿੱਚ ਈਸਾਈ ਮੱਤਵਾਦ ਦੀ ਪਨਾਹ ਲੈਣੀ ਪਈ ਸੀ।

ਸਮਾਜਿਕ ਖਿਲਾਰੇ ਅਤੇ ਅਧਿਆਤਮਕ ਨਿਰਾਸ਼ਾ ਦੇ ਘੋਰ ਹਨੇਰੇ ਦੇ ਯੁੱਗ ਵਿੱਚ ਅਰਬ ਦੇ ਮਸੀਹਾ ਨੇ ਬਹਾਦਰੀ ਅਤੇ ਨਵੀਆਂ ਆਸ਼ਾਵਾਂ ਦੀ ਮਸ਼ਾਲ ਜਲਾ ਕੇ ਹਨੇਰੇ ਨੂੰ ਦੂਰ ਕੀਤਾ। ਸਧਾਰਨ ਲੋਕਾਂ ਲਈ ਨਵੇਂ ਧਰਮ ਨੇ ਇਸ ਸੰਸਾਰ ਅਤੇ ਬਹਿਸ਼ਤ ਦੀਆਂ ਆਸ਼ਾਵਾਂ ਦੇ ਬੂਹੇ ਖੋਲ੍ਹ ਦਿੱਤੇ। ਇਸਲਾਮ ਦੀ ਜਿੱਤ ਦੇ ਬਿਗੁਲ ਨੇ ਉਨ੍ਹਾਂ ਆਤਮਾਵਾਂ ਆਸ਼ਾ ਜਾਗਰਿਤ ਕੀਤੀ ਜੋ ਆਪਣੇ ਆਪ ਨੂੰ ਅਧਿਆਤਮਕ ਤੌਰ 'ਤੇ ਹਾਰੇ ਹੋਏ ਮੰਨ ਕੇ ਪਰਮਾਤਮਾ ਦੀ ਹੋਂਦ ਦੇ ਸੰਬੰਧੀ ਪਾਖੰਡਾਂ ਵਿੱਚ ਫਸੇ ਹੋਏ ਸਨ। ਕੁਦਰਤ ਦੇ ਨਿਰੋਗ ਪ੍ਰਭਾਵ ਅਤੇ ਨਵੇਂ ਧਰਮ ਦੇ ਉਤਸ਼ਾਹਪੂਰਨ ਵਿਸ਼ਵਾਸ ਨੇ ਈਸਾਈ ਧਰਮ ਦੇ ਪ੍ਰਭਾਵ ਵਿੱਚ ਸੰਨਿਆਸ ਦੇ ਪ੍ਰਤਿਕੂਲ ਵਿਚਾਰਾਂ ਨੂੰ ਪਿੱਛੇ ਛੱਡ ਦਿੱਤਾ ਅਤੇ ਨਿਰਾਸ਼ਾ ਵਿੱਚ ਫਸੇ ਲੋਕਾਂ ਨੂੰ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ। ਨਵੇਂ ਵਿਚਾਰਾਂ ਦੇ ਪ੍ਰਭਾਵ ਵਿੱਚ ਇੱਕ ਨਵਾਂ ਸਮਾਜ ਪੈਦਾ ਹੋਇਆ ਜਿਸ ਨੇ ਹਰੇਕ ਵਿਅਕਤੀ ਨੂੰ ਆਪਣੇ ਕੁਦਰਤੀ ਗੁਣਾਂ ਦੇ ਆਧਾਰ 'ਤੇ ਸਾਹਸ ਅਤੇ ਸਮਰੱਥਾ ਨਾਲ ਉੱਪਰ ਉੱਠਣ ਦਾ ਮੌਕਾ ਮੁਹੱਈਆ ਕੀਤਾ। ਇਸਲਾਮ ਦੀ ਉਤਸ਼ਾਹਪੂਰਨ ਪ੍ਰੇਰਨਾ ਨਾਲ ਤੇ ਸਰਾਸੈਨੀ ਜੇਤੂਆਂ ਦੀ ਨਰਮਾਈ ਨਾਲ ਉਪਜਾਊ ਉੱਤਰੀ ਅਫਰੀਕਾ ਦੇ ਮਿਹਨਤੀ ਲੋਕਾਂ ਨੇ ਆਪਣੇ ਖੇਤਰ ਨੂੰ ਖੁਸ਼ਹਾਲ ਬਣਾਇਆ।

ਇਹ ਇਕਦਮ ਮਿਥਕ ਧਾਰਨਾ ਹੈ ਕਿ ਅਰਬ ਦੇ ਤਰੱਕੀ ਸਿਰਫ ਹਥਿਆਰ ਦੇ ਸਹਾਰੇ ਪ੍ਰਾਪਤ ਕੀਤੀ ਗਈ। ਤਲਵਾਰ ਰਾਹੀਂ ਕਿਸੇ ਰਾਸ਼ਟਰ ਦੇ ਮੁੱਢਲੇ ਸਿਧਾਂਤ ਨੂੰ ਸ਼ਾਇਦ ਬਦਲਿਆ ਜਾ ਸਕਦਾ ਹੈ ਪਰ ਉਸ ਨਾਲ ਮਾਨਵ ਚੇਤਨਾ ਵਿੱਚ ਬਦਲਾਅ ਸੰਭਵ ਨਹੀਂ ਹੈ। ਇਸਲਾਮ ਦੇ ਤਰਕ ਗੰਭੀਰ ਗੱਲ ਸੀ, ਜਿਸ ਨੇ ਏਸ਼ੀਆ ਅਤੇ ਅਫ਼ਰੀਕਾ ਦੇ ਲੋਕਾਂ ਦੇ ਘਰੇਲੂ ਜੀਵਨ ਵਿੱਚ ਬਦਲਾਅ ਲਿਆਂਦਾ।

ਇਸ ਰਾਜਸੀ ਪਰਿਦ੍ਰਿਸ਼ ਦੀ ਵਿਆਖਿਆ ਲਈ ਜਿੱਤੇ ਗਏ ਦੇਸ਼ਾਂ ਦੀ ਸਮਾਜਿਕ ਸਥਿਤੀ ਤੇ ਉਸਦੇ ਕਾਰਨ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਦੇਸ਼ਾਂ ਦੇ ਧਰਮਾਂ ਦੇ ਪ੍ਰਭਾਵ ਬਹੁਤ ਦੇਰ ਪਹਿਲਾਂ ਹੀ ਖਤਮ ਹੋ ਗਿਆ ਸੀ ਤੇ ਉਸਦੀ ਜਗ੍ਹਾ ਅਧਿਆਤਮਵਾਦੀ ਵੇਦਾਂਤ ਸਥਾਪਿਤ ਹੋ ਗਿਆ ਸੀ। ਇਹ ਕਿਵੇਂ ਸੰਭਵ ਸੀ ਕਿ ਅਨਪੜ੍ਹ ਵਿਅਕਤੀ ਜੋ ਮੁਸ਼ਕਿਲ ਨਾਲ ਸਪੱਸ਼ਟ ਦਿਸਦੀਆਂ ਚੀਜ਼ਾਂ ਬਾਰੇ ਸੋਚ ਸਕਦਾ ਸੀ, ਅਧਿਆਤਮ ਦੇ ਰਹੱਸਾਂ ਨੂੰ ਸਮਝ ਲੈਂਦਾ? ਫਿਰ ਵੀ ਉਨ੍ਹਾਂ ਦੇਸ਼ਾਂ ਵਿੱਚ ਲੋਕਾਂ ਨੂੰ

ਮੋਕਸ਼ ਦੇ ਉਹ ਸਿਧਾਂਤ ਪੜ੍ਹਾਏ ਜਾਂਦੇ ਸਨ, ਜਿਨ੍ਹਾਂ ਵਿੱਚ ਮਨੁੱਖ ਜਾਤੀ ਦੇ ਪਤਨ ਦੀ ਨਿੰਦਾ ਸਮਾਈ ਹੋਈ ਸੀ। ਉਨ੍ਹਾਂ ਲੋਕਾਂ ਨੇ ਮਹਿਸੂਸ ਕੀਤਾ ਕਿ ਵਿਅਕਤੀ ਦੇ ਗੁਣਾਂ ਜਾਂ ਔਗੁਣਾਂ 'ਤੇ ਵਿਚਾਰ ਨਹੀਂ ਕੀਤਾ ਜਾਂਦਾ ਅਤੇ ਪਾਪ ਲਈ ਬੁਰੇ ਕਰਮਾਂ ਨੂੰ ਜ਼ਿੰਮੇਵਾਰ ਨਾ ਕਹਿ ਕੇ ਤੇ ਸਿਰਫ ਅਧਿਆਤਮ ਦੇ ਵਿਰੋਧੀ ਹੀ ਪਾਪੀਆਂ ਦੇ ਖਾਤੇ ਵਿੱਚ ਆਉਂਦੇ ਹਨ। ਇਹ ਕਿਸ ਤਰ੍ਹਾਂ ਦੇ ਉਦਾਹਰਣ ਹਨ, ਜਦੋਂ ਈਸਾਈ ਬਿਸ਼ਪ ਕਤਲ, ਜ਼ਹਿਰ ਖਿਲਾਉਣ, ਪਰਾਈਆਂ ਔਰਤਾਂ ਨਾਲ ਭੋਗ ਜਿਹੇ ਵਿਭਚਾਰ, ਅੰਨ੍ਹੇ ਕਰਨ, ਦੰਗੇ ਕਰਾਉਣ, ਵਿਦਰੋਹ ਕਰਨ ਅਤੇ ਗ੍ਰਹਿਯੁੱਧ ਕਰਾਉਣ ਜਿਹੇ ਗੁਨਾਹਾਂ ਨਾਲ ਲਿੱਬੜੇ ਹੋਏ ਹਨ। ਜਦ ਮਹਾਨ ਧਰਮਗੁਰੂ ਇੱਕ ਦੂਸਰੇ ਨਾਲ ਈਰਖਾ ਵੱਸ ਧਰਮ ਵਿੱਚੋਂ ਕੱਢਣ ਦੀਆਂ ਮੁਹਿੰਮਾਂ ਚਲਾਉਂਦੇ ਸਨ ਅਤੇ ਭੌਤਿਕ ਤਾਕਤ ਲਈ ਖ਼ੁਦ ਇੱਕ ਦੂਸਰੇ ਦੇ ਮੁਕਾਬਲੇਬਾਜ਼ ਬਣੇ ਹੋਏ ਸਨ। ਰਾਜ ਦਰਬਾਰਾਂ ਅਤੇ ਰਾਜਿਆਂ ਦੇ ਪਰਿਵਾਰਾਂ ਦੀਆਂ ਔਰਤਾਂ ਨੂੰ ਧਾਰਮਿਕ ਪਿਆਰ ਦੇ ਤੋਹਫੇ ਦਿੱਤੇ ਜਾਂਦੇ ਸਨ ਅਤੇ ਰਾਜ ਦਰਬਾਰਾਂ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਜਾਂਦਾ ਸੀ। ਧਰਮ ਗੁਰੂ ਆਪਣੇ ਭਗਤਾਂ ਦੀ ਭੀੜ ਵਿੱਚ ਰੱਬੀ ਆਵਾਜ਼ ਦੇ ਦਾਅਵੇਦਾਰ ਦੇ ਰੂਪ ਵਿੱਚ ਆਡੰਬਰਪੂਰਨ ਭਾਸ਼ਣ ਕਰਦੇ ਸਨ, ਪਰ ਆਪ ਨੀਵੇਂ ਦਰਜੇ ਦੀ ਧੋਖਾਧੜੀ ਦੀਆਂ ਸਾਜ਼ਿਸ਼ਾਂ ਨੂੰ ਰਚਦੇ ਰਹਿੰਦੇ ਸਨ। ਈਸਾਈ ਮੱਠਾਂ ਵਿੱਚ ਅਜਿਹੇ ਸੰਤ ਸਨ ਜੋ ਸਾਮਰਾਜਾਂ ਦੀਆਂ ਸੈਨਾਵਾਂ ਵਿੱਚ ਆਤੰਕ ਫੈਲਾਉਂਦੇ ਸਨ ਅਤੇ ਵੱਡੇ-ਵੱਡੇ ਸ਼ਹਿਰਾਂ ਵਿੱਚ ਦੰਗੇ ਅਤੇ ਫ਼ਸਾਦ ਕਰਾਉਂਦੇ ਸਨ। ਉਹ ਆਪਣੇ ਅਖੌਤੀ ਅਧਿਆਤਮਵਾਦੀ ਵਿਚਾਰਾਂ ਦਾ ਪਾਖੰਡਪੂਰਨ ਪ੍ਰਦਰਸ਼ਨ ਕਰਦੇ ਸਨ ਪਰ ਉਹ ਪੀੜਤ ਮਨੁੱਖ ਦੇ ਅਧਿਕਾਰਾਂ ਤੇ ਉਸਦੀ ਬੌਧਿਕ ਆਜ਼ਾਦੀ ਦੇ ਪੱਖ ਵਿੱਚ ਕੋਈ ਆਵਾਜ਼ ਨਹੀਂ ਸਨ ਉਠਾਉਂਦੇ। ਐਸੀ ਸਥਿਤੀ ਵਿੱਚ ਨਿਰਾਸ਼ਾ ਅਤੇ ਖਲਾਅ ਦੀ ਭਾਵਨਾ ਤੋਂ ਬਿਨਾਂ ਹੋਰ ਕੀ ਪੈਦਾ ਹੋ ਸਕਦਾ ਸੀ? ਨਿਸ਼ਚੇ ਹੀ ਮਨੁੱਖਾਂ ਕੋਲੋਂ ਇਹ ਆਸ ਨਹੀਂ ਕੀਤਾ ਜਾ ਸਕਦੀ ਕਿ ਉਹ ਅਜਿਹੀ ਵਿਵਸਥਾ ਦੀ ਸਹਾਇਤਾ ਕਰਦੇ ਜਿਸਦਾ ਉਨ੍ਹਾਂ ਦੇ ਦਿਲ-ਦਿਮਾਗ 'ਤੇ ਕੋਈ ਅਸਰ ਨਹੀਂ ਰਹਿ ਗਿਆ ਸੀ।

ਇਸ ਲਈ ਜਦ ਵੱਖ-ਵੱਖ ਸੰਪਰਦਾਵਾਂ ਵਿੱਚ ਈਰਖਾਪੂਰਣ ਸੰਘਰਸ਼ ਸੀ ਅਤੇ ਅਣਗਿਣਤ ਵਿਰੋਧੀਆਂ ਵਿੱਚ ਅਰਾਜਕਤਾ ਸੀ ਉਸ ਸਮੇਂ ਸੰਸਾਰ ਵਿੱਚ ਇਕ ਨਵੀਨ ਯੁੱਧ-ਨਾਦ 'ਈਸ਼ਵਰ ਇੱਕ ਹੈ' ਸੁਣਾਈ ਦਿੱਤਾ। ਕੀ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸ ਨਾਦ ਨਾਲ ਫੈਲੀ ਹੋਈ ਗੜਬੜੀ ਖਤਮ ਹੋਈ। ਕੀ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਏਸ਼ੀਆ ਅਤੇ ਅਫਰੀਕਾ ਦੇ ਬਹੁਤੇ ਦੇਸ਼ਾਂ ਨੇ ਉਸਦੇ ਸਾਹਮਣੇ ਗੋਡੇ ਟੇਕ ਦਿੱਤੇ। ਜੇਕਰ ਸਮਾਂ ਵਧੀਆ ਹੋਵੇ ਤਾਂ ਦੇਸ਼ਭਗਤੀ ਨੂੰ ਧਰਮ ਦੇ ਅਧੀਨ ਹੀ ਮੰਨਿਆ ਜਾਂਦਾ ਹੈ, ਪਰ ਉਨ੍ਹਾਂ ਦਿਨਾਂ ਵਿੱਚ ਤਾਂ ਧਰਮ ਇਕਦਮ ਹੀ ਲੋਪ ਹੋ ਗਿਆ ਹੋਇਆ ਸੀ।

(J.W. Drwper- History of the Intellectual Development of Europe) Vol. 1, Page- 332-33

ਹਜ਼ਰਤ ਮੁਹੰਮਦ ਦੇ ਪੈਰੋਕਾਰਾਂ ਨੇ ਸਮਾਨਤਾ ਦੇ ਸਿਧਾਂਤ ਦਾ ਉਪਦੇਸ਼ ਦਿੱਤਾ,

ਜਿਸਦਾ ਆਧਾਰ ਅਰਬ ਦੇ ਘੁਮੱਕੜ ਜੀਵਨ ਵਿੱਚ ਸਮਾਈ ਰਵਾਇਤੀ ਆਜ਼ਾਦੀ ਦੀ ਭਾਵਨਾ ਸੀ। ਉਨ੍ਹਾਂ ਸਭ ਨੇ ਆਪਣੇ ਰਾਸ਼ਟਰੀ ਗੁਣ ਲੁੱਟਮਾਰ ਵਿੱਚ ਆਪਣੀ ਸੂਰਮਗਤੀ ਦਾ ਪ੍ਰਦਰਸ਼ਨ ਕੀਤਾ ਸੀ। ਜਦ ਪ੍ਰਾਚੀਨ ਸਮੇਂ ਦੀ ਆਜ਼ਾਦੀ ਦੀ ਭਾਵਨਾ ਨੇ ਮਹਾਨ ਜਿੱਤਾਂ ਦੇ ਸਿਖਰ ਦਾ ਰੂਪ ਲੈ ਲਿਆ ਤਾਂ ਅਰਬ ਦਾ ਵਿਅਕਤੀ ਨਿੱਜੀ ਰੂਪ ਵਿੱਚ ਇਹ ਗੱਲ ਨਹੀਂ ਭੁਲਾ ਸਕਿਆ ਕਿ ਉਸਦਾ ਘੋੜਾ ਅਤੇ ਉਸਦੀ ਤਲਵਾਰ ਓਨੀ ਹੀ ਤੇਜ਼ੀ ਨਾਲ ਵਧ ਸਕਦੀ ਹੈ ਜਿੰਨੀ ਕਿਸੇ ਹੋਰ ਬੰਦੇ ਦੀ ਰਫਤਾਰ ਹੋਵੇ। ਉਸ ਨੇ ਆਪਣੀ ਮਾਰੂਥਲੀ ਮਾਤਭੂਮੀ ਦੀ ਰੱਖਿਆ ਲਈ ਸੇਸੋਟਰੀ, ਸਾਇਪ੍ਰਸ, ਸਿਕੰਦਰ, ਦਾਰਾ, ਪੇਮਪੋਟੀ ਅਤੇ ਅਸ਼ੀਰਵਨ, ਪਟੋਲਮਬੀ ਅਤੇ ਟ੍ਰਾਇਜਨ ਦੀਆਂ ਸੈਨਾਵਾਂ ਦਾ ਸਾਹਮਣਾ ਕਰਨ ਵਿੱਚ ਹਿੱਸਾ ਲਿਆ ਸੀ। ਉਸ ਅਰਬੀ ਵਿਅਕਤੀ ਨੇ ਯੁੱਧ ਵਿੱਚ ਜਿੱਤ ਪ੍ਰਾਪਤ ਕਰਨ ਅਤੇ ਯੁੱਧ ਭੂਮੀ ਦੀਆਂ ਸਥਿਤੀਆਂ ਨੂੰ ਬਦਲਣ ਵਿੱਚ ਸਿਖਰਲਾ ਯੋਗਦਾਨ ਦਿੱਤਾ ਸੀ। ਪਰ ਇਸਲਾਮ ਦੁਆਰਾ ਦਰਸਾਇਆ ਸਮਾਨਤਾ ਦਾ ਸਿਧਾਂਤ ਜਿੱਤ ਲਈ ਸਰਾਸੈਨੀ ਯੋਧਿਆਂ ਦੀ ਤਲਵਾਰ ਨਾਲੋਂ ਵੀ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੋਇਆ। ਉਸਦਾ ਸਿਧਾਂਤ ਰੋਮ, ਬੇਜ਼ੇਨਟਾਈਨ, ਫ਼ਾਰਸ ਤੇ ਬਾਅਦ ਵਿੱਚ ਭਾਰਤੀ ਸਾਮਰਾਜਾਂ ਵਿਚਲੇ ਵਰਗ ਅਤੇ ਜਾਤੀ ਦੇ ਭੇਦਭਾਵ ਉੱਪਰ ਆਧਰਿਤ ਦਮਨਕਾਰੀ ਕਾਨੂੰਨਾਂ ਨਾਲੋਂ ਭਿੰਨ ਸੀ। ਇਸਲਾਮ ਨੇ ਆਜ਼ਾਦੀ ਅਤੇ ਸਮਾਨਤਾ ਦੀ ਉਸ ਭਾਵਨਾ ਦੀ ਸਥਾਪਨਾ ਕੀਤੀ, ਜਿਸ ਨੂੰ ਪ੍ਰਾਚੀਨ ਸੱਭਿਅਤਾ ਵਾਲੇ ਕਰੀਬ-ਕਰੀਬ ਸਾਰੇ ਦੇਸ਼ਾਂ ਵਿੱਚ ਭੁਲਾ ਦਿੱਤਾ ਗਿਆ ਸੀ।

ਅਰਬ ਲੋਕਾਂ ਨੂੰ ਪੁਰਾਣੀਆਂ ਸੱਭਿਆਤਾਵਾਂ ਦਾ ਉੱਤਰ ਅਧਿਕਾਰ ਦਾ ਮਾਣ ਪ੍ਰਾਪਤ ਹੋਣ ਦੇ ਕਾਰਨ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਬਣ ਗਈ ਸੀ ਕਿ ਪੁਰਾਣੀਆਂ ਸੱਭਿਆਤਾਵਾਂ ਦੇ ਖੰਡਰਾਂ ਵਿੱਚ ਦੱਬੀ ਪਈ ਮਨੁੱਖ-ਜਾਤੀ ਨੂੰ ਮੁਕਤ ਕਰਦੇ। ਉਸ ਯੁੱਗ ਦੀਆਂ ਸਥਿਤੀਆਂ ਇਸਲਾਮ ਦੇ ਨਾਟਕੀ ਤਰ੍ਹਾਂ ਦੇ ਪ੍ਰਸਾਰ ਵਿੱਚ ਸਹਾਇਕ ਬਣੀਆਂ। ਸੰਸਾਰ ਭਰ ਦੇ ਸ਼ਾਸਕ ਵਰਗਾਂ ਦੇ ਅਧਿਆਤਮਕ ਅਤੇ ਬੌਧਿਕ ਪਤਨ ਦੇ ਕਾਲ ਵਿੱਚ ਇਸਲਾਮ ਦਾ ਉਦੈ ਹੋਇਆ। ਸਮਾਜਿਕ ਪਤਨ, ਤਬਾਹੀ ਅਤੇ ਨਿਰੰਕੁਸ਼ਤਾ ਦੀ ਸਮਾਜਿਕ ਸਥਿਤੀ ਨਾਲ ਫੈਲੇ ਅਸੰਤੋਖ ਦੇ ਕਾਰਨ ਸਧਾਰਨ ਲੋਕਾਂ ਵਿੱਚ ਲਾਲਸਾਵਾਂ ਪੈਦਾ ਹੋਈਆਂ ਅਤੇ ਉਨ੍ਹਾਂ ਵਿੱਚ ਬਿਹਤਰ ਸੰਸਾਰ ਦੀ ਰਚਨਾ ਦੀ ਝਲਕ ਪੈਦਾ ਹੋਈ। ਆਪਣੇ ਸਮੇਂ ਦੀ ਕ੍ਰਾਂਤੀਕਾਰੀ ਭਾਵਨਾ ਤੋਂ ਪਹਿਲਾਂ ਈਸਾਈ ਧਰਮ ਦਾ ਵਿਕਾਸ ਹੋਇਆ। ਬਦਕਿਸਮਤੀ ਨਾਲ ਉਸਦੀ ਜਿੱਤ ਤੋਂ ਬਾਅਦ ਪੁਰਾਣੇ ਸ਼ਾਸਕ ਨੇ ਉਸਨੂੰ ਸੁਰੱਖਿਆ ਪ੍ਰਦਾਨ ਕੀਤੀ। ਇਸ ਨਾਲ ਈਸਾਈ ਧਰਮ ਪੁਰਾਣੀ ਸਮਾਜ ਵਿਵਸਥਾ ਦਾ ਰਖਵਾਲਾ ਤੇ ਉਸ ਨੂੰ ਜਿਊਂਦਾ ਰੱਖਣ ਵਾਲਾ ਬਣ ਗਿਆ। ਈਸਾਈ ਧਰਮ ਦੇ ਸੰਸਥਾਪਕ ਧਰਮ-ਗੁਰੂਆਂ ਨੇ ਆਪਣੇ ਮਸੀਹਾ ਦੇ ਉਹ ਉਪਦੇਸ਼ ਭੁਲਾ ਦਿੱਤੇ ਜਿਨ੍ਹਾਂ ਦੁਆਰਾ ਈਸਾ ਨੇ ਰੋਮਨ ਸਾਮਰਾਜ ਦੇ ਵਿਰੁੱਧ ਵਿਦਰੋਹ ਕਰਨ ਦੀ ਪ੍ਰੇਰਨਾ ਦਿੱਤੀ ਸੀ। ਉਨ੍ਹਾਂ ਉਸ ਦੇ ਵਿਦਰੋਹੀ ਉਪਦੇਸ਼ ਦੀ ਥਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ-(ਸੀਜ਼ਰ ਨੂੰ ਉਸਦਾ ਹਿੱਸਾ ਦਿਉ।) ਇਹ ਗੱਲ ਯਹੂਦੀ ਇਤਿਹਾਸ ਅਤੇ ਪਰੰਪਰਾ ਦੇ ਵਿਰੁੱਧ ਸੀ। ਸ਼ਾਸਕ

ਵਰਗ ਨਾਲ ਸਮਝੌਤਾ ਕਰ ਲੈਣ ਤੋਂ ਬਾਅਦ ਈਸਾਈ ਧਰਮ ਨਵੀਂ ਸਮਾਜਿਕ ਵਿਵਸਥਾ ਦੀ ਸਥਾਪਨਾ ਦੇ ਟੀਚੇ ਤੋਂ ਪਿਛਾਂਹ ਹਟ ਗਿਆ, ਜੋ ਉਸ ਯੁੱਗ ਦੀ ਵੱਡੀ ਮੰਗ ਸੀ। ਉਸਨੇ ਗਰੀਬ ਅਤੇ ਪੀੜਤ ਜਨਤਾ ਦੁਆਰਾ ਦੁਨੀਆਂ ਭਰ ਨੂੰ ਜਿੱਤਣ ਦੀ ਮੁਹਿੰਮ ਦੀ ਅਗਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਦੇ ਸਾਹਮਣੇ ਮ੍ਰਿਗਤ੍ਰਿਸ਼ਨਾ ਜਿਹੀ ਆਸ ਰੱਖੀ ਕਿ ਐਸਾ ਸਮਾਂ ਆਵੇਗਾ ਜਦ ਪ੍ਰਿਥਵੀ ਉਥੇ ਦੁੱਧ ਅਤੇ ਸ਼ਹਿਦ ਦੀਆਂ ਨਦੀਆਂ ਵਹਿਣਗੀਆਂ। ਰੱਬੀ ਰਾਜਾਂ ਵਾਲੇ ਸਵਰਗ ਵਿੱਚ ਉਹੀ ਨਿਮਰ ਲੋਕ ਪ੍ਰਵੇਸ਼ ਕਰਨਗੇ ਜੋ ਇਸ ਸੰਸਾਰ ਦੇ ਸ਼ਾਸਕਾਂ ਦੇ ਦਮਨ ਸਾਹਮਣੇ ਚੁੱਪ ਰਹਿੰਦੇ ਹਨ।

ਈਸਾਈ ਧਰਮ ਦੇ ਪਤਨ ਤੋਂ ਬਾਅਦ ਇਤਿਹਾਸਕ ਲੋੜ ਦੇ ਅਨੁਸਾਰ ਵਧੇਰੇ ਸ਼ਕਤੀਸ਼ਾਲੀ ਧਰਮ ਦੀ ਜ਼ਰੂਰਤ ਸੀ। ਇਸਲਾਮ ਨੇ ਆਪਣੇ ਪੈਰੋਕਾਰਾਂ ਨੂੰ ਸਵਰਗ ਦੇ ਆਨੰਦ ਦਿਵਾਉਣ ਦਾ ਵਾਅਦਾ ਹੀ ਨਹੀਂ ਕੀਤਾ, ਬਲਕਿ ਉਸਨੇ ਇਸ ਸੰਸਾਰ ਵਿੱਚ ਜਿੱਤ ਪ੍ਰਾਪਤ ਕਰਨ ਦੀ ਪ੍ਰੇਰਨਾ ਵੀ ਦਿੱਤੀ। ਬਿਨਾਂ ਸ਼ੱਕ ਅਰਬ ਦੇ ਮਸੀਹਾ ਦੀ ਸਵਰਗ ਦੀ ਕਲਪਨਾ ਹੋਰ ਕੁਝ ਨਹੀਂ ਸੀ, ਸਗੋਂ ਉਸ ਵਿੱਚ ਇਸ ਸੰਸਾਰ ਵਿੱਚ ਸੁਖੀ ਜੀਵਨ ਅਤੇ ਆਨੰਦ ਦੇ ਆਦਰਸ਼ ਨੂੰ ਵੀ ਸ਼ਾਮਿਲ ਕੀਤਾ ਗਿਆ। ਹਜ਼ਰਤ ਮੁਹੰਮਦ ਨੇ ਆਪਣੇ ਪੈਰੋਕਾਰਾਂ ਲਈ ਕੇਵਲ ਰਾਸ਼ਟਰੀ ਏਕਤਾ ਦਾ ਮੰਚ ਹੀ ਤਿਆਰ ਨਹੀਂ ਕੀਤਾ ਸਗੋਂ ਅਰਬ ਰਾਸ਼ਟਰ ਦੀ ਵਿਰੋਧ ਦੀ ਧੁਨੀ ਨੂੰ ਨਵੇਂ ਹਥਿਆਰ ਦਾ ਰੂਪ ਦੇ ਦਿੱਤਾ। ਅਰਬ ਦੇ ਸਾਰੇ ਗੁਆਂਢੀ ਦੇਸ਼ਾਂ ਦੀ ਪੀੜਤ ਅਤੇ ਸ਼ੋਸ਼ਿਤ ਜਨਤਾ ਉਤੇ ਵੀ ਇਸ ਧੁਨੀ ਦਾ ਚੰਗਾ ਪ੍ਰਭਾਵ ਪਿਆ।

ਇਸਲਾਮ ਦੀ ਨਾਟਕੀ ਸਫਲਤਾ ਦੇ ਅਧਿਆਤਮਕ ਦੇ ਨਾਲ-ਨਾਲ ਸਮਾਜਿਕ ਅਤੇ ਰਾਜਸੀ ਕਾਰਨ ਵੀ ਸਨ। ਪ੍ਰਸਿੱਧ ਇਤਿਹਾਸਕਾਰ ਗਿੱਬਨ ਨੇ ਸਭ ਤੋਂ ਵਧੇਰੇ ਮਹੱਤਵਪੂਰਨ ਤੱਥ ਸੰਬੰਧੀ ਲਿਖਿਆ ਹੈ-

> *ਜ਼ੋਰੋਸ਼ਟਰ ਦੀ ਵਿਵਸਥਾ ਤੋਂ ਵਧੇਰੇ ਪਵਿੱਤਰ, ਮੂਸਾ ਦੇ ਨਿਯਮਾਂ ਤੋਂ ਵਧੇਰੇ ਉਦਾਰ, ਹਜ਼ਰਤ ਮੁਹੰਮਦ ਦੇ ਧਰਮ ਨੇ ਸੱਤਵੀਂ ਸਦੀ ਵਿੱਚ ਫੈਲੇ ਧਰਮ ਉਪਦੇਸ਼ਾਂ ਦੀ ਸਾਦਗੀ ਨੂੰ ਅਪਮਾਨਿਤ ਕਰਨ ਵਾਲੇ ਪਾਖੰਡ ਦੇ ਮੁਕਾਬਲੇ ਤਰਕ ਦੀ ਵਧੇਰੇ ਪਾਲਣਾ ਕੀਤੀ ਸੀ।*

(The Decline and Fall of Roman Empire)

ਇੱਕ ਹੋਰ ਇਤਿਹਾਸਕਾਰ ਦਾ ਕਹਿਣਾ ਹੈ ਕਿ ਇਸਲਾਮ ਦੀ ਅਸਰ ਪਾਉਣ ਵਾਲੀ ਜਿੱਤ ਦਾ ਕਾਰਨ ਜਿੰਨਾ ਉਸਦਾ ਆਜ਼ਾਦੀ ਅਤੇ ਸਮਾਨਤਾ ਦਾ ਸਿਧਾਂਤ ਸੀ, ਓਨੀ ਉਸਦੀ ਸੈਨਿਕ ਸ਼ਕਤੀ ਨਹੀਂ ਸੀ। ਹਰ ਸੰਘਰਸ਼ ਜਿਸ ਵਿੱਚ ਸਰਾਸੈਨੀ ਸੂਰਮਿਆਂ ਨੇ ਈਸਾਈ ਰਾਸ਼ਟਰ ਨੂੰ ਜਿੱਤਿਆ ਸੀ, ਇਤਿਹਾਸ ਵਿੱਚ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਉਨ੍ਹਾਂ ਦੀ ਜਿੱਤ ਜਿੱਤੇ ਗਏ ਦੇਸ਼ਾਂ ਦੀ ਜਨਤਾ ਦੇ ਸਮਰਥਨ ਨਾਲ ਹੋਈ ਸੀ। ਜ਼ਿਆਦਾਤਰ ਈਸਾਈ ਸਰਕਾਰਾਂ ਲਈ ਇਹ ਕਲੰਕ ਵਾਲੀ ਗੱਲ ਸੀ ਕਿ ਉਨ੍ਹਾਂ ਦਾ ਸ਼ਾਸਨ ਅਰਬ ਹਮਲਾਵਾਰਾਂ ਦੇ ਮੁਕਾਬਲੇ ਵਧੇਰੇ ਦਮਨਕਾਰੀ ਸੀ।

ਸੀਰੀਆ ਦੇ ਨਿਵਾਸੀਆਂ ਨੇ ਹਜ਼ਰਤ ਮੁਹੰਮਦ ਦੇ ਪੈਰੋਕਾਰਾਂ ਦਾ ਸਵਾਗਤ ਕੀਤਾ ਸੀ। ਮਿਸਰ ਦੇ ਚੋਗਾਧਾਰੀ ਲੋਕਾਂ ਨੇ ਅਰਬ ਹਮਲਾਵਰਾਂ ਦੀ ਸਹਾਇਤਾ ਕੀਤੀ ਅਤੇ ਬਰਬਰ ਲੋਕਾਂ ਨੇ ਅਫਰੀਕਾ ਦੀ ਜਿੱਤ ਵਿੱਚ ਅਰਬਾਂ ਦਾ ਪੂਰਾ ਸਾਥ ਦਿੱਤਾ। ਕਸਤੁਨਤੁਨੀਆ ਦੀ ਈਸਾਈ ਸਰਕਾਰ ਪ੍ਰਤੀ ਕਈ ਦੇਸ਼ਾਂ ਦੀ ਜਨਤਾ ਵਿੱਚ ਘਿਰਣਾ ਪਾਈ ਜਾਂਦੀ ਸੀ ਅਤੇ ਉਨ੍ਹਾਂ ਲੋਕਾਂ ਨੇ ਮੁਸਲਮਾਨਾਂ ਦੀ ਅਧੀਨਗੀ ਨੂੰ ਚੰਗਾ ਸਮਝਿਆ। ਅਮੀਰਾਂ ਦੀ ਧੋਖੇਬਾਜ਼ੀ ਅਤੇ ਜਨਤਾ ਦੀ ਉਪਰਾਮਤਾ ਦੇ ਕਾਰਨ ਸਪੇਨ ਅਤੇ ਦੱਖਣੀ ਫ਼ਰਾਂਸ ਦੇ ਨਿਵਾਸੀਆਂ ਨੇ ਅਰਬ ਹਮਲਾਵਰਾਂ ਦੀ ਅਧੀਨਗੀ ਅਸਾਨੀ ਨਾਲ ਹੀ ਸਵੀਕਾਰ ਕਰ ਲਈ।

Finley-History of the Begantine Empire

–o–

ਮੁਹੰਮਦ ਤੇ ਉਸਦੀਆਂ ਸਿੱਖਿਆਵਾਂ

ਇਸਲਾਮ ਦੇ ਸੰਸਥਾਪਕ ਨੂੰ ਮਨੁੱਖ ਜਾਤੀ ਉੱਪਰ ਸਭ ਤੋਂ ਵਧੇਰੇ ਪ੍ਰਭਾਵ ਪਾਉਣ ਵਾਲੇ ਅਤੇ ਪ੍ਰਭਾਵਿਤ ਕਰਨ ਵਾਲੇ ਵਿਅਕਤੀ ਵਜੋਂ ਦੇਖਿਆ ਗਿਆ ਹੈ। (Draper, History of the Intellectual development of Europe. Vol-1, Page-329)

ਜਦ ਤਕ ਮੁਹੰਮਦ ਸਾਹਿਬ ਨੇ ਆਪਣੇ ਆਪ ਨੂੰ ਰਸੂਲ ਨਹੀਂ ਐਲਾਨਿਆ ਸੀ, ਤਦ ਤਕ ਉਨ੍ਹਾਂ ਦੇ ਵਿਅਕਤੀਤਵ ਵਿੱਚ ਕੋਈ ਵਿਸ਼ੇਸ਼ ਗੱਲ ਨਹੀਂ ਸੀ। ਉਨ੍ਹਾਂ ਦੇ ਇਸ ਅਖੌਤੀ ਦਾਅਵੇ ਦੀ ਨੀਂਹ ਵੀ ਬਾਕੀ ਸਭ ਧਰਮਾਂ ਦੇ ਮਸੀਹਿਆਂ, ਧਰਮ ਗੁਰੂਆਂ ਅਤੇ ਸੰਤਾਂ ਦੇ ਦਾਅਵਿਆਂ ਤੋਂ ਜ਼ਿਆਦਾ ਵੱਖਰੀ ਨਹੀਂ ਸੀ। ਈਸਾਈ ਮੁਹਿੰਮ ਨੇ ਅਰਬ ਦੇ ਮਸੀਹਾ ਨੂੰ ਇਕ ਪਾਖੰਡੀ ਕਿਹਾ ਸੀ। ਪਰ ਇਸ ਗੱਲ ਨੂੰ ਭੁਲਾ ਦਿੱਤਾ ਗਿਆ ਕਿ ਉਸਨੂੰ ਮੂਸਾ ਅਤੇ ਈਸਾ ਦੇ ਨਾਂਵਾਂ ਦੇ ਨਾਲ ਹੀ ਮਸੀਹਾ ਕਿਹਾ ਗਿਆ ਸੀ। ਇਕ ਗੁੰਮਨਾਮ ਲੇਖਕ ਦੀ ਕਿਤਾਬ 'ਤਿੰਨ ਪਾਖੰਡੀ' ਨੇ ਮੱਧਯੁੱਗ ਦੇ ਅੰਤ ਵਿੱਚ ਪੂਰੇ ਯੂਰਪ ਵਿੱਚ ਤਹਿਲਕਾ ਮਚਾ ਦਿੱਤਾ ਸੀ। ਕਿਹਾ ਜਾਂਦਾ ਹੈ ਕਿ ਇਸ ਕਿਤਾਬ ਦਾ ਲੇਖਕ ਈਸਾਈ ਰਾਜਾ 'ਫ਼ਰੈਡਰਿਕ ਬਾਰਬੋਸਾ' ਸੀ ਅਤੇ ਕੁਝ ਲੋਕ ਉਸਨੂੰ ਮੁਸਲਮਾਨ ਦਾਰਸ਼ਨਿਕ 'ਅਬੇਰੋਸ' ਦੱਸਦੇ ਹਨ।

ਜੇਕਰ ਹਜ਼ਰਤ ਮੁਹੰਮਦ ਪਾਖੰਡੀ ਸਨ ਤਾਂ ਉਨ੍ਹਾਂ ਨੇ ਉਹ ਭੂਮਿਕਾ ਸੁਚੇਤ ਤੌਰ 'ਤੇ ਨਹੀਂ ਅਪਨਾਈ ਸੀ। ਦੂਸਰੇ ਲੋਕਾਂ ਨੇ ਉਨ੍ਹਾਂ ਦੇ ਰੱਬੀ ਰਸੂਲ ਹੋਣ ਦਾ ਪ੍ਰਚਾਰ ਕੀਤਾ ਸੀ, ਜਿਸ ਉੱਪਰ ਅਗਿਆਨ ਅਤੇ ਅਡੰਬਰਾਂ ਵਿੱਚ ਫਸੇ ਲੋਕਾਂ ਨੇ ਯਕੀਨ ਕੀਤਾ। ਰਾਸ਼ਟਰੀ ਏਕਤਾ ਦੇ ਆਦਰਸ਼ ਦੇ ਵਿਚਾਰਵਾਨ ਵਜੋਂ ਹਜ਼ਰਤ ਮੁਹੰਮਦ ਨੇ ਇਹ ਅਨੁਭਵ ਕੀਤਾ ਕਿ ਯੁੱਧ ਵਿੱਚ ਫਸੇ ਅਰਬ ਕਬੀਲਿਆਂ ਨੂੰ ਉਸ ਗੱਲ ਲਈ ਤਦ ਤੱਕ ਰਾਜ਼ੀ ਨਹੀਂ ਕੀਤਾ ਜਾ ਸਦਾ ਜਦ ਤਕ ਉਸ ਦਾ ਅਲੌਕਿਕ ਸਮਰਥਨ ਪ੍ਰਾਪਤ ਨਾ ਹੋਵੇ। ਜਨਤਾ ਵਿੱਚ ਪਾਏ ਜਾਂਦੇ ਅਗਿਆਨ ਅਤੇ ਪੂਰਵ ਧਾਰਨਾਵਾਂ ਦੇ ਵਿਚਾਰਾਂ ਦੇ ਵਿਰੁੱਧ ਹੋਰ ਕੋਈ ਤਰਕ ਕੰਮ ਨਹੀਂ ਆਉਂਦਾ। ਛੋਟੇ ਦੇਵਤਿਆਂ ਨੂੰ ਮਹਾਨ ਸਰਵਸ਼ਕਤੀਮਾਨ ਅੱਲਾਹ ਦੇ ਨਾਮ ਨਾਲ ਪ੍ਰਚਾਰਿਆ ਅਤੇ ਜਾਣਿਆ ਜਾ ਸਕਦਾ ਸੀ। ਛੋਟੇ ਦੇਵਤਿਆਂ ਦੀ ਕਰੋਪੀ ਨੂੰ ਸ਼ਰਵਸ਼ਕਤੀਮਾਨ ਅੱਲਾਹ ਦੀ ਕਿਰਪਾ ਨਾਲ ਖਤਮ ਕੀਤਾ ਜਾ ਸਕਦਾ

ਸੀ। ਸਰਵਸ਼ਕਤੀਮਾਨ ਇੱਕ ਈਸ਼ਵਰ (ਅੱਲਾਹ) ਵਿੱਚ ਵਿਸ਼ਵਾਸ ਦੇ ਆਧਾਰ 'ਤੇ ਕਬੀਲਿਆਂ ਦੇ ਬਹੁਤ ਸਾਰੇ ਦੇਵਤਿਆਂ ਵਿਰੁੱਧ ਲੋਕਾਂ ਨੂੰ ਵਿਦਰੋਹ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਸੀ। ਜੇਕਰ ਕੋਈ ਸਰਵਸ਼ਕਤੀਮਾਨ ਇੱਕ ਈਸ਼ਵਰ ਨਹੀਂ ਸੀ ਤਾਂ ਉਸਦੀ ਖੋਜ ਕਰਨੀ ਸੀ। ਹਜ਼ਰਤ ਮੁਹੰਮਦ ਸਾਹਿਬ ਦੇ ਵਿਚਾਰਾਂ ਵਿੱਚ ਇਹੀ ਦਾਅਵਾ ਕੀਤਾ ਗਿਆ ਹੈ। ਅਜਿਹਾ ਕਰਨ ਵਿੱਚ ਪਾਖੰਡੀ ਹੋਣ ਦੀ ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ। ਕੀ ਇਕ ਹਜ਼ਾਰ ਸਾਲ ਪਹਿਲਾਂ ਸਿਆਣੇ ਕਹੇ ਜਾਣ ਵਾਲੇ ਵਾਲਟਾਯਰ ਨੇ ਇਸੇ ਤਰ੍ਹਾਂ ਦੇ ਤਰਕ ਦਾ ਸਹਾਰਾ ਨਹੀਂ ਲਿਆ ਸੀ, ਜਿਸ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਅਪਨਾਇਆ? ਪਰ ਬਾਅਦ ਵਾਲੇ ਮਾਮਲੇ ਵਿੱਚ ਉਹ ਤਰਕ ਪ੍ਰਤੀਕਿਰਿਆ ਦਾ ਸਮਰਥਨ ਕਰਨ ਲਈ ਦਿੱਤਾ ਗਿਆ ਸੀ। ਵਾਲਟਾਯਰ ਨੇ ਇੱਕ ਈਸ਼ਵਰ ਦੀ ਖੋਜ ਕਰਨ ਦੀ ਲੋੜ 'ਤੇ ਜ਼ੋਰ ਇਸ ਲਈ ਦਿੱਤਾ ਸੀ ਕਿ ਇਸਦੇ ਆਧਾਰ 'ਤੇ ਜਰਜਰੇ ਸਾਮੰਤਸ਼ਾਹੀ ਰਾਜਤੰਤਰ ਦੀ ਰਖਵਾਲੀ ਕੀਤੀ ਜਾ ਸਕੇ। ਹਜ਼ਰਤ ਮੁਹੰਮਦ ਦੇ ਸਮੇਂ ਵਿੱਚ ਇਸ ਤਰਕ ਦਾ ਪ੍ਰਯੋਗ ਉਸ ਸਮੇਂ ਦੀਆਂ ਸਥਿਤੀਆਂ ਦੇ ਕ੍ਰਾਂਤੀਕਾਰੀ ਉਦੇਸ਼ ਲਈ ਕੀਤਾ ਗਿਆ ਸੀ। ਜੇਕਰ ਮਨੁੱਖ ਦੇ ਦਿਮਾਗ ਵਿੱਚ ਸਰਵਸ਼ਕਤੀਮਾਨ ਦੀ ਇੱਕ ਸੱਤਾ ਉੱਪਰ ਯਕੀਨ ਬੱਝ ਜਾਵੇ ਤਾਂ ਉਨ੍ਹਾਂ ਵਿਸ਼ਵਾਸਾਂ ਲਈ ਸਧਾਰਣ ਲੋਕਾਂ ਦੇ ਸਹਿਯੋਗ ਨੂੰ ਅਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ 'ਇੱਕ ਈਸ਼ਵਰ' ਦਾ ਵਿਚਾਰ ਹਜ਼ਰਤ ਮੁਹੰਮਦ ਸਾਹਿਬ ਦੀ ਖੋਜ ਨਹੀਂ ਸੀ। ਉਸ ਵਿਚਾਰ ਦਾ ਵਿਕਾਸ ਉਨ੍ਹਾਂ ਸਮਾਜਿਕ ਸਥਿਤੀਆਂ ਵਿੱਚ ਹੋਇਆ ਸੀ ਜਿਨ੍ਹਾਂ ਦਾ ਜ਼ਿਕਰ ਪਿਛਲੇ ਕਾਂਡ ਵਿੱਚ ਕੀਤਾ ਜਾ ਚੁੱਕਿਆ ਹੈ। ਹਜ਼ਰਤ ਮੁਹੰਮਦ ਦਾ ਟੀਚਾ ਇੱਕ ਈਸ਼ਵਰੀ ਸੱਤਾ ਲਈ ਗਵਾਹ ਨੂੰ ਲੱਭਣਾ ਸੀ। ਅਤੇ ਜੇਕਰ ਤੁਸੀਂ ਇਹ ਚਾਹੁੰਦੇ ਹੋ ਕਿ ਲੋਕਾਂ ਨੂੰ ਉਸ ਗਵਾਹ 'ਤੇ ਯਕੀਨ ਹੋਵੇ ਤਾਂ ਤੁਹਾਨੂੰ ਇਹ ਵਿਚਾਰ ਇਸ ਤਰ੍ਹਾਂ ਪੇਸ਼ ਕਰਨਾ ਚਾਹੀਦਾ ਹੈ ਕਿ ਲੋਕ ਇਸ ਉਪਰ ਯਕੀਨ ਕਰਨ ਲਈ ਰਾਜ਼ੀ ਹੋ ਜਾਣ।

ਪਰ ਹਜ਼ਰਤ ਮੁਹੰਮਦ ਸਾਹਿਬ ਵਲੋਂ ਇੱਕ ਈਸ਼ਵਰ ਦੀ ਖੋਜ ਦਾ ਆਧਾਰ ਵਾਲਟਾਯਰ ਵਾਂਗ ਸਨਕ ਨਹੀਂ ਸੀ। ਉਨ੍ਹਾਂ ਨੇ ਈਮਾਨਦਾਰੀ ਨਾਲ ਆਪਣੇ ਉਤਸ਼ਾਹ ਦੇ ਆਧਾਰ 'ਤੇ ਆਪਣੇ ਅਗਿਆਨੀ ਪੈਰੋਕਾਰਾਂ ਨੂੰ ਪ੍ਰੇਰਿਤ ਕਰਨ ਲਈ ਇੱਕ ਈਸ਼ਵਰੀ ਸਿਧਾਂਤ ਦੀ ਖੋਜ ਕੀਤੀ। ਇੱਕ ਈਸ਼ਵਰ (ਅੱਲਾਹ) ਦੀ ਖੋਜ, ਜੋ ਅਰਬ ਰਾਸ਼ਟਰ ਦੀ ਰੱਖਿਆ ਕਰ ਸਕਦੀ ਸੀ। ਉਹ ਰੇਗਿਸਤਾਨ ਦੇ ਬੰਜਰ ਸਥਾਨ 'ਤੇ ਗਏ ਅਤੇ ਸਾਧਨਾ, ਵਰਤ ਅਤੇ ਇਬਾਦਤ ਦੀ ਨਵੀਂ ਵਿਧੀ ਵਿਕਸਤ ਕੀਤੀ, ਜਿਸ ਨੂੰ 12ਵੀਂ ਸਦੀ ਵਿੱਚ ਵੀ ਰੱਬੀ ਪ੍ਰੇਰਣਾ ਦਾ ਸੋਮਾ ਮੰਨਿਆ ਜਾਂਦਾ ਸੀ ਤੇ ਉਸ ਸਾਧਨਾ, ਵਰਤ ਅਤੇ ਬੰਦਗੀ ਦਾ ਮਨਚਾਹਿਆ ਫਲ ਪ੍ਰਾਪਤ ਹੋਇਆ। "ਉਸਨੂੰ ਅਲੌਕਿਕ ਸ਼ਕਤੀ ਦੇ ਰੂਪ ਵਿੱਚ ਅੱਲਾਹ ਦੇ ਦਰਸ਼ਨ ਹੋਏ ਤੇ ਉਸਨੂੰ ਰਹੱਸਮਈ ਸੁਰ ਸੁਣਾਈ ਦਿੱਤੇ, ਜਿਸ ਵਿੱਚ ਉਸਨੂੰ ਈਸ਼ਵਰ ਦਾ ਰਸੂਲ ਬਣਨ ਦਾ ਹੁਕਮ ਦਿੱਤਾ ਗਿਆ। ਉਸੇ ਤਰ੍ਹਾਂ ਦੀਆਂ ਆਵਾਜ਼ਾਂ ਉਸਨੂੰ ਪੱਥਰਾਂ ਅਤੇ ਦਰਖਤ ਬੂਟਿਆਂ ਤੋਂ ਵੀ ਸੁਣਨ ਲੱਗੀਆਂ।"

(Draper-History of the Intellectual Development of Europe)

ਇਸ ਤਰ੍ਹਾਂ ਦੇ ਅਨੁਭਵ ਮਨ ਦੇ ਵਿਕਾਰ ਤੋਂ ਪੈਦਾ ਹੁੰਦੇ ਹਨ ਅਤੇ ਪ੍ਰਸਤਾਵਿਤ ਵਿਹਾਰ ਅਤੇ ਸਾਧਨਾਵਾਂ ਨੂੰ ਕਰਨ ਨਾਲ ਵੀ ਪੈਦਾ ਹੁੰਦੇ ਹਨ। ਵਿਚਾਰਾਂ ਦੇ ਸਥਿਰ ਹੋ ਜਾਣ ਨਾਲ ਚਾਹੇ ਕਿੰਨੇ ਵੀ ਅੰਦੇਸ਼ੇ ਜਾਂ ਅੰਦਾਜ਼ੇ ਸਾਕਾਰ ਰੂਪ ਗ੍ਰਹਿਣ ਕਰ ਲੈਂਦੇ ਹਨ ਤੇ ਜੇਕਰ ਮਨ ਨੂੰ ਉਸ ਵਿੱਚ ਇਕਾਗਰਤਾ ਨਾਲ ਸਥਿਰ ਕਰ ਦਿੱਤਾ ਜਾਵੇ ਤਾਂ ਉਹ ਦੂਸਰੀਆਂ ਗੱਲਾਂ ਦੀ ਚੇਤਨਾ ਨੂੰ ਵੱਖਰੀਆਂ ਕਰਕੇ ਉਨ੍ਹਾਂ ਵਿਸ਼ਵਾਸਾਂ ਨੂੰ ਸਵੀਕਾਰ ਕਰ ਲੈਂਦੇ ਹਨ। ਰਿਸ਼ੀਆਂ ਅਤੇ ਤਪੱਸਵੀਆਂ ਦੇ ਮਨੋਵਿਗਿਆਨਕ ਅਧਿਐਨ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਪ੍ਰੇਰਣਾ ਜਾਂ ਕੋਈ ਧਾਰਮਿਕ ਅਨੁਭਵ ਉਸ ਸਰੀਰਕ ਪ੍ਰਸਥਿਤੀ ਤੋਂ ਪੈਦਾ ਹੁੰਦਾ ਹੈ ਜੋ ਅਚਾਨਕ ਜਾਂ ਉਦੇਸ਼ਪੂਰਨ ਧਾਰਨਾਵਾਂ ਨਾਲ ਪੈਦਾ ਕੀਤੀ ਜਾ ਸਕਦੀ ਹੈ।

ਹਜ਼ਰਤ ਮੁਹੰਮਦ ਨੇ ਉਸੇ ਤਰ੍ਹਾਂ ਦਾ ਕਿਰਦਾਰ ਧਾਰਿਆ ਜਿਹਾ ਕਿ ਉਸ ਤੋਂ ਪਹਿਲੇ ਅਤੇ ਬਾਅਦ ਦੇ ਮਸੀਹਾ ਅਪਨਾਉਂਦੇ ਸਨ, ਪਰ ਇਨ੍ਹਾਂ ਦੇ ਸੰਬੰਧ ਵਿੱਚ ਇੱਕ ਅਜਿਹਾ ਤੱਥ ਹੈ ਜਿਸ ਲਈ ਇਨ੍ਹਾਂ ਨੂੰ ਇਸਦਾ ਸਿਹਰਾ ਦਿੱਤਾ ਜਾ ਸਕਦਾ ਹੈ। ਉਹ ਇੱਕ ਐਸੇ ਮਾਹਿਰ ਵਿਅਕਤੀ ਸਨ, ਜਿਨ੍ਹਾਂ ਨੂੰ ਮਨੋਸਰੀਰਕ ਲੱਛਣਾਂ ਨੇ ਵੱਸ ਵਿੱਚ ਨਹੀਂ ਕੀਤਾ ਜੈਸਾ ਕਿ ਅਧਿਆਤਮਕ ਆਚਰਣਿਕ ਵਿਕਾਸ ਦਾ ਮੁੱਢਲਾ ਲੱਛਣ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਹ ਪਾਗਲ ਨਾ ਹੋ ਜਾਣ। ਉਨ੍ਹਾਂ ਦਾ ਮਕਸਦ ਅਸਫਲ ਹੋ ਜਾਂਦਾ ਜੇਕਰ ਸਿਆਣੀ ਅਤੇ ਬੁੱਧੀਮਾਨ ਪਤਨੀ ਨੇ ਐਨ ਮੌਕੇ 'ਤੇ ਉਸਦੀ ਜ਼ਿੰਦਗੀ ਵਿੱਚ ਪ੍ਰਵੇਸ਼ ਨਾ ਕੀਤਾ ਹੁੰਦਾ। ਖ਼ਦੀਜਾ ਖ਼ੁਦ ਅਮੀਰ ਵਪਾਰੀ ਸੀ, ਜਿਸ ਵਿੱਚ ਸੰਸਾਰਕ ਚੁਸਤੀ ਸੀ, ਜਿਸ ਨੇ ਆਪਣੇ ਪਤੀ ਦੇ ਮਾਨਸਿਕ ਤਣਾਅ ਦੀ ਅਧਿਆਤਮਕ ਕੀਮਤ ਨੂੰ ਪਛਾਣਿਆ ਸੀ। ਉਸਨੇ ਉਨ੍ਹਾਂ ਨੂੰ ਇਹ ਯਕੀਨ ਦੁਆਇਆ ਕਿ ਉਨ੍ਹਾਂ ਦੀ ਮਾਨਸਿਕ ਤਣਾਅ ਅਤੇ ਪ੍ਰਚਲਿਤ ਗੱਲਾਂ ਤੋਂ ਵੱਖਰੀ ਇਹ ਮਾਨਸਿਕ ਸੱਚਾਈ ਪਾਗਲਪਨ ਦੇ ਲੱਛਣ ਨਹੀਂ ਬਲਕਿ ਉਹ ਅੱਲਾਹ ਦੇ ਆਦੇਸ਼ ਜਾਂ ਆਇਤਾਂ ਹਨ। ਹਜ਼ਰਤ ਮੁਹੰਮਦ ਦੇ ਮਨੋਸਰੀਰਕ ਲੱਛਣਾਂ ਦੇ ਆਧਾਰ 'ਤੇ ਉਸਨੇ ਉਨ੍ਹਾਂ ਵਿੱਚ ਇਹ ਯਕੀਨ ਪੈਦਾ ਕੀਤਾ ਕਿ ਅੱਲਾਹ ਦੇ ਫਰਿਸ਼ਤਿਆਂ ਨੂੰ ਸਾਖਿਆਤ ਰੂਪ ਵਿੱਚ ਦੇਖ ਚੁੱਕੇ ਹਨ। ਬਿਨਾਂ ਸ਼ੱਕ ਇਸ ਤਰ੍ਹਾਂ ਦਾ ਨਾਟਕ ਅਗਿਆਨ, ਪਾਖੰਡ ਅਤੇ ਵਹਿਮਾਂ ਦੇ ਆਧਾਰ 'ਤੇ ਰਚਿਆ ਜਾ ਸਕਦਾ ਹੈ। ਜਿਸਦੇ ਮੁੱਖ ਪਾਤਰਾਂ ਵਿੱਚ ਉਨ੍ਹਾਂ ਦੀ ਸੱਚਾਈ ਦੇ ਵਹਿਮ ਪ੍ਰਤਿ ਯਕੀਨ ਪੈਦਾ ਹੋ ਜਾਂਦਾ ਹੈ। ਪਰ ਸਾਰੇ ਧਰਮਾਂ ਦਾ ਜਨਮ ਇਸੇ ਤਰ੍ਹਾਂ ਹੀ ਹੁੰਦਾ ਹੈ। ਐਸੀ ਸੋਚ ਹਰਗਿਜ਼ ਨਹੀਂ ਹੋਣੀ ਚਾਹੀਦੀ ਕਿ ਇਸਲਾਮ ਇਸ ਮਾਮਲੇ ਵਿੱਚ ਕੋਈ ਅਪਵਾਦ ਸੀ। ਉਹ ਅਪਵਾਦ ਇਸੇ ਰੂਪ ਵਿਚ ਸੀ ਕਿ ਉਸਨੇ ਆਪਣੇ ਧਰਮ ਲਈ ਰੱਬੀ/ਦੈਵੀ ਆਧਾਰ ਦੀ ਤਲਾਸ਼ ਕਰ ਲਈ ਅਤੇ ਉਸ ਵਿੱਚ ਧਾਰਮਿਕ ਅੰਧ-ਵਿਸ਼ਵਾਸ ਅਤੇ ਅਧਿਆਤਮਕ ਅਨੁਮਾਨ ਘੱਟ ਸਨ ਅਤੇ ਗੰਭੀਰ ਰਾਜਨੀਤਕ ਵਿਚਾਰ ਅਤੇ ਪ੍ਰਗਤੀਸ਼ੀਲ ਸਮਾਜਿਕ ਸਿਧਾਂਤ ਅਤੇ ਨਿੱਜੀ ਕਿਰਦਾਰ ਦੀ ਸਿਫਤੀ ਰਹਿਤ-

ਮਰਿਆਦਾ ਦਾ ਆਧਾਰ ਵਧੇਰੇ ਮਜ਼ਬੂਤ ਸੀ। "ਹਜ਼ਰਤ ਮੁਹੰਮਦ ਨੇ ਨਿਰਾਰਥਕ ਅਧਿਆਤਮਕ ਗੱਲਾਂ ਤੋਂ ਆਪਣੇ ਆਪ ਨੂੰ ਪਰ੍ਹੇ ਰੱਖਿਆ ਅਤੇ ਆਪਣੇ ਲੋਕਾਂ ਦੀ ਸਮਾਜਿਕ ਸਥਿਤੀ ਸੁਧਾਰਨ ਵਾਲੇ ਪਾਸੇ ਵਧੇਰੇ ਧਿਆਨ ਦਿੱਤਾ ਤੇ ਪੈਰੋਕਾਰਾਂ ਲਈ ਵਿਅਕਤੀਗਤ ਸਰੀਰਕ ਸਫਾਈ, ਗੰਭੀਰਤਾ, ਰੋਜ਼ਾ/ਵਰਤ ਅਤੇ ਬੰਦਗੀ ਦੇ ਨਿਯਮਾਂ ਉੱਪਰ ਜ਼ੋਰ ਦਿੱਤਾ। ਆਪਣੀ ਖੁੱਲ੍ਹਦਿਲੀ ਵਾਲੀ ਸਿੱਖਿਆ ਨਾਲ, ਜੋ ਉਸ ਸਮੇਂ ਲੋਪ ਹੋ ਗਈ ਸੀ, ਉਨ੍ਹਾਂ ਨੇ ਕਿਹਾ ਕਿ ਮੋਕਸ਼ ਜਾਂ ਮੁਕਤੀ ਭਾਵ ਪਾਪਾਂ ਤੋਂ ਮੁਕਤੀ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਮਿਲ ਸਕਦੀ ਹੈ, ਬਸ਼ਰਤੇ ਉਹ ਸਦਗੁਣਾਂ ਨਾਲ ਭਰਪੂਰ ਹੋਣ।"

(Draper-History of the Intellectual Development of Europe)

ਕੁਰਆਨ ਕਿਸੇ ਬੁੱਧੀਮਾਨ ਵਿਅਕਤੀ ਦੀ ਰਚਨਾ ਨਹੀਂ ਹੈ। ਇਸ ਲਈ ਉਸ ਵਿੱਚ ਕੁਝ ਕੱਚੇ ਵਿਚਾਰ ਅਤੇ ਕਾਲਪਨਿਕ ਅੰਦਾਜ਼ੇ ਵੀ ਹਨ। ਉਸਦੀਆਂ ਕਮਜ਼ੋਰੀਆਂ ਉਸਦੇ ਇੱਕ ਮਹਾਨ ਧਰਮ ਦੇ ਪ੍ਰੇਰਨਾ ਸਰੋਤ ਹੋਣ ਦੇ ਗੁਣ ਨੂੰ ਪਰਦੇ ਹੇਠ ਢਕ ਲੈਂਦੀਆਂ ਹਨ। ਪਰ ਹਜ਼ਰਤ ਮੁਹੰਮਦ ਸਾਹਿਬ ਦਾ ਧਰਮ ਇੱਕ ਕਠੋਰ ਇੱਕ ਈਸ਼ਵਰਵਾਦ ਸੀ ਅਤੇ ਉਸ ਮਾਮਲੇ 'ਤੇ ਉਹ ਕਿਸੇ ਵੀ ਤਰ੍ਹਾਂ ਦਾ ਕੋਈ ਸਮਝੌਤਾ ਨਹੀਂ ਕਰਦਾ। ਆਪਣੀ ਇਸੇ ਵਿਸ਼ੇਸ਼ਤਾ ਦੇ ਕਾਰਨ ਹੀ ਇਸਲਾਮ ਹੋਰ ਸਾਰੇ ਧਰਮਾਂ ਨਾਲੋਂ ਸ੍ਰੇਸ਼ਠ ਧਰਮ ਬਣ ਗਿਆ ਹੈ। ਦਾਰਸ਼ਨਿਕ ਰੂਪ ਵਿੱਚ ਈਸ਼ਵਰ ਦਾ ਵਿਚਾਰ ਇਸ ਧਰਮ ਦਾ ਆਧਾਰ ਹੈ। ਉਸ ਵਿਚਾਰ ਨੂੰ ਸਭ ਤਰ੍ਹਾਂ ਦੇ ਭੁਲੇਖਿਆਂ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ ਜਦ ਤਕ ਕਿ ਇਹ ਵਿਚਾਰ ਸਵੀਕਾਰ ਨਾ ਕਰ ਲਿਆ ਜਾਵੇ ਕਿ ਸੰਸਾਰ ਦੀ ਉਤਪਤੀ ਖਲਾਅ 'ਚੋਂ ਹੋਈ ਸੀ। ਯੂਨਾਨ ਦੇ ਪ੍ਰਾਚੀਨ-ਦਾਰਸ਼ਨਿਕਾਂ ਅਤੇ ਭਾਰਤ ਦੇ ਦਾਰਸ਼ਨਿਕਾਂ ਨੇ ਵਿਵੇਕਵਾਦ ਉੱਪਰ ਜ਼ੋਰ ਦਿੱਤਾ, ਜਿਸਨੇ ਇਸ ਕਲਪਨਾ ਨੂੰ ਦੂਰ ਕਰ ਦਿੱਤਾ ਸੀ। ਉਸਦੇ ਨਤੀਜੇ ਵਜੋਂ ਆਰੰਭਿਕ ਵਿਵੇਕਵਾਦ ਦੀ ਪਿੱਠਭੂਮੀ ਨਾਲ ਪੈਦਾ ਹੋਏ ਧਰਮ ਈਸ਼ਵਰ ਦੇ ਮੌਲਿਕ ਵਿਚਾਰ ਨੂੰ ਪ੍ਰਮਾਣਿਤ ਕਰਨ ਵਿੱਚ ਸਫਲ ਨਹੀਂ ਹੋਏ ਸਨ। ਸਿੱਟੇ ਵਜੋਂ ਸਾਰੇ ਮਹਾਨ ਧਰਮਾਂ ਹਿੰਦੂ, ਯਹੂਦੀ ਅਤੇ ਈਸਾਈ ਸਾਰਿਆਂ ਵਿੱਚ ਬਹੁਦੇਵਵਾਦ ਦੇ ਰੁਝਾਨ ਪੈਦਾ ਹੋਏ ਜਿਸ ਨਾਲ ਤਾਰਕਿਕ ਅਧਾਰ 'ਤੇ ਧਰਮ ਦੇ ਵਿਚਾਰ ਦਾ ਹੀ ਖੰਡਨ ਹੋ ਜਾਂਦਾ ਸੀ। ਬਹੁਦੇਵਵਾਦ ਵਿੱਚ ਸੰਸਾਰ ਦੀਆਂ ਵਿਭਿੰਨ ਸ਼ਕਤੀਆਂ ਦੇ ਦੇਵਤਿਆਂ ਨੂੰ ਈਸ਼ਵਰ ਦੇ ਬਰਾਬਰ ਰੱਖਿਆ ਜਾਂਦਾ ਹੈ। ਇਸ ਨਾਲ ਈਸ਼ਵਰ ਦੇ ਵਿਚਾਰ 'ਤੇ ਹੀ ਸ਼ੱਕ ਹੋਣ ਲੱਗਦਾ ਹੈ। ਇਸ ਨਾਲ ਸ੍ਰਿਸ਼ਟੀ ਰਚਨਾ ਅਤੇ ਈਸ਼ਵਰ ਦੇ ਸੰਬੰਧਾਂ ਦਾ ਵਿਚਾਰ ਵੀ ਖਤਮ ਹੋ ਜਾਂਦਾ ਹੈ। ਜੇਕਰ ਸੰਸਾਰ ਆਦਿ ਕਾਲ ਤੋਂ ਹੀ ਆਪਣੇ ਆਪ ਸਥਿਤ ਹੈ ਤਾਂ ਉਸਦੇ ਨਿਰਮਾਤਾ ਦੀ ਕਲਪਨਾ ਕਰਨਾ ਜ਼ਰੂਰੀ ਨਹੀਂ ਹੈ ਅਤੇ ਜੇਕਰ ਈਸ਼ਵਰ ਸੰਸਾਰ ਦਾ ਨਿਰਮਾਤਾ ਨਹੀਂ ਹੈ ਤਾਂ ਉਸ ਨੂੰ ਸਵੈਸਿੱਧ ਮੰਨਣ ਦੀ ਕੋਈ ਲੋੜ ਹੀ ਨਹੀਂ ਰਹਿ ਜਾਂਦੀ।

ਹਜ਼ਰਤ ਮੁਹੰਮਦ ਦੇ ਧਰਮ ਨੇ ਉੱਪਰ ਦੱਸੀ ਪੀਚਵੀਂ ਗੰਢ ਨੂੰ ਖੋਲ੍ਹ ਦਿੱਤਾ।

ਉਸਨੇ ਈਸ਼ਵਰ ਦੇ ਵਿਚਾਰ ਨੂੰ ਮੁੱਢਲੇ ਵਿਵੇਕਵਾਦ ਦੀ ਔਖਿਆਈ ਤੋਂ ਮੁਕਤ ਕਰਕੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਅੱਲਾਹ ਨੇ ਖਲਾਅ ਤੋਂ ਸੰਸਾਰ ਦੀ ਸਿਰਜਣਾ ਕੀਤੀ। ਉਸ ਨੇ ਇਸ ਤਰਕਪੂਰਨ ਵਿਚਾਰ ਉਪਰ ਜ਼ੋਰ ਦਿੱਤਾ। ਅੱਲਾਹ ਆਪਣੇ ਸ਼ਕਤੀਸ਼ਾਲੀ ਅਤੇ ਤੇਜੱਸਵੀ ਰੂਪ ਵਿੱਚ ਸਵੀਕਾਰ ਕੀਤਾ ਗਿਆ। ਉਸ ਵਿੱਚ ਇੱਕ ਹੀ ਨਹੀਂ, ਅਨੇਕ ਸ੍ਰਿਸ਼ਟੀਆਂ ਦੀ ਰਚਨਾ ਦੀ ਸ਼ਕਤੀ ਹੈ ਜੋ ਉਸ ਦੇ ਸ਼ਕਤੀਮਾਨ ਹੋਣ ਦਾ ਸਬੂਤ ਹੈ। ਸਰਵਸ਼ਕਤੀਮਾਨ ਈਸ਼ਵਰ (ਅੱਲਾਹ) ਦੀ ਭਾਵਨਾ ਦੀ ਸਥਾਪਤੀ ਪੁਰਾਣੀਆਂ ਗੱਲਾਂ ਅਤੇ ਧਾਰਮਿਕਤਾ ਦੀ ਲਾਲਸਾ ਦੇ ਆਧਾਰ 'ਤੇ ਕੀਤੀ ਗਈ। ਉਹ ਹਜ਼ਰਤ ਮੁਹੰਮਦ ਸਾਹਿਬ ਦੀ ਗੌਰਵਸ਼ਾਲੀ ਦੇਣ ਹੈ। ਇਸੇ ਮਾਣ ਦੇ ਆਧਾਰ 'ਤੇ ਉਨ੍ਹਾਂ ਨੂੰ ਇਤਿਹਾਸ ਦੇ ਸਭ ਤੋਂ ਪਵਿੱਤਰ ਧਰਮ ਦਾ ਸੰਸਥਾਪਕ ਸਵੀਕਾਰ ਕੀਤਾ ਗਿਆ, ਕਿਉਂਕਿ ਇਸਲਾਮ ਤਰਕਸ਼ੀਲ ਧਰਮ ਹੈ, ਇਸੇ ਲਈ ਉਸਨੇ ਸਾਰੇ ਧਰਮਾਂ 'ਤੇ ਇੱਕ ਤਰ੍ਹਾਂ ਜਿੱਤ ਪ੍ਰਾਪਤ ਕੀਤੀ, ਜਿਨ੍ਹਾਂ ਵਿੱਚ ਉੱਚ ਅਧਿਆਤਮਕ ਕਲਪਨਾਵਾਂ ਅਤੇ ਧਾਰਮਿਕ ਬਾਰੀਕੀਆਂ ਸਨ। ਜਿਨ੍ਹਾਂ ਧਰਮਾਂ ਵਿੱਚ ਉੱਚ ਪੱਧਰੀ ਦਾਰਸ਼ਨਿਕ ਦਾਅਵੇ ਕੀਤੇ ਜਾਂਦੇ ਸਨ, ਉਹ ਸਾਰੇ ਇਸਲਾਮ ਤੋਂ ਹਾਰ ਗਏ ਅਤੇ ਉਨ੍ਹਾਂ ਧਰਮਾਂ ਦੀ ਸੱਚਾਈ ਕੁਢੱਬੀ ਅਤੇ ਝੂਠੀ ਸਿੱਧ ਹੋ ਗਈ।

ਇੱਕ-ਈਸ਼ਰਵਰਵਾਦ ਇੱਕ ਬੇਹੱਦ ਤਬਾਹਕਾਰੀ ਸਿਧਾਂਤ ਹੈ। ਖ਼ੁਦ ਧਰਮ ਦਾ ਸਭ ਤੋਂ ਉੱਚਾ ਰੂਪ ਹੋਣ ਕਰਕੇ ਜੋ ਬਾਕੀ ਧਰਮਾਂ ਦੀਆਂ ਜੜ੍ਹਾਂ ਵੀ ਵੱਢਦਾ ਹੈ, ਇਹ ਸਿਧਾਂਤ ਈਸ਼ਵਰ ਨੂੰ ਸੰਸਾਰ ਤੋਂ ਪਰ੍ਹੇ ਮੰਨਦਾ ਹੈ, ਸੋ ਐਸੀ ਸਥਿਤੀ ਪੈਦਾ ਹੋਣ ਦੀ ਸੰਭਾਵਨਾ ਵੀ ਪਈ ਹੁੰਦੀ ਹੈ ਕਿ ਈਸ਼ਵਰ ਤੋਂ ਬਿਨਾਂ ਵੀ ਸੰਸਾਰ ਦਾ ਕੰਮ ਚੱਲਦਾ ਰਹਿ ਸਕੇ। ਕਠੋਰ ਕੇਂਦਰ ਆਧਾਰਿਤ ਧਰਮ ਹੋਣ ਕਰਕੇ ਇਸਲਾਮ ਮਨੁੱਖ-ਇਤਿਹਾਸ ਦੇ ਉਸ ਕਾਂਡ ਨੂੰ ਖਤਮ ਕਰਨ ਦਿੰਦਾ ਹੈ, ਜਿਸ ਵਿੱਚ ਧਾਰਮਿਕ ਭਾਵਨਾ ਦੀ ਹੀ ਪ੍ਰਧਾਨਤਾ ਰਹਿੰਦੀ ਸੀ। ਇਸ ਭਾਵਨਾ ਦਾ ਸੁਭਾਅ ਐਸਾ ਹੁੰਦਾ ਹੈ ਜਿਸ ਦੁਆਰਾ ਇਸ ਸੰਸਾਰ ਦੀ ਵਿਆਖਿਆ ਗੈਰ-ਪ੍ਰਚਲਿਤ ਤਰੀਕੇ ਨਾਲ ਨਵੇਂ ਸਿਰੇ ਤੋਂ ਕੀਤੀ ਜਾ ਸਕੇ। ਇਸ ਤਰ੍ਹਾਂ ਦੀਆਂ ਵਿਆਖਿਆਵਾਂ ਨੇ ਪੁਰਾਣੇ ਧਾਰਮਿਕ ਵਿਚਾਰਾਂ ਦੀ ਥਾਂ ਆਧੁਨਿਕ ਤਰਕਵਾਦ ਦੀ ਨੀਂਹ ਰੱਖੀ। 'ਅਸੀਂ ਲੋਕ ਇੱਕ ਕੇਂਦਰਵਾਦ ਦੇ ਵਿਚਾਰ ਦੀ ਤੁਲਨਾ ਇੱਕ ਮਹਾਨ ਝੀਲ ਨਾਲ ਕਰ ਸਕਦੇ ਹਾਂ, ਜਿਸ ਵਿੱਚ ਵਿਗਿਆਨ ਦੇ ਹੜ੍ਹ ਦਾ ਪਾਣੀ ਜਮ੍ਹਾਂ ਹੁੰਦਾ ਹੈ ਅਤੇ ਜਦੋਂ ਪਾਣੀ ਇੱਕ ਹੱਦ ਤੋਂ ਵੱਧ ਜਾਂਦਾ ਹੈ ਤਾਂ ਉਹ ਬੰਨ੍ਹ ਤੋੜ ਕੇ ਵਹਿਣ ਵੱਗਦਾ ਹੈ।.....ਇੱਕ ਸੱਤਾਵਾਦੀ ਧਰਮਾਂ ਵਿੱਚ ਤੀਸਰਾ ਧਰਮ ਹੋਣ ਕਰਕੇ ਇਸਲਾਮ ਭੌਤਿਕਵਾਦ ਦੇ ਸਭ ਤੋਂ ਨੇੜੇ ਹੈ। ਇਹ ਹੋਰ ਧਰਮਾਂ ਦੇ ਮੁਕਾਬਲੇ ਨਵਾਂ ਹੈ ਤੇ ਇਸਨੇ ਪਹਿਲੀ ਵਾਰ ਅਰਬ ਸੱਭਿਅਤਾ ਦੇ ਵਿਲੱਖਣ ਵਿਕਾਸ ਵਿੱਚ ਯੋਗਦਾਨ ਕੀਤਾ ਅਤੇ ਸੁਤੰਤਰ ਦਾਰਸ਼ਨਿਕ ਭਾਵਨਾ ਨਾਲ ਉਸਦਾ ਸੰਬੰਧ ਸਥਾਪਿਤ ਕੀਤਾ। ਉਸ ਦਾਰਸ਼ਨਿਕ ਭਾਵਨਾ ਦਾ ਮੱਧਯੁੱਗ ਵਿੱਚ ਯਹੂਦੀਆਂ ਉੱਪਰ ਸ਼ਕਤੀਸ਼ਾਲੀ ਪ੍ਰਭਾਵ ਸੀ ਤੇ ਉਸ ਨੇ ਪੱਛਮੀ ਈਸਾਈ ਧਰਮ ਨੂੰ ਵੀ ਪ੍ਰਭਾਵਿਤ ਕੀਤਾ ਸੀ।'

(F.A. Lange, The History of Materialism, Vol. 1, Page-174-177)

ਏਕੀਸ਼ਵਰਵਾਦੀ ਧਰਮਾਂ ਵਿੱਚ ਸਭ ਤੋਂ ਜ਼ਿਆਦਾ ਪੂਰਨ ਹੋਣ ਕਰਕੇ ਇਸਲਾਮ ਨੇ ਅਹਿਮ ਇਤਿਹਾਸਕ ਭੂਮਿਕਾ ਨਿਭਾਈ। ਕੁਰਾਨ ਦੀ ਅਪੌੜਤਾ ਕਰਕੇ ਇਸਲਾਮ ਦੇ ਕ੍ਰਾਂਤੀਕਾਰੀ ਪ੍ਰਭਾਵਾਂ ਨੂੰ ਵਿਕਸਿਤ ਕਰਨ ਵਿੱਚ ਜ਼ਿਆਦਾ ਰੁਕਾਵਟ ਪੈਦਾ ਨਹੀਂ ਹੋਈ।

ਇਸਲਾਮ ਦੇ ਕਠੋਰ ਏਕੀਸ਼ਰਵਾਦ ਦੇ ਸਿਧਾਂਤ ਨਾਲ ਖ਼ੁਦਾ ਦੇ ਰਸੂਲ ਹੋਣ ਦਾ ਹਜ਼ਰਤ ਮੁਹੰਮਦ ਸਾਹਿਬ ਦਾ ਦਾਅਵਾ ਵੀ ਰੱਦ ਹੋਇਆ। ਕੁਰਆਨ ਵਿੱਚ ਮੂਸਾ ਅਤੇ ਈਸਾ ਨੂੰ ਮਸੀਹਾ ਮੰਨਿਆ ਗਿਆ ਹੈ ਅਤੇ ਹੋਰ ਹਿਬਰੂ ਮਸੀਹਿਆਂ ਨੂੰ ਵੀ ਰੱਬੀ ਦੂਤ ਜਾਂ ਰਸੂਲ ਕਿਹਾ ਗਿਆ। ਭਾਵੇਂ ਹਜ਼ਰਤ ਸਾਹਿਬ ਦੇ ਰਸੂਲ ਹੋਣ ਦੇ ਦਾਅਵੇ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਸ਼ੁਰੂ ਵਿੱਚ ਨਹੀਂ ਹੋਇਆ ਪਰ ਉਸਦੇ ਪੈਰੋਕਾਰਾਂ ਨੇ ਗੁਪਤ ਰੂਪ ਵਿੱਚ ਉਸ ਉੱਪਰ ਸ਼ੱਕ ਜ਼ਰੂਰ ਪ੍ਰਗਟਾਇਆ ਸੀ। ਅੱਲਾਹ ਦਾ ਰਸੂਲ ਹੋਣਾ ਇਸਲਾਮ ਦਾ ਮੌਲਿਕ ਸਿਧਾਂਤ ਨਹੀਂ ਹੈ। ਉਸਦੀ ਉਸ ਵਿਸ਼ਿਸ਼ਟਤਾ ਦਾ ਆਧਾਰ ਏਕੀਸ਼ਵਰਵਾਦੀ ਸਿਧਾਂਤ ਹੀ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਤੋਂ ਫੌਰਨ ਪਿੱਛੋਂ ਉਸਦੇ ਪੈਰੋਕਾਰਾਂ ਵਿੱਚ ਇਸ ਸੰਬੰਧ ਵਿੱਚ ਮੱਤਭੇਦ ਪੈਦਾ ਹੋ ਗਏ ਸਨ। ਜਦੋਂ ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਦੀ ਖ਼ਬਰ ਸੀਰੀਆ ਵਿੱਚ ਹਮਲੇ ਲਈ ਡਟੀ ਖੜ੍ਹੀ ਅਰਬ ਸੈਨਾ ਨੂੰ ਮਿਲੀ ਤਾਂ ਉਸਦੇ ਖ਼ਲੀਫ਼ਾ ਉਮਰ ਨੇ ਇਸ ਖ਼ਬਰ ਉੱਪਰ ਯਕੀਨ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਉਸ ਵਿਅਕਤੀ ਦਾ ਸਿਰ ਕੱਟ ਲੈਣ ਦੀ ਧਮਕੀ ਦਿੱਤੀ ਜੋ ਇਹ ਖ਼ਬਰ ਲਿਆਇਆ ਸੀ ਤੇ ਉਸ ਖ਼ਬਰ ਲਿਆਉਣ ਵਾਲੇ ਨੂੰ ਕਾਫ਼ਿਰ ਸਮਝਿਆ ਗਿਆ ਸੀ। ਇਸ 'ਤੇ ਬਜ਼ੁਰਗ ਅਬੂਬਕਰ ਨੇ ਨੌਜਵਾਨ ਅਰਬ ਨੇਤਾ ਨੂੰ ਝਿੜਕ ਕੇ ਸਮਝਾਇਆ, 'ਕੀ ਤੁਸੀਂ ਮੁਹੰਮਦ ਦੀ ਬੰਦਗੀ ਕਰਦੇ ਹੋ ਜਾਂ ਉਸਦੇ ਅੱਲਾਹ ਦੀ? ਮੁਹੰਮਦ ਦਾ ਅੱਲਾਹ ਹਮੇਸ਼ਾ ਰਹਿਣ ਵਾਲਾ ਤੇ ਅਮਰ ਹੈ ਜਦਕਿ ਉਸਦਾ ਰਸੂਲ ਸਾਡੇ ਜਿਹਾ ਨਾਸ਼ਵਾਨ ਹੈ। ਮੁਹੰਮਦ ਨੇ ਖ਼ੁਦ ਆਪਣੀ ਭਵਿੱਖਬਾਣੀ ਦੇ ਅਨੁਸਾਰ ਸਧਾਰਣ ਮਨੁੱਖਾਂ ਦਾ ਜੀਵਨ ਬਤੀਤ ਕੀਤਾ ਹੈ।'

ਇੱਥੇ ਇਹ ਵੀ ਵਿਚਾਰਣਯੋਗ ਹੈ ਕਿ ਹਜ਼ਰਤ ਮੁਹੰਮਦ ਦੇ ਉਤਰ ਅਧਿਕਾਰੀ ਨੇ ਉਸਦੇ ਨਾ ਰਹਿਣ 'ਤੇ ਉਸਨੂੰ ਰੱਬੀ ਸਿੱਖਿਆ ਦੇਣ ਵਾਲਾ ਧਰਮਗੁਰੂ ਕਿਹਾ, ਨਾ ਕਿ ਉਸਨੂੰ ਮਸੀਹਾ ਜਾਂ ਰਸੂਲ ਨਾਂਵਾਂ ਨਾਲ ਯਾਦ ਕੀਤਾ। ਉਸਦੇ ਪੈਰੋਕਾਰਾਂ ਵੱਲੋਂ ਉਸਨੂੰ ਧਰਮਗੁਰੂ ਦੇ ਘੱਟ ਲਾਲਸਾਮਈ ਅਹੁਦੇ 'ਤੇ ਬਾਕੀ ਧਰਮਗੁਰੂਆਂ, ਮਰਿਆਦਾ ਨਿਰਧਾਰਕਾਂ ਅਤੇ ਉਪਦੇਸ਼ਕਾਂ ਦੇ ਬਰਾਬਰ ਰੱਖਿਆ ਗਿਆ ਸੀ। ਇਸਲਾਮ ਦੇ ਮਸੀਹਾ ਜਾਂ ਰਸੂਲ ਨੂੰ ਕਿਸੇ ਦੈਵੀ ਸ਼ਕਤੀ ਦਾ ਸਵਾਮੀ ਨਾ ਮੰਨ ਕੇ ਇਸ ਧਰਮ ਦੇ ਏਕੀਸ਼ਵਰਵਾਦੀ ਸਿਧਾਂਤ ਦੀ ਸ਼ੁੱਧਤਾ ਦੀ ਰਖਵਾਲੀ ਕੀਤੀ ਗਈ ਸੀ। ਜੇਕਰ ਉਨ੍ਹਾਂ ਨੂੰ ਦੈਵੀ ਗੁਣਾਂ ਨਾਲ ਭਰਪੂਰ ਵਿਅਕਤੀ ਸਵੀਕਾਰ ਕੀਤਾ ਜਾਂਦਾ ਤਾਂ ਉਨ੍ਹਾਂ ਨੂੰ ਹੀ ਸਰਵਸ਼ਕਤੀਮਾਨ 'ਈਸ਼ਵਰ ਜਾਂ ਅੱਲਾਹ' ਦੇ ਗੁਣਾਂ ਨਾਲ ਸੰਪੰਨ ਮੰਨਿਆ ਜਾਣਾ ਸੀ। ਈਸ਼ਵਰ ਦੀ ਏਕਤਾ ਜਾਂ ਮੁੱਢਲੇ

ਸਿਧਾਂਤ ਦੀ ਸੰਪੂਰਨਤਾ ਨੂੰ ਜ਼ਿਆਦਾ ਦੇਰ ਤਾਰਕਿਕ ਆਧਾਰ 'ਤੇ ਨਹੀਂ ਰੱਖਿਆ ਜਾ ਸਕਦਾ ਸੀ। ਇਸ ਵਿਰੋਧਭਾਸ ਨੂੰ ਦੂਰ ਕਰਨ ਲਈ ਅਸਪੱਸ਼ਟ ਧਾਰਮਿਕ ਵਿਆਖਿਆਵਾਂ ਪੇਸ਼ ਕੀਤੀਆਂ ਗਈਆਂ। ਧਰਮ ਦੀ ਆਰੰਭਲੀ ਸਾਦਗੀ ਧਾਰਮਿਕ ਅਡੰਬਰਾਂ ਜਾਂ ਰਹੱਸਮਈ ਆਤਮ-ਪ੍ਰਵਚਨ ਵਿੱਚ ਬਦਲਣ ਲੱਗ ਪਈ। ਧਾਰਮਿਕ ਕੱਟੜਤਾ ਤੋਂ ਬਿਨਾਂ ਇਸਲਾਮ ਉਸ ਇਤਿਹਾਸਕ ਭੂਮਿਕਾ ਨੂੰ ਪੂਰੀ ਨਹੀਂ ਕਰ ਸਕਦਾ ਸੀ ਜੋ ਉਸ ਨੇ ਪੂਰੀ ਕੀਤੀ। ਜਦ ਹਜ਼ਰਤ ਮੁਹੰਮਦ ਸਾਹਿਬ ਨੂੰ ਦੈਵੀ ਸ਼ਕਤੀ ਤੋਂ ਵੱਖਰਾ ਮੰਨਿਆ ਗਿਆ ਤਾਂ ਉਸਦਾ ਇਹ ਦਾਅਵਾ ਵੀ ਸਵੀਕਾਰਿਆ ਨਹੀਂ ਜਾ ਸਕਦਾ ਸੀ ਕਿ ਲਿਖਤਾਂ ਪੂਰਨ ਅਤੇ ਅਜਿੱਤ ਸੱਤਾ ਨੂੰ ਨਹੀਂ ਰੋਕ ਸਕਦੀਆਂ। ਨਤੀਜੇ ਵਜੋਂ ਆਸਥਾਵਾਨਾਂ ਦੇ ਦਿਮਾਗ ਨੂੰ ਰਤਾ ਕੁ ਢਿੱਲ ਦਿੱਤੀ ਗਈ। ਜਨਮ-ਮਰਨ ਵਾਲੇ ਵਿਅਕਤੀ ਦੇ ਉਪਦੇਸ਼ਾਂ ਨੂੰ ਦੈਵੀ/ਅੰਤਮ ਸੱਚ ਨਹੀਂ ਮੰਨਿਆ ਜਾ ਸਕਦਾ ਅਤੇ ਧਾਰਮਿਕ ਕਾਨੂੰਨਾਂ ਨੂੰ ਅਬਦਲਵੇਂ ਰੂਪ ਵਿੱਚ ਸਵੀਕਾਰ ਨਹੀਂ ਕੀਤਾ ਜਾ ਸਕਦਾ।

12ਵੀਂ ਸਦੀ ਤਕ ਇਸਲਾਮ ਵਿੱਚ ਪਾਏ ਜਾਣ ਵਾਲੇ ਧਾਰਮਿਕ ਸਿਧਾਂਤਾਂ ਵਿੱਚ ਸਮਾਨਤਾ ਨਹੀਂ ਸੀ। ਇੱਕ ਈਸ਼ਵਰ (ਅੱਲਾਹ) ਵਿੱਚ ਵਿਸ਼ਵਾਸ ਕਰਨ ਦੇ ਬਾਅਦ ਮੁਸਲਮਾਨਾਂ ਦੇ ਆਪਣੇ ਅਧਿਆਤਮਕ ਜੀਵਨ ਵਿੱਚ ਬੇਸ਼ੁਮਾਰ ਖੁੱਲ੍ਹਾਂ ਸਨ। ਅਤੇ ਇਤਿਹਾਸ ਤੋਂ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਅਰਬ ਵਿਚਾਰਕਾਂ ਨੇ ਨਵੇਂ ਧਰਮ ਦੇ ਅੰਤਰਗਤ ਵਿਚਾਰਾਂ ਦੀ ਆਜ਼ਾਦੀ ਅਤੇ ਨਰਮਾਈ ਦੀ ਪੂਰੀ ਵਰਤੋਂ ਕੀਤੀ। ਈਸਾਈ ਧਰਮ ਦੇ ਤ੍ਰੈਪੱਖੀ* ਸਰੂਪ, ਜਿਸਨੂੰ ਇਸਲਾਮੀ ਵਿਚਾਰਕ ਏਕੀਸ਼ਵਰੀ ਸਿਧਾਂਤ ਨੂੰ ਭ੍ਰਿਸ਼ਟ ਕਰਨ ਵਾਲਾ ਮੰਨਦੇ ਸਨ, ਦਾ ਖੰਡਨ ਕਰਨ ਲਈ ਮੁਸਲਮਾਨ ਧਰਮ ਗੁਰੂਆਂ ਨੇ ਧਰਮ ਦੇ ਮੌਲਿਕ ਸਿਧਾਂਤਾਂ ਦਾ ਨਿਰੂਪਣ ਬੇਹੱਦ ਅਮੂਰਤ ਰੂਪ ਵਿੱਚ ਕੀਤਾ ਜੋ ਮਨੁੱਖੀ ਮਨ ਦੀ ਉੱਚਤਮ ਪਰਿਕਲਪਨਾ ਸੀ।

(Vide Renan-Averros et Averroeism, Page 76)

ਅਰਬ ਲੋਕਾਂ ਨੇ ਏਕੀਸ਼ਵਰਵਾਦੀ ਸਿਧਾਂਤ ਦੇ ਨਿਰੂਪਣ ਵਿੱਚ ਲਾਜਵਾਬ ਸਫਲਤਾ ਹਾਸਿਲ ਕੀਤੀ। ਇਸਦਾ ਮੁੱਖ ਕਾਰਨ ਹਜ਼ਰਤ ਮੁਹੰਮਦ ਸਾਹਿਬ ਦਾ ਏਕੀਸ਼ਵਰਵਾਦੀ ਸਿਧਾਂਤ ਹੀ ਸੀ ਜਿਸ ਨੂੰ ਉਸਨੇ ਪੂਰੀ ਤਰ੍ਹਾਂ ਅਪਨਾਇਆ ਸੀ ਤੇ ਉਸ ਵਿੱਚ ਕਿਸੇ ਕਿਸਮ ਦਾ ਮਿਥਿਹਾਸਕ ਜਾਂ ਪੌਰਾਣਿਕ ਮਿਸ਼ਰਣ ਨਹੀਂ ਸੀ।

(F.A. Lange, The History of Materialism, Vol. 1, Page-184)

ਇਸੇ ਅਧਿਕਾਰ ਦੇ ਅਨੁਸਾਰ ਹੀ ਅਜਿਹੇ ਮੌਲਿਕ ਧਾਰਮਿਕ ਸਿਧਾਂਤ ਪੈਦਾ ਕੀਤੇ ਗਏ ਜੋ ਇਸਲਾਮ ਦੇ ਸੰਸਥਾਪਕ ਨੇ ਅਪੌੜ ਰੂਪ ਵਿੱਚ ਰੱਖੇ ਸਨ ਤੇ ਜਿਸ ਵਿੱਚ

---

*ਤ੍ਰੈਪੱਖੀ: *Trinity ਜਾਂ ਈਸਾਈ ਧਰਮ ਦੇ ਤ੍ਰੈਰੂਪੀ ਵਿਸ਼ਵਾਸ ਜਿਸ ਅਨੁਸਾਰ ਈਸ਼ਵਰ/ ਪਰਮਾਤਮਾ ਦੇ ਤਿੰਨ ਸਰੂਪ ਹਨ। ਪਿਤਾ (ਰੱਬ), ਪੁੱਤਰ (ਹਜ਼ਰਤ ਈਸਾ) ਤੇ ਪਵਿੱਤਰ ਆਤਮਾ (ਈਸਾ ਮੌਤ ਪਿੱਛੋਂ)-ਅਨੁਵਾਦਕ*

ਇੱਕ ਮਹਾਨ ਵਿਕਾਸ ਦੀਆਂ ਸੰਭਾਵਨਾਵਾਂ ਪਈਆਂ ਸਨ। ਏਕੀਸ਼ਵਰਵਾਦ ਦੀ ਕਠੋਰ ਪ੍ਰਕਿਰਤੀ ਕਰਕੇ ਬਾਅਦ ਦੇ ਵਿਕਾਸ ਨੇ ਉਸਦੀਆਂ ਧਾਰਮਿਕ ਵਿਚਾਰਾਂ ਦੀਆਂ ਸੀਮਾਵਾਂ ਦਾ ਵਿਸਥਾਰ ਕੀਤਾ ਜਿਸ ਨਾਲ ਅਧਿਆਤਮਕ ਪ੍ਰਸਾਰ ਹੋਇਆ, ਜਿਸਨੇ ਵਿਸ਼ਵਾਸ/ਧਰਮ ਦੇ ਯੁੱਗ ਨੂੰ ਸਮਾਪਤ ਕਰ ਦਿੱਤਾ। ਅਰਬ ਲੋਕਾਂ ਦੀ ਯੂਨਾਨੀ ਦਰਸ਼ਨ ਨਾਲ ਵਾਕਫ਼ੀ ਹੋਣ ਤੋਂ ਪਹਿਲਾਂ ਇਸਲਾਮ ਵਿੱਚ ਅਨੇਕ ਸੰਪ੍ਰਦਾਇ ਅਤੇ ਧਾਰਮਿਕ ਵਿਚਾਰ ਪੈਦਾ ਹੋਏ ਜਿਨ੍ਹਾਂ ਵਿੱਚ ਪਰਮਾਤਮਾ ਸੰਬੰਧੀ ਅਮੂਰਤ ਕਲਪਨਾਵਾਂ ਕੀਤੀਆਂ ਗਈਆਂ, ਜਿਨ੍ਹਾਂ ਦੀ ਬਦੌਲਤ ਬਾਅਦ ਵਿੱਚ ਕੁਝ ਹੋਰ ਸੋਚਣ ਦੀ ਗੁੰਜਾਇਸ਼ ਹੀ ਨਹੀਂ ਰਹਿ ਗਈ ਸੀ। ਕੁਝ ਲੋਕਾਂ ਦਾ ਵਿਸ਼ਵਾਸ ਇਸ ਗੱਲ ਵਿੱਚ ਨਹੀਂ ਸੀ ਜਿਸ ਨਾਲ ਕੁਝ ਵੀ ਸਮਝਿਆ ਅਤੇ ਪ੍ਰਦਰਸ਼ਿਤ ਨਹੀਂ ਕੀਤਾ ਜਾ ਸਕਦਾ ਸੀ। ....ਬਸਰਾ ਦੇ ਵੱਡੇ ਮਦਰੱਸੇ ਵਿੱਚ ਅੱਬਾਸੀ ਲੋਕਾਂ ਦੀ ਰਖਵਾਲੀ ਵਿੱਚ ਤਰਕਵਾਦੀਆਂ ਦਾ ਇੱਕ ਸੰਪ੍ਰਦਾਇ ਵਿਕਸਿਤ ਹੋਇਆ ਜਿਸ ਨੇ ਧਰਮ ਅਤੇ ਵਿਵੇਕ ਵਿੱਚ ਸਾਂਝ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ।

(F.A. Lange, The History of Materialism, Vol. 1, Page-177)

ਇਸਲਾਮ ਦੇ ਇਤਿਹਾਸ ਦੇ ਪਹਿਲੇ ਪੰਜ ਜਾਂ ਛੇ ਸੌ ਸਾਲਾਂ ਦੌਰਾਨ ਐਸੇ ਵਿਦਵਾਨ ਪੈਦਾ ਹੋਏ ਜਿਨ੍ਹਾਂ ਵਿੱਚ ਨਾ ਸਿਰਫ ਦੈਵੀ ਗੁਣ ਜ਼ਿਆਦਾ ਸਨ, ਸਗੋਂ ਉਹ ਦੈਵੀ ਸ਼ਖ਼ਸੀਅਤਾਂ ਹੀ ਮੰਨੇ ਜਾਂਦੇ ਸਨ। ਉਨ੍ਹਾਂ ਲੋਕਾਂ ਨੇ ਚੁੱਪ-ਚਾਪ ਕੁਰਆਨ ਨੂੰ ਇੱਕ ਪਾਸੇ ਧਰ ਦਿੱਤਾ ਅਤੇ ਅਧਿਆਤਮਕ ਮੁੱਲਾਂ ਦੇ ਵਿਕਾਸ ਲਈ ਵਧੇਰੇ ਵਿਕਸਿਤ ਪੁਸਤਕਾਂ ਦੇ ਅਧਿਐਨ ਉੱਪਰ ਜ਼ੋਰ ਦਿੱਤਾ। ਅਜਿਹੇ ਕ੍ਰਾਂਤੀਕਾਰੀ ਵਿਚਾਰਕ ਵੀ ਸਾਹਮਣੇ ਆਏ ਜਿਨ੍ਹਾਂ ਨੇ ਤਰਕ ਦੀ ਵੇਦੀ 'ਤੇ ਧਰਮ ਦੀ ਬਲੀ ਦੇ ਦਿੱਤੀ। 'ਧਰਮ ਦੇ ਸੈਨਾਪਤੀਆਂ' ਵਿੱਚੋ ਕੁਝ ਇੱਕ ਨੇ, ਜਿਨ੍ਹਾਂ ਦਾ ਸ਼ਾਸਨ ਬਗਦਾਦ, ਕਾਹਿਰਾ ਅਤੇ ਕੋਰਡੋਵਾ ਵਿੱਚ 11ਵੀਂ ਸਦੀ ਤਕ ਸੀ, ਨਿਸ਼ਚਿਤ ਗਿਆਨ ਉੱਪਰ ਪ੍ਰਾਪਤ ਗਿਆਨ ਨਾਲੋਂ ਜ਼ਿਆਦਾ ਜ਼ੋਰ ਦਿੱਤਾ। ਬੁਖ਼ਾਰਾ ਦਾ ਆਜ਼ਾਦ ਸਾਮਰਾਜ ਮੁੱਲਿਆਂ ਨਾਲੋਂ ਕਵੀਆਂ ਨੂੰ ਵਧੇਰੇ ਸਨਮਾਨ ਦਿੰਦਾ ਸੀ, ਧਰਮ ਗੁਰੂਆਂ ਨਾਲੋਂ ਚਕਿਤਸਕਾਂ ਨੂੰ ਪਹਿਲ ਦਿੰਦਾ ਸੀ ਅਤੇ ਧਾਰਮਿਕ ਪ੍ਰਚਾਰ ਨਾਲੋਂ ਵਿਗਿਆਨਕ ਖੋਜ ਉੱਪਰ ਜ਼ੋਰ ਦਿੰਦਾ ਸੀ।

ਜੇਕਰ ਅਸੀਂ ਇਸ ਗੱਲ ਨੂੰ ਆਪਣੇ ਦਿਮਾਗ ਵਿੱਚ ਰੱਖ ਲਈਏ ਕਿ ਸਿਰਫ ਸਮਾਜਿਕ-ਰਾਜਸੀ ਸਥਿਤੀਆਂ ਨਾਲ ਹੀ ਨਵੀਨ ਬੌਧਿਕ ਚੇਤਨਾ ਵਿਕਸਿਤ ਨਹੀਂ ਹੋਈ ਸੀ ਜਿਸ ਨੂੰ ਇਸਲਾਮ ਦੀ ਜਿੱਤ ਨੇ ਪੈਦਾ ਕੀਤਾ ਸੀ, ਸਗੋਂ ਉਹ ਹਜ਼ਰਤ ਮੁਹੰਮਦ ਦੇ ਧਰਮ ਵਿੱਚ ਹੀ ਸਮਾਈ ਹੋਈ ਸੀ ਤਾਂ ਇਸ ਨੂੰ ਸਮਝਣ ਤੋਂ ਬਾਅਦ ਇਸਲਾਮ ਦੇ ਪਛੜੇਵੇਂ ਅਤੇ ਕੁਰਆਨ ਦੀਆਂ ਹੈਰਾਨੀਜਕ ਗੱਲਾਂ ਦੇ ਕਾਰਨ ਇਸਲਾਮ ਦੀ ਇਤਿਹਾਸਕ ਭੂਮਿਕਾ ਨੂੰ ਘੱਟ ਕਰਕੇ ਨਹੀਂ ਵੇਖਿਆ ਜਾ ਸਕਦਾ।

-0-

ਇਸਲਾਮੀ ਦਰਸ਼ਨ

ਅਰਬ ਦੇ ਗਿਆਨ-ਕਰਨ ਦਾ ਯੁੱਗ ਤਕਰੀਬਨ ਪੰਜ ਸੌ ਸਾਲ ਚੱਲਿਆ ਅਤੇ ਇਤਫ਼ਾਕ ਹੀ ਕਿਹਾ ਜਾਵੇਗਾ ਕਿ ਉਸੇ ਸਮੇਂ ਯੂਰਪ ਵਿੱਚ ਅੰਧਕਾਰ ਦਾ ਯੁੱਗ ਚੱਲ ਰਿਹਾ ਸੀ। ਉਸੇ ਕਾਲ ਵਿੱਚ ਭਾਰਤ ਵੀ ਜ਼ਮੀਨ 'ਤੇ ਮੂਧੇ ਮੂੰਹ ਪਿਆ ਸੀ, ਬ੍ਰਾਹਮਣਵਾਦੀ ਪ੍ਰਤੀਕਿਰਿਆ ਜੇਤੂ ਰੂਪ ਵਿੱਚ ਸੀ ਅਤੇ ਬੁੱਧ ਧਰਮ ਦੀ ਭ੍ਰਿਸ਼ਟਤਾ ਉਸਨੂੰ ਪਤਨ ਵੱਲ ਲੈ ਗਈ ਸੀ। ਬੁੱਧਵਾਦੀ ਕ੍ਰਾਂਤੀ ਦੇ ਪਤਨ ਤੋਂ ਬਾਅਦ ਅਜਿਹੇ ਹਾਲਾਤ ਪੈਦਾ ਹੋਏ ਸਨ ਕਿ ਭਾਰਤ ਮੁਸਲਮਾਨ ਹਮਲਾਵਰਾਂ ਸਾਹਮਣੇ ਸੌਖੀ ਤਰ੍ਹਾਂ ਢਹਿ ਗਿਆ ਸੀ।

ਅੱਬਾਸੀ, ਫ਼ਾਤਮੀ ਅਤੇ ਓਮੀਨੀਆਈ ਸ਼ਾਸਕਾਂ ਦੇ ਅਧੀਨ ਗਿਆਨ ਅਤੇ ਸੰਸਕ੍ਰਿਤੀ ਦਾ ਵਿਕਾਸ ਏਸ਼ੀਆ, ਉੱਤਰੀ ਅਫ਼ਰੀਕਾ ਅਤੇ ਸਪੇਨ ਵਿੱਚ ਹੋਇਆ। ਸਮਰਕੰਦ ਅਤੇ ਬੁਖ਼ਾਰਾ ਤੋਂ ਫੇਜ਼ ਅਤੇ ਕੋਰਡੋਵਾ ਤਕ ਅਨੇਕ ਵਿਦਵਾਨਾਂ ਨੇ ਜੋਤਿਸ਼, ਗਣਿਤ, ਭੌਤਿਕ-ਵਿਗਿਆਨ, ਰਸਾਇਣ-ਵਿਗਿਆਨ, ਸਿਹਤ-ਵਿਗਿਆਨ ਅਤੇ ਸੰਗੀਤ ਦੀਆਂ ਸਿੱਖਿਅਤਾਵਾਂ ਹਾਸਲ ਕੀਤੀਆ। ਯੂਨਾਨੀ ਦਰਸ਼ਨ ਦਾ ਅਣਮੁੱਲਾ ਖ਼ਜ਼ਾਨਾ ਈਸਾਈ ਚਰਚਾਂ ਦੀ ਅਸਹਿਣਸ਼ੀਲਤਾ ਅਤੇ ਪਾਖੰਡ ਥੱਲੇ ਦੱਬਿਆ ਗਿਆ ਸੀ। ਜੇਕਰ ਅਰਬ ਲੋਕਾਂ ਨੇ ਉਸ ਨੂੰ ਨਾ ਘੋਖਿਆ ਹੁੰਦਾ ਤਾਂ ਯਕੀਨਨ ਉਹ ਬੇਰਹਿਮੀ ਨਾਲ ਤਬਾਹ ਹੋ ਜਾਣਾ ਸੀ ਅਤੇ ਇਸ ਤਰ੍ਹਾਂ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਸੌਖੀ ਤਰ੍ਹਾਂ ਲਗਾਇਆ ਜਾ ਸਕਦਾ ਹੈ।

ਈਸਾਈਆਂ ਨੇ ਫ਼ਜ਼ੂਲ ਦੀ ਕਾਲਪਿਕ ਪਵਿੱਤਰਤਾ ਅਤੇ ਪਵਿੱਤਰ ਆਤਮਾ ਬਣਨ ਦੇ ਫ਼ਰੇਬ ਦੇ ਆਧਾਰ 'ਤੇ ਪੁਰਾਤਨ ਵਿਗਿਆਨ ਨੂੰ ਅਸ਼ੁੱਧ ਕਹਿ ਕੇ ਉਸ ਨੂੰ ਨਜ਼ਰ-ਅੰਦਾਜ਼ ਕੀਤਾ ਸੀ। ਅਗਿਆਨ ਨੇ ਉਸ ਹੰਕਾਰ ਦੇ ਫਲਸਰੂਪ ਯੂਰਪੀਨ ਲੋਕ ਮੱਧਯੁੱਗੀ ਹਨੇਰੇ ਵਿੱਚ ਡੁੱਬ ਗਏ ਤੇ ਉਨ੍ਹਾਂ ਦੀ ਤਬਾਹੀ ਨੂੰ ਰੋਕਣ ਦਾ ਕੋਈ ਉਪਾਅ ਵੀ ਨਹੀਂ ਸੀ। ਪੁਰਾਤਨ ਯੂਨਾਨ ਦੇ ਵਿਚਾਰਕਾਂ ਦੇ ਦੈਵੀ ਗਿਆਨ ਦੇ ਪ੍ਰਕਾਸ਼ ਦੇ ਦੁਬਾਰਾ ਪ੍ਰਚਲਨ ਨਾਲ ਅਗਿਆਨ ਅਤੇ ਪਾਖੰਡ, ਮੰਦਭਾਵਨਾ ਅਸਹਿਣਸ਼ੀਲਤਾ ਤੋਂ ਪੈਦਾ ਹੋਇਆ ਹਨੇਰਾ ਸਮਾਪਤ ਹੋਇਆ ਅਤੇ ਯੂਰਪ ਦੇ ਨਿਵਾਸੀਆਂ ਦੀ ਭੌਤਿਕ ਖੁਸ਼ਹਾਲੀ, ਬੌਧਿਕ ਵਿਕਾਸ ਅਤੇ ਅਧਿਆਤਮਕ ਮੁਕਤੀ ਦਾ ਰਾਹ ਖੁੱਲ੍ਹਿਆ। ਇਹ ਕਾਰਜ ਅਰਬ ਦਾਰਸ਼ਨਿਕਾਂ ਅਤੇ ਵਿਗਿਆਨਕਾਂ ਨੇ ਪੂਰਾ ਕੀਤਾ ਅਤੇ ਯੂਨਾਨੀ ਪੁਰਖਿਆਂ ਦਾ

ਗਿਆਨ ਆਧੁਨਿਕ ਤਰਕਵਾਦੀਆਂ ਤੱਕ ਪਹੁੰਚਾਇਆ। ਵਿਗਿਆਨਕ ਖੋਜ ਦੇ ਖੇਤਰ ਵਿੱਚ ਰੋਜਰ ਬੇਕਨ ਅਰਬਾਂ ਦਾ ਸ਼ਾਗਿਰਦ ਸੀ। ਹਮਬੋਲਟ ਦੇ ਮੱਤ ਅਨੁਸਾਰ ਅਰਬ ਲੋਕਾਂ ਨੂੰ ਭੌਤਿਕ ਵਿਗਿਆਨਾਂ ਦਾ ਸੰਸਥਾਪਕ ਸਮਝਣਾ ਚਾਹੀਦਾ ਹੈ। ਅੱਜ ਇਹ ਵਿਗਿਆਨ ਜਿਸ ਅਰਥ ਵਿੱਚ ਵੀ ਮਹੱਤਵਪੂਰਨ ਹੈ ਉਸਦਾ ਸਿਹਰਾ ਅਰਬ ਵਿਗਿਆਨੀਆਂ ਨੂੰ ਜਾਂਦਾ ਹੈ।

(Alexander, Banbam, Kasmos, Vol. 2)

ਪ੍ਰਯੋਗ ਅਤੇ ਮਿਣਤੀ ਅਜਿਹੇ ਮਹਾਨ ਸੰਦ ਹਨ ਜਿਹੜੇ ਤਰੱਕੀ ਦਾ ਰਾਹ ਰੌਸ਼ਨ ਕਰਦੇ ਹਨ ਅਤੇ ਇਨ੍ਹਾਂ ਰਾਹੀਂ ਯੂਨਾਨ ਦੀਆਂ ਵਿਗਿਆਨਕ ਪ੍ਰਾਪਤੀਆਂ ਨੂੰ ਆਧੁਨਿਕ ਯੁੱਗ ਨਾਲ ਜੋੜਿਆ ਜਾ ਸਕਦਾ ਹੈ।

ਅਲਕਾਜ਼ੀ, ਅਲਹਸਨ, ਅਲਫ਼ਰਾਂਕੀ, ਇਬਨੇਸੀਨਾ, ਅਲਗਯਾਲੀ, ਅਬੂਬਕਰ, ਅਵੇਮਪਾਕ, ਅਲ ਫੇਟਰਾਜੀਅਸ (ਇਨ੍ਹਾਂ ਅਰਬ ਨਾਂਵਾਂ ਦਾ ਵਰਨਣ ਯੂਰਪੀਨ ਭਾਸ਼ਾਵਾਂ ਵਿੱਚ ਲਿਖੇ ਇਤਿਹਾਸਾਂ ਵਿੱਚ ਆਉਂਦਾ ਹੈ) ਇਨ੍ਹਾਂ ਸਭ ਨਾਂਵਾਂ ਨੂੰ ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਅਭੁੱਲ ਮੰਨਿਆ ਜਾਂਦਾ ਹੈ। ਮਹਾਨ ਅਬੇਰੋਸ* ਨੇ ਅਰਸੂਤ ਦਾ ਗਿਆਨ ਆਧੁਨਿਕ ਸੱਭਿਅਤਾ ਨੂੰ ਪ੍ਰਦਾਨ ਕੀਤਾ ਤੇ ਅਜਿਹਾ ਕਰਕੇ ਉਸਨੇ ਯੂਰਪ ਦੀ ਮਨੁੱਖ ਜਾਤੀ ਨੂੰ ਧਾਰਮਿਕ ਪਾਖੰਡਾਂ ਅਤੇ ਬੇਜਾਨ ਵਿਦਵਤਾ ਦੇ ਅਧਰਮੀ ਪ੍ਰਭਾਵ ਤੋਂ ਮੁਕਤ ਕੀਤਾ। ਮਹਾਨ ਅਰਬ ਤਰਕਵਾਦੀਆਂ ਨੇ ਜੋ 12ਵੀਂ ਸਦੀ ਦੇ ਪਹਿਲੇ ਅੱਧ ਵਿੱਚ ਹੋਏ ਸਨ, ਸੁਲਤਾਨ ਅੰਦਾਲੂਸਿਆ ਦੀ ਬੌਧਿਕ ਪਨਾਹ ਵਿੱਚ ਜੋ ਕਾਰਜ ਕੀਤਾ ਉਸਦੀ ਸਿਫ਼ਤ ਕਰਦਿਆਂ ਰੋਜਰ ਬੇਕਨ ਨੇ ਲਿਖਿਆ ਹੈ–

'ਕੁਦਰਤ ਦੀ ਵਿਆਖਿਆ ਅਰਸਤੂ ਨੇ ਕੀਤੀ ਸੀ ਅਤੇ ਅਰਸਤੂ ਦੀ ਵਿਆਖਿਆ ਅਬੇਰੋਸ ਨੇ ਕੀਤੀ ਹੈ।'

ਈਸਾਈ ਚਰਚ ਅਤੇ ਤਤਕਾਲੀ ਧਾਰਮਿਕ ਚੌਧਰ ਦੇ ਖਿਲਾਫ ਅਧਿਆਤਮਕ ਵਿਦਰੋਹ ਦਾ ਝੰਡਾ 13ਵੀਂ ਸਦੀ ਅਤੇ 14ਵੀਂ ਸਦੀ ਵਿੱਚ ਲਹਿਰਾਇਆ ਗਿਆ ਸੀ। ਤਰਕਵਾਦੀ ਵਿਦਰੋਹੀਆਂ ਨੇ ਪ੍ਰਾਚੀਨ ਯੂਨਾਨ ਦੇ ਮਹਾਨ ਦਾਰਸ਼ਨਿਕਾਂ ਦੇ ਵਿਗਿਆਨਕ ਉਪਦੇਸ਼ਾਂ ਤੋਂ ਪ੍ਰੇਰਨਾ ਲਈ ਅਤੇ ਇਹ ਉਨ੍ਹਾਂ ਨੇ ਅਰਬ ਵਿਦਵਾਨਾਂ ਵਿਸ਼ੇਸ਼ ਕਰਕੇ ਅਬੇਰੋਸ ਤੋਂ ਸਿੱਖਿਆ। ਛੇਵੀ ਸਦੀ ਦੇ ਆਰੰਭ ਵਿੱਚ ਜਸਟੀਨਿਯਨ ਈਸਾਈਆਂ ਦੀ

---

*ਅਬੇਰੋਸ : *ਜਾਂ ਅਵੇਰੋਇਸ, ਜਿਸਨੂੰ ਇਬਨੇ ਰੁਸ਼ਦ ਕਹਿੰਦੇ ਹਨ। (1126–1198) ਅਲ ਅੰਦਾਲੂਸ ਵਿੱਚ ਜਨਮਿਆ ਅਤੇ ਮਰਾਕੇਸ਼ (ਮੋਰਾਕੋ) ਵਿੱਚ ਮਰਿਆ, ਇਸਲਾਮ ਦੇ ਸੁਨਹਿਰੀ ਕਾਲ ਦਾ ਦਾਰਸ਼ਨਿਕ ਹੈ। ਅਰਸਤੂ ਤੋਂ ਪ੍ਰਭਾਵਿਤ ਇਹ ਦਾਰਸ਼ਨਿਕ ਇਸਲਾਮੀ ਗਿਆਨ ਦਰਸ਼ਨ ਨੂੰ ਪੱਛਮੀ ਪੁਰਾਤਨ ਗਿਆਨ–ਪੱਧਤੀਆਂ ਦੀ ਸਹਾਇਤਾ ਨਾਲ ਅਮੀਰ ਕਰਨ ਵਾਲਾ ਸੀ। ਇਸਲਾਮ ਵਿੱਚ 'ਧਰਮ–ਨਿਰਪੱਖ ਵਿਚਾਰਵਾਨ' ਨਾਂਅ ਨਾਲ ਜਾਣਿਆ ਜਾਂਦਾ ਹੈ ਤੇ ਈਸਾਈ ਮੱਤ ਦੀਆਂ ਸੀਮਾਵਾਂ ਨਾਲ ਸੰਵਾਦ ਰਚਾ ਕੇ ਇਸਲਾਮੀ ਏਕੀਸ਼ਵਰਵਾਦ ਦੀ ਵਿਆਖਿਆ ਕਰਦਾ ਹੈ।–ਅਨੁਵਾਦਕ*

ਕੱਟੜਤਾ ਨੇ ਈਸਾਈ ਧਰਮ ਦੇ ਪਵਿੱਤਰ ਸੰਸਾਰ ਵਿੱਚੋਂ ਬੁੱਤ-ਪੂਜਕਾਂ ਦੇ ਗਿਆਨ ਨੂੰ ਬਾਹਰ ਕੱਢ ਦਿੱਤਾ ਸੀ। ਉਨ੍ਹਾਂ ਲੋਕਾਂ ਨੂੰ ਰੋਮ ਤੋਂ ਭੱਜ ਕੇ ਫ਼ਾਰਸ ਵਿੱਚ ਪਨਾਹ ਲੈਣੀ ਪਈ ਸੀ, ਪਰ ਉੱਥੇ ਵੀ ਉਨ੍ਹਾਂ ਨੂੰ ਪਵਿੱਤਰਤਾ ਦੇ ਦਾਅਵੇਦਾਰ ਲੋਕਾਂ ਦੀ ਅਸਹਿਣਸ਼ੀਲਤਾ ਹੰਢਾਉਣੀ ਪਈ, ਜੋ ਧਰਮ-ਵਿਗਾੜੂ ਸਿੱਖਿਆਵਾਂ ਦੇ ਵਿਰੁੱਧ ਸਨ। ਅਨੀਥੀਅਨ (ਯੂਨਾਨੀ) ਸੱਭਿਅਤਾ ਦੀ ਵਿਗਿਆਨ ਦੀਆਂ ਸਿੱਖਿਆਵਾਂ ਦਾ ਬਗਦਾਦ ਦੇ ਅੱਬਾਸੀ ਖਲੀਫਿਆਂ ਦੇ ਦਰਬਾਰ ਵਿੱਚ ਸਵਾਗਤ ਕੀਤਾ ਗਿਆ। ਉਨ੍ਹਾਂ ਲੋਕਾਂ ਦੇ ਗਿਆਨ ਦਾ ਏਨਾ ਆਦਰ ਕੀਤਾ ਕੀਤਾ ਗਿਆ ਕਿ ਨਾ ਤਾਂ ਉਨ੍ਹਾਂ ਨੂੰ ਕੁਰਆਨ ਉੱਪਰ ਆਸਥਾ ਲਈ ਮਜਬੂਰ ਕੀਤਾ ਗਿਆ ਅਤੇ ਨਾ ਹੀ ਤਲਵਾਰ ਦੇ ਘਾਟ ਉਤਾਰਿਆ ਗਿਆ। ਇਸ ਤੋਂ ਉਲਟ ਇਸਲਾਮ ਦੇ ਧਾਰਮਿਕ ਸੈਨਾਪਤੀ ਨੇ ਪ੍ਰਾਚੀਨ ਗਿਆਨ ਵਾਲੇ ਬਾਕੀ ਵਿਦਵਾਨਾਂ ਨੂੰ ਆਪਣੇ ਕੋਲ ਖੁੱਲ੍ਹਦਿਲੀ ਨਾਲ ਪਨਾਹ ਦਿੱਤੀ ਜੋ ਧਾਰਮਿਕ ਵਿਸ਼ਵਾਸ ਅਤੇ ਸਭ ਧਰਮਾਂ ਦਾ ਮਖੌਲ ਉਡਾਉਂਦੇ ਸਨ।

ਖਲੀਫ਼ਿਆਂ ਨੇ ਸਿਰਫ਼ ਜਲਾਵਤਨ ਯੂਨਾਨੀ ਵਿਦਵਾਨਾਂ ਨੂੰ ਹੀ ਸੁਰੱਖਿਆ ਪ੍ਰਦਾਨ ਨਹੀਂ ਕੀਤੀ, ਸਗੋਂ ਉਨ੍ਹਾਂ ਨੇ ਯੋਗ ਵਿਅਕਤੀਆਂ ਨੂੰ ਰੋਮ ਦੇ ਸਾਮਰਾਜ ਦੇ ਖੇਤਰ ਵਿੱਚ ਭੇਜ ਕੇ ਉਥੋਂ ਪ੍ਰਾਚੀਨ ਯੂਨਾਨੀ ਦਾਰਸ਼ਨਿਕਾਂ ਅਤੇ ਵਿਚਾਰਕਾਂ ਦੇ ਗ੍ਰੰਥ ਮੰਗਵਾਏ। ਅਰਸਤੂ, ਹਿਪਾਰਚਸ, ਹਿਪੌਕਰੀਤਸ, ਗੇਲਨ ਅਤੇ ਦੂਸਰੇ ਯੂਨਾਨੀ ਵਿਗਿਆਨੀਆਂ ਦੀਆਂ ਕਿਤਾਬਾਂ ਦਾ ਅਰਬੀ ਵਿੱਚ ਅਨੁਵਾਦ ਕਰਾਇਆ ਗਿਆ ਅਤੇ ਖਲੀਫ਼ਿਆਂ ਨੇ ਉਨ੍ਹਾਂ ਲੋਕਾਂ ਦੀਆਂ ਆਧਾਰਮਿਕ ਸਿੱਖਿਆਵਾਂ ਦੇ ਪ੍ਰਚਾਰ ਨੂੰ ਵੀ ਇਸਲਾਮੀ ਜਗਤ ਵਿੱਚ ਉਤਸ਼ਾਹਿਤ ਕੀਤਾ। ਰਾਜ ਵੱਲੋਂ ਸਥਾਪਿਤ ਮਦਰੱਸਿਆਂ ਵਿੱਚ ਸਮਾਜ ਦੇ ਸਾਰੇ ਵਰਗਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਵਿਗਿਆਨਕ ਸਿੱਖਿਆ ਪ੍ਰਦਾਨ ਕੀਤੀ ਗਈ। ਇਨ੍ਹਾਂ ਵਿਦਿਆਰਥੀਆਂ ਵਿੱਚ ਅਮੀਰਾਂ ਦੇ ਲੜਕੇ ਵੀ ਸਨ ਤੇ ਸਾਧਾਰਣ ਕਾਰੀਗਰਾਂ ਦੇ ਵੀ। ਗਰੀਬ ਵਿਦਿਆਰਥੀਆਂ ਨੂੰ ਸਿੱਖਿਆ ਮੁਫਤ ਦਿੱਤੀ ਜਾਂਦੀ ਤੇ ਅਧਿਆਪਕਾਂ ਨੂੰ ਚੰਗੀਆਂ ਤਨਖਾਹਾਂ ਮਿਲਦੀਆਂ, ਤੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਸੀ। ਅਰਬ ਇਤਿਹਾਸਕਾਰ ਅਬੁਲ ਫਰਮਈਸ ਨੇ ਖਲੀਫ਼ਾ ਅਲ ਮੈਨਨ ਦੇ ਵਿਦਵਾਨਾਂ ਬਾਰੇ ਲਿਖਿਆ ਹੈ-'ਵਿਦਵਾਨ ਲੋਕ ਅੱਲਾਹ ਵੱਲੋਂ ਚੁਣੇ ਗਏ ਤੇ ਉਸਦੇ ਸਭ ਤੋਂ ਉਪਯੋਗੀ ਸੇਵਕ ਹਨ। ਉਨ੍ਹਾਂ ਦਾ ਜੀਵਨ ਆਪਣੀ ਵਿਵੇਕ-ਸ਼ਕਤੀ ਨੂੰ ਵਿਕਸਿਤ ਕਰਨ ਵਿੱਚ ਲੱਗਾ ਰਹਿੰਦਾ ਹੈ। ਅਧਿਆਪਕ ਅਤੇ ਵਿਦਵਾਨ ਸੱਚੇ ਉੱਚ ਵਿਅਕਤੀ ਹਨ ਅਤੇ ਉਹ ਲੋਕ ਸੰਸਾਰ ਦੇ ਵਿਧਾਇਕ ਹਨ, ਜਿਨ੍ਹਾਂ ਦੀ ਸਹਾਇਤਾ ਬਿਨਾਂ ਸੰਸਾਰ ਦੁਬਾਰਾ ਅਗਿਆਨ ਅਤੇ ਬਰਬਰਤਾ ਦੇ ਹਨੇਰੇ ਵਿੱਚ ਡੁੱਬ ਜਾਵੇਗਾ।'

ਇਸਲਾਮ ਦੀ ਵਰਤਮਾਨ ਕੱਟੜਤਾ ਅਤੇ ਅਸਹਿਣਸ਼ੀਲਤਾ ਦੇ ਕਾਰਨ ਇਤਿਹਾਸ ਦੀ ਉਹ ਪ੍ਰਮਾਣਿਕਤਾ ਨਸ਼ਟ ਹੋ ਜਾਂਦੀ ਹੈ ਜਦੋਂ ਇਹ ਪਤਾ ਲਗਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਉੱਤਰ ਅਧਿਕਾਰੀਆਂ ਵਿੱਚ ਵੈਸੀ ਧਾਰਮਿਕ ਸਹਿਣਸ਼ੀਲਤਾ ਨਹੀਂ ਸੀ। ਉਨ੍ਹਾਂ ਵਿੱਚੋਂ ਕੁਝ ਇੱਕ ਤਾਂ ਵਿਰੋਧੀ ਮਤਾਂ ਦੇ ਸਮਰਥਕ ਸਨ ਅਤੇ ਉਨ੍ਹਾਂ ਦੇ

ਉਪਦੇਸ਼ਾਂ ਦਾ ਤੱਤਸਾਰ ਇਹੀ ਸੀ ਕਿ ਮਨੁੱਖ ਦੀ ਤਰਕ ਸ਼ਕਤੀ ਹੀ ਸੱਚ ਨੂੰ ਸਮਝਣ ਦੀ ਕਸੌਟੀ ਹੈ। ਇਤਿਹਾਸ ਵਿੱਚ ਹੋਰ ਕਿਤੇ ਅਜਿਹੀਆਂ ਉਦਾਹਰਣਾਂ ਘੱਟ ਹੀ ਮਿਲਦੀਆਂ ਹਨ, ਜਦੋਂ ਧਾਰਮਿਕ-ਵਿਵਸਥਾ ਦਾ ਆਗੂ ਖੁਦ 'ਤਰਕ ਵਿਤਰਕ ਦੀ ਸ਼ਕਤੀ ਦੇ ਵਿਕਾਸ' ਉੱਪਰ ਜ਼ੋਰ ਦਿੰਦਾ ਹੋਵੇ, ਜੈਸਾ ਕਿ ਖਲੀਫ਼ਾ ਅਲ-ਮੈਨੋਨ ਨੇ ਕੀਤਾ। ਵਿਵੇਕ ਸ਼ਕਤੀ ਦਾ ਵਿਕਾਸ ਧਾਰਮਿਕ ਆਸਥਾ ਦੀਆਂ ਭਾਵਨਾਵਾਂ ਤੋਂ ਹੀ ਵਿਰੋਧੀ ਚੀਜ਼ ਸੀ। ਫਿਰ ਵੀ ਅਲ ਮੈਨੋਨ ਅੱਬਾਸੀ ਖਲੀਫਿਆਂ ਵਿੱਚੋਂ ਐਸੇ ਨਾਮਵਰ ਖਲੀਫ਼ਾ ਸਨ ਜਿਨ੍ਹਾਂ ਨੇ ਵਿਗਿਆਨਕ ਗਿਆਨ ਦੇ ਪ੍ਰਚਾਰ ਨੂੰ ਉਤਸ਼ਾਹਿਤ ਕੀਤਾ ਅਤੇ ਖੁਦ ਉਸ ਵਿੱਚ ਹਿਸਾ ਲਿਆ। ਕੀ ਵਿਦਵਾਨ ਅੱਬਾਸੀ ਖਲੀਫ਼ਾ ਇੱਕ ਅਪਵਾਦ ਨਹੀਂ ਸਨ?

ਅਫ਼ਰੀਕਾ ਦੇ ਫ਼ਾਤਮੀ ਅਤੇ ਸਪੇਨ ਦੇ ਓਮਾਨੀ ਸ਼ਾਸਕ ਰਾਜਸੀ ਸੱਤਾ ਦੀ ਮੁਕਾਬਲੇਬਾਜ਼ੀ ਵਿੱਚ ਲੱਗੇ ਹੋਏ ਸਨ। ਉਹ ਭੌਤਿਕ ਖੁਸ਼ਹਾਲੀ ਅਤੇ ਗਿਆਨ ਦੇ ਪ੍ਰਚਾਰ ਪ੍ਰਸਾਰ ਦੀ ਰਾਖੀ ਵੀ ਕਰ ਰਹੇ ਸਨ। ਕਾਹਿਰਾ ਦੀ ਲਾਇਬਰੇਰੀ ਵਿੱਚ ਇੱਕ ਲੱਖ ਕਿਤਾਬਾਂ ਸਨ ਅਤੇ ਕੋਰਡੋਵਾ ਵਿੱਚ ਉਸ ਤੋਂ ਛੇ ਗੁਣਾ ਜ਼ਿਆਦਾ ਕਿਤਾਬਾਂ ਹੋਣ ਦਾ ਦਾਅਵਾ ਸੀ। ਇਨ੍ਹਾਂ ਤੱਥਾਂ ਨਾਲ ਉਹ ਭੰਡੀ ਪ੍ਰਚਾਰ ਖਤਮ ਹੋ ਜਾਂਦਾ ਹੈ, ਜਿਸ ਤੋਂ ਇਸਲਾਮ ਨੂੰ ਬਰਬਰ ਮੂਲਵਾਦ ਦਾ ਸਮਰਥਕ ਕਿਹਾ ਜਾਂਦਾ ਹੈ ਅਤੇ ਇਹ ਅਰੋਪ ਵੀ ਹੈ ਕਿ ਇਸਲਾਮੀ ਆਗੂਆਂ ਨੇ ਸਿਕੰਦਰੀਆ ਦੀ ਲਾਇਬਰੇਰੀ ਨੂੰ ਸਾੜ ਦਿੱਤਾ ਸੀ। ਅਜਿਹੇ ਭੰਡੀ ਪ੍ਰਚਾਰ ਤੋਂ ਬਚਣ ਲਈ ਵਿਅਕਤੀ ਨੂੰ ਮਨ ਦੀ ਪਵਿੱਤਰਤਾ ਅਤੇ ਵਿਚਾਰਸ਼ੀਲਤਾ ਤੋਂ ਕੰਮ ਲੈਣਾ ਚਾਹੀਦਾ ਹੈ ਕਿ ਵਿਗਿਆਨ ਅਤੇ ਗਿਆਨ ਦੇ ਕੇਂਦਰਾਂ ਨੂੰ ਬਿਨਾਂ ਸੋਚੇ ਸਮਝੇ ਕਿਵੇਂ ਜਲਾਇਆ ਜਾ ਸਕਦਾ ਹੈ। ਜਿਨ੍ਹਾਂ ਲੋਕਾਂ ਨੇ ਮਨੁੱਖ ਜਾਤੀ ਦੇ ਪੂਰਵਜਾਂ ਦੀ ਬਹੁਮੁੱਲੀ ਵਿਰਾਸਤ ਦੀ ਰੱਖਿਆ ਕੀਤੀ, ਉਨ੍ਹਾਂ ਵਿਰੁੱਧ ਉਸਨੂੰ ਤਬਾਹ ਕਰਨ ਦਾ ਇਲਜ਼ਾਮ ਸੌਖਿਆਂ ਹੀ ਨਹੀਂ ਲਗਾਇਆ ਜਾ ਸਕਦਾ। ਜਦ ਇਤਿਹਾਸ ਦਾ ਨਿਰਪੱਖ ਅਤੇ ਵਿਗਿਆਨਕ ਅਧਿਐਨ ਕੀਤਾ ਜਾਵੇਗਾ ਤਾਂ ਇਸ ਤਰ੍ਹਾਂ ਦੇ ਝੂਠੇ ਪ੍ਰਚਾਰ ਅਤੇ ਸਾੜੇ 'ਚੋਂ ਪੈਦਾ ਹੋਣੀਆਂ ਕਹਾਣੀਆਂ ਨੂੰ ਝੁਠਲਾਇਆ ਜਾ ਸਕੇਗਾ। ਇਸਲਾਮ ਦਾ ਉਦੈ ਮਨੁੱਖ ਜਾਤੀ ਲਈ ਵਿਨਾਸ਼ਕਾਰੀ ਨਹੀਂ ਸਗੋਂ ਉਸ ਲਈ ਮੰਗਲਕਾਰੀ ਹੀ ਸਿੱਧ ਹੋਇਆ ਹੈ।

11ਵੀਂ ਅਤੇ 12ਵੀਂ ਸਦੀ ਵਿੱਚ ਲਿਖੀਆਂ ਪੁਸਤਕਾਂ ਵਿੱਚ ਜਿੱਥੇ ਸਿਕੰਦਰੀਆ ਦੀ ਲਾਇਬਰੇਰੀ ਨੂੰ ਜਲਾਉਣ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ ਉਥੇ ਮਿਸਰ ਦੇ ਈਸਾਈ ਇਤਿਹਾਸਕਾਰ ਯੂਸਟੀਚਿਟਸ ਅਤੇ ਇਲਮਾਸਿਨ ਨੇ ਆਪਣੇ ਦੇਸ਼ ਉਪਰ ਸਰਾਸੈਨੀ ਹਮਲਾਵਰਾਂ ਦੇ ਅਧਿਕਾਰ ਤੋਂ ਬਾਅਦ ਲਿਖੇ ਆਪਣੇ ਇਤਿਹਾਸਾਂ ਵਿੱਚ ਇਸ ਅਮਾਨਵੀ ਕਾਰਜ ਦਾ ਕੋਈ ਜ਼ਿਕਰ ਨਹੀਂ ਕੀਤਾ ਹੈ। ਸਿਕੰਦਰੀਆਂ ਦੇ ਉਨ੍ਹਾਂ ਵਿਦਵਾਨਾਂ ਵਿਰੁੱਧ ਈਸਾਈਆਂ ਦੇ ਦੁਸ਼ਮਣਾਂ ਨਾਲ ਪੱਖਪਾਤ ਕਰਨ ਦਾ ਇਲਜ਼ਾਮ ਨਹੀਂ ਲਾਇਆ ਜਾ ਸਕਦਾ। ਖ਼ਲੀਫ਼ਾ ਉਮਰ ਦੇ ਹੁਕਮ ਨੂੰ ਗਵਾਹੀ ਵਜੋਂ ਪੇਸ਼ ਕੀਤਾ ਜਾਂਦਾ ਹੈ ਕਿ ਉਸਨੇ ਆਪਣੇ ਸੈਨਾਪਤੀਆਂ ਨੂੰ ਉਕਤ ਬਰਬਰ ਕੰਮ ਕਰਨ ਲਈ ਆਦੇਸ਼ ਦਿੱਤਾ ਸੀ।

ਉਸ ਹੁਕਮ ਦਾ ਜ਼ਿਕਰ ਅਸਾਨੀ ਨਾਲ ਇਤਿਹਾਸ ਦੀਆਂ ਕਿਤਾਬਾਂ ਵਿੱਚ ਨਹੀਂ ਕੀਤਾ ਜਾ ਸਕਦਾ ਸੀ ਜਿਸ ਨੂੰ ਈਸਾਈ ਪਾਦਰੀਆਂ ਨੇ ਲਿਖਿਆ ਸੀ, ਜੋ ਆਪਣੀਆਂ ਲਿਖਤਾਂ ਨੂੰ ਗੁਪਤ ਰੱਖ ਸਕਦੇ ਸਨ। ਇਸ ਘਟਨਾ ਦੀ ਜਾਂਚ ਅਤੇ ਸਾਰੀਆਂ ਸੰਬੰਧਤ ਗਵਾਹੀਆਂ ਦੇ ਆਧਾਰ 'ਤੇ ਗਿਬਨ ਨੇ ਹੇਠ ਲਿਖੇ ਵਿਚਾਰ ਪੇਸ਼ ਕੀਤੇ ਹਨ-"ਉਮਰ ਦੇ ਨਾਮ ਨਾਲ ਜਾਰੀ ਕੀਤੇ ਗਏ ਘਿਨੌਣੇ ਹੁਕਮ ਮੁਸਲਮਾਨ ਧਰਮ ਪ੍ਰਚਾਰਕਾਂ ਦੇ ਨਿਯਮਾਂ ਦੇ ਉਲਟ ਪ੍ਰਤੀਤ ਹੁੰਦੇ ਹਨ। ਮੁਸਲਮਾਨਾਂ ਨੂੰ ਦਿੱਤੇ ਗਏ ਹੁਕਮਾਂ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਯਹੂਦੀਆਂ ਅਤੇ ਈਸਾਈਆਂ ਦੀਆਂ ਧਾਰਮਿਕ ਕਿਤਾਬਾਂ, ਜਿਹੜੀਆਂ ਯੁੱਧ ਵਿੱਚ ਮਿਲਣ, ਉਨ੍ਹਾਂ ਨੂੰ ਕਦੇ ਨਾ ਸਾੜਿਆ ਜਾਵੇ ਅਤੇ ਵਿਗਿਆਨਕਾਂ, ਇਤਿਹਾਸਕਾਰਾਂ ਅਤੇ ਕਵੀਆਂ, ਚਕਿਤਸਕਾਂ, ਹਕੀਮਾਂ ਜਾਂ ਦਾਰਸ਼ਨਿਕਾਂ ਦੀਆਂ ਕਿਤਾਬਾਂ ਦੀ ਵਰਤੋਂ ਇਸਲਾਮ ਦੇ ਪੈਰੋਕਾਰਾਂ ਨੂੰ ਕਰਨ ਦਿੱਤੀ ਜਾਵੇ।"

(The Decline and Fall of Roman Empire)

ਜਦੋਂ ਤੋਂ ਇਤਿਹਾਸ ਦੀ ਨਿਰਪੱਖ ਆਲੋਚਨਾ ਦੀ ਲਿਖਣਕਾਰੀ ਆਰੰਭ ਹੋਈ ਹੈ ਸਿਕੰਦਰੀਆ ਲਾਇਬਰੇਰੀ ਨੂੰ ਸਾੜੇ ਜਾਣ ਦੀ ਘਟਨਾ ਵਿਸ਼ਵਾਸਯੋਗ ਨਹੀਂ ਰਹਿ ਗਈ ਹੈ, ਸਗੋਂ ਉਸ ਸੰਬੰਧੀ ਬਹੁਤ ਸਾਰੀਆਂ ਸ਼ੰਕਾਵਾਂ ਸਾਹਮਣੇ ਆਈਆਂ ਹਨ। ਕਿਸੇ ਵੀ ਮਾਮਲੇ ਵਿੱਚ ਸਰਾਸੈਨੀ ਹਮਲੇ ਅਤੇ ਜਿੱਤ ਦੇ ਸਮੇਂ ਸਿਕੰਦਰੀਆ ਦੀ ਲਾਇਬਰੇਰੀ ਯੂਨਾਨੀ ਗਿਆਨ ਅਤੇ ਦਰਸ਼ਨ ਦੀਆਂ ਬਹੁਮੁੱਲੀਆਂ ਕਿਤਾਬਾਂ ਦਾ ਭੰਡਾਰ ਕੇਂਦਰ ਨਹੀਂ ਰਹਿ ਗਿਆ ਸੀ। ਉਸ ਤੋਂ ਬਹੁਤ ਦੇਰ ਪਹਿਲਾਂ ਹੀ ਸਿਕੰਦਰੀਆ ਉੱਪਰ ਈਸਾਈ ਕੱਟੜਤਾ ਦਾ ਕਬਜ਼ਾ ਹੋ ਗਿਆ ਸੀ ਅਤੇ ਉਹ ਵਿਗਿਆਨਕ ਗਿਆਨ ਅਤੇ ਦਾਰਸ਼ਨਿਕ ਵਿਦਵਤਾ ਦਾ ਸਥਾਨ ਰਹਿ ਹੀ ਨਹੀਂ ਸੀ ਗਿਆ। ਅਰਬ ਹਮਲੇ ਤੋਂ ਪਹਿਲਾਂ ਹੀ ਸਿਕੰਦਰੀਆ ਲਾਇਬਰੇਰੀ ਦਾ ਕਿਰਦਾਰ ਬਦਲ ਦਿੱਤਾ ਗਿਆ ਸੀ। ਮੂਰਤੀ-ਪੂਜਕ ਯੂਨਾਨੀ ਵਿਦਵਾਨਾਂ ਨੂੰ ਈਸਾਈਆਂ ਦੀ ਅਸਹਿਣਸ਼ੀਲਤਾ ਦੇ ਕਾਰਨ ਉਥੋਂ ਦੌੜ ਜਾਣਾ ਪਿਆ ਸੀ ਅਤੇ ਇੱਕ ਅੰਦਾਜ਼ੇ ਮੁਤਾਬਿਕ ਉਹ ਲੋਕ ਪੁਰਾਤਨ ਗਿਆਨ ਦੇ ਭੰਡਾਰਾਂ ਅਤੇ ਵਿਗਿਆਨ ਦੇ ਕੋਸ਼ਾਂ ਨੂੰ ਬਾਕੀ ਕੀਮਤੀ ਵਸਤੂਆਂ ਵਾਂਗ ਆਪਣੇ ਨਾਲ ਲੈ ਗਏ ਹੋਣਗੇ। ਜੇਕਰ ਸਿਕੰਦਰੀਆ ਦੀ ਲਾਇਬਰੇਰੀ ਨੂੰ ਖਲੀਫ਼ਾ ਉਮਰ ਦੇ ਹੁਕਮ ਅਨੁਸਾਰ ਜਲਾਇਆ ਗਿਆ ਸੀ ਤਾਂ ਉਸ ਵਿੱਚ ਧਾਰਮਿਕ ਝਮੇਲਿਆਂ ਵਾਲੀਆਂ ਦਿਖਾਵਟੀ ਕਬਰਾਂ ਨੂੰ ਜਲਾਇਆ ਗਿਆ ਸੀ, ਜਿਨ੍ਹਾਂ ਨਾਲ ਮਨੁੱਖ ਜਾਤੀ ਨੂੰ ਕੋਈ ਲਾਭ ਨਹੀਂ ਸੀ ਹੋਇਆ, ਹਾਨੀ ਜ਼ਰੂਰ ਹੋਈ ਸੀ। ਇਹ ਸੰਭਵ ਹੈ ਕਿ ਸਿਕੰਦਰੀਆਂ ਦੇ ਅਗਨੀ ਕਾਂਡ ਵਿੱਚ ਝੂਠੇ ਅਤੇ ਮਹੱਤਵਹੀਨ ਧਾਰਮਿਕ ਵਿਵਾਦਾਂ ਦੇ ਵੇਰਵੇ ਜਲੇ ਹੋਣ। ਪਰ ਆਜ਼ਾਦ ਵਿਚਾਰ ਦੇ ਖਲੀਫਿਆਂ ਨੇ ਪੁਰਾਣੇ ਗਿਆਨ ਦੀਆਂ ਕਿਤਾਬਾਂ ਅਤੇ ਵੇਰਵਿਆਂ ਦਾ ਸੰਗ੍ਰਹਿ ਕੀਤਾ, ਉਸਦੀ ਰੱਖਿਆ ਕੀਤੀ ਅਤੇ ਉਸ ਨੂੰ ਸੁਧਾਰਿਆ, ਜਿਨ੍ਹਾਂ ਨੂੰ ਸਿਕੰਦਰੀਆ ਦੀ ਲਾਇਬਰੇਰੀ ਸਾੜੇ ਜਾਣ ਤੋਂ ਪਹਿਲਾਂ ਕੱਢ ਲਿਆ ਗਿਆ ਸੀ।

ਬੇਜ਼ਨਟਾਈਨ ਜਾਂਗਲੀਪੁਣੇ ਨੇ ਟੋਲਮੀ ਦੇ ਉੱਤਮ ਗ੍ਰੰਥਾਂ ਨੂੰ ਖ਼ਤਮ ਕਰ ਦਿੱਤਾ ਸੀ। ਸਿਕੰਦਰੀਆ ਦੇ ਗਿਆਨ ਕੇਂਦਰ ਦੀ ਤਬਾਹੀ ਲਈ ਤਾਂ ਸੇਂਟ ਸੀਰਿਲ ਜ਼ਿੰਮੇਵਾਰ ਸੀ, ਜਿਸ ਨੇ ਹੈਪਾਰੀਆ ਦੇ ਪ੍ਰਸਿੱਧ ਮੇਲੇ ਵਿੱਚ ਸਿੱਖਿਆ ਦੀ ਦੇਵੀ ਦੀ ਮੂਰਤੀ ਨੂੰ ਤੋੜ ਦਿੱਤਾ ਸੀ। ਉਹ ਕਾਰਜ ਤਾਂ ਪੰਜਵੀਂ ਸਦੀ ਦੀ ਸ਼ੁਰੂਆਤ ਵਿੱਚ ਕੀਤਾ ਗਿਆ ਸੀ। ਈਸਾਈ ਸੰਤ ਦਾਰਸ਼ਨਿਕ ਭਾਸ਼ਾਵਾਂ ਅਤੇ ਗਣਿਤ ਦੇ ਵਾਦ-ਵਿਵਾਦਾਂ ਨੂੰ ਲੈ ਕੇ ਬੇਹੱਦ ਅਸਹਿਣਸ਼ੀਲ ਸਨ। ਉਸ ਤਰ੍ਹਾਂ ਦੇ ਵਾਦ-ਵਿਵਾਦ ਸਿਕੰਦਰੀਆ ਦੇ ਸਮਾਜ ਵਿੱਚ ਮੂਰਤੀਪੂਜ ਮੁਟਿਆਰਾਂ ਕਰਦੀਆਂ ਸਨ, ਜਿਨ੍ਹਾਂ ਨੂੰ ਸਮਾਜ ਦੇ ਵਿਦਵਾਨਾਂ ਦੀ ਸਰਪ੍ਰਸਤੀ ਹਾਸਲ ਸੀ, ਜਦਕਿ ਈਸਾਈ ਧਰਮ ਆਗੂ ਦੇ ਸਮਝ ਵਿੱਚ ਨਾ ਆਉਣ ਵਾਲੇ ਅਸਪੱਸ਼ਟ ਸੰਦੇਸ਼ ਸਿਰਫ ਵਿਦਰੋਹੀ ਹੀ ਸੁਣਦੇ ਸਨ। ਵਿਦਵਤਾ ਦੇ ਆਧਾਰ 'ਤੇ ਈਸਾਈ ਧਰਮ ਆਗੂ ਗਿਆਨ-ਵਿਗਿਆਨ ਦੇ ਖੇਤਰ ਵਿੱਚ ਕਿਸੇ ਤੁਲਨਾ ਵਿੱਚ ਨਹੀਂ ਆਉਂਦੇ ਸਨ। ਸੇਂਟ ਸੀਰਿਲ ਮੁਕਾਬਲੇਬਾਜ਼ੀ ਨੂੰ ਇਕਦਮ ਖ਼ਤਮ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੇ ਹੜਬੜੀ ਫੈਲਾ ਕੇ ਸਿਕੰਦਰੀਆ ਉੱਪਰ ਹਮਲਾ ਕੀਤਾ, ਅੱਗ ਲਗਾ ਦਿੱਤੀ ਤੇ ਧਰਮ ਦੇ ਨਾਮ 'ਤੇ ਬੇਰਹਿਮ ਅਪਰਾਧ ਕੀਤੇ, ਜਿਨ੍ਹਾਂ ਦਾ ਜ਼ਿਕਰ ਕਰਨਾ ਤੇ ਉਨ੍ਹਾਂ ਨੂੰ ਲਿਖਣਾ ਸ਼ਰਮਨਾਕ ਹੈ।

ਇਸ ਤਰ੍ਹਾਂ ਈਸਾ ਦੇ 414ਵੇਂ ਸਾਲ ਵਿੱਚ ਸਿਕੰਦਰੀਆ ਦੇ ਗਿਆਨ ਅਤੇ ਦਰਸ਼ਨ ਦੇ ਕੇਂਦਰ ਦੀ ਕਿਸਮਤ ਦਾ ਫੈਸਲਾ ਕੀਤਾ ਗਿਆ। ਇਸ ਤੋਂ ਬਾਅਦ ਵਿਗਿਆਨ ਨੂੰ ਦਬਾ ਦਿੱਤਾ ਗਿਆ ਅਤੇ ਉਸਨੂੰ ਨੀਵੇਂ ਪੱਧਰ 'ਤੇ ਪਹੁੰਚਾ ਦਿੱਤਾ ਗਿਆ। ਉਸ ਦੀ ਸਰਵਜਨਕ ਹੋਂਦ ਨੂੰ ਸਹਿਣ ਹੀ ਨਹੀਂ ਕੀਤਾ ਗਿਆ। ਇਹ ਕਿਹਾ ਜਾ ਸਕਦਾ ਹੈ ਕਿ ਅਸਲ ਵਿੱਚ ਇਸ ਤੋਂ ਬਾਅਦ ਦੀਆਂ ਕੁਝ ਸਦੀਆਂ ਵਿੱਚ ਹੀ ਉਹ ਲੋਪ ਹੋ ਗਿਆ। ਕੱਟੜਤਾ ਦੀ ਗੁਰਜ ਨੇ ਯੂਨਾਨੀ ਦਰਸ਼ਨ ਦੇ ਇਸਪਾਤੀ ਖੋਲ ਨੂੰ ਹਿਲਾ ਅਤੇ ਤਬਾਹ ਕਰ ਕੇ ਰੱਖ ਦਿੱਤਾ। ਸੀਰਿਲ ਦੇ ਇਸ ਘਿਨੌਣੇ ਕਾਰਜ ਉੱਪਰ ਕਿਸੇ ਨੇ ਕੋਈ ਸਵਾਲ ਨਹੀਂ ਉਠਾਇਆ। ਹੁਣ ਇਸ ਗੱਲ ਦਾ ਦਾਅਵਾ ਕੀਤਾ ਜਾਂਦਾ ਹੈ ਕਿ ਰੋਮਨ ਸਾਮਰਾਜ ਵਿੱਚ ਵਿਚਾਰਾਂ ਦੀ ਵਧੇਰੇ ਖੁੱਲ੍ਹ ਰਹੀ ਹੋਵੇਗੀ।

ਅਜਿਹੇ ਦਾਅਵੇ ਦਾ ਉਦੇਸ਼ ਇਹੀ ਹੋ ਸਕਦਾ ਹੈ ਕਿ ਸਿਕੰਦਰੀਆ ਦੀ ਸ਼ਕਤੀ ਉੱਪਰ ਉਨ੍ਹਾਂ ਦਾ ਅਧਿਕਾਰ ਸੀ ਅਤੇ ਜਦੋਂ ਸਰਾਸੈਨੀ ਹਮਲਾਵਰਾਂ ਨੇ ਉਸ ਉੱਪਰ ਕਬਜ਼ਾ ਕੀਤਾ ਤਾਂ ਉਨ੍ਹਾਂ ਲੋਕਾਂ ਨੇ ਉਸਨੂੰ ਤਬਾਹ ਕਰ ਦਿੱਤਾ। ਇਸ ਤੋਂ ਬਾਅਦ ਦੀਆਂ ਦੋ ਸਦੀਆਂ ਤੱਕ ਸਿਕੰਦਰੀਆ ਵਿੱਚ ਦਮਨ ਚੱਕਰ ਚੱਲਦਾ ਰਿਹਾ, ਜਦਕਿ ਉਸ ਨੂੰ ਬਦੇਸ਼ੀ ਹਮਲਾਵਰਾਂ ਨੇ ਰੋਕਿਆ। ਸੰਸਾਰ ਦੇ ਦੇਖਣਯੋਗ ਇਹੀ ਗੱਲ ਹੈ ਕਿ ਜੇਤੂ ਅਰਬ ਯੋਧੇ ਆਪਣੇ ਐਲਾਨ ਅਨੁਸਾਰ ਆਪਣੀ ਤਲਵਾਰ 'ਤੇ ਜ਼ਿਆਦਾ ਭਰੋਸਾ ਕਰਦੇ ਸਨ ਅਤੇ ਉਨ੍ਹਾਂ ਨੇ ਕਦੇ ਵੀ ਮਾਨਵੀ ਗੁਣਾਂ ਦਾ ਲੋੜ ਤੋਂ ਜ਼ਿਆਦਾ ਦਾਅਵਾ ਜਾਂ ਦਿਖਾਵਾ ਨਹੀਂ ਕੀਤਾ। ਇੰਜ ਬਿਨਾਂ ਕਿਸੇ ਧਾਰਮਿਕ ਵਿਵਾਦ ਵਿੱਚ ਪਏ ਉਨ੍ਹਾਂ ਲੋਕਾਂ ਨੇ ਨਵੇਂ ਅਤੇ ਗਿਆਨ ਨੂੰ ਪ੍ਰਾਪਤ ਕਰਨ ਵਿੱਚ ਆਪਣੇ ਆਪ ਨੂੰ ਆਜ਼ਾਦ ਮੰਨਿਆ ਅਤੇ

ਉਨ੍ਹਾਂ ਦੀ ਅਗਵਾਈ ਵਿੱਚ ਮਿਸਰ ਨੂੰ ਦੁਬਾਰਾ ਗਿਆਨ ਅਤੇ ਵਿਦਵਤਾ ਦਾ ਕੇਂਦਰ ਬਣਾਇਆ ਅਤੇ ਉਨ੍ਹਾਂ ਸੰਸਕ੍ਰਿਤਕ ਵਿਰਾਸਤਾਂ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਦੁਬਾਰਾ ਉਭਾਰਿਆ ਜਿਨ੍ਹਾਂ ਨੂੰ ਅਗਿਆਨ ਦੇ ਸਮੁੰਦਰ ਵਿੱਚ ਡੁਬੋ ਦਿੱਤਾ ਗਿਆ ਸੀ।

(Draper-The History of the Intellectual Develpment in Europe, Page-325)

ਪੁਰਾਣੇ ਯੂਨਾਨੀ ਦਾਰਸ਼ਨਿਕਾਂ ਦੀਆਂ ਪੁਸਤਕਾਂ ਨੂੰ ਸੰਭਾਲਿਆ ਹੀ ਨਹੀਂ ਗਿਆ ਸਗੋਂ ਅਰਬ ਲੋਕਾਂ ਨੇ ਉਨ੍ਹਾਂ ਨੂੰ ਸੰਪਾਦਿਤ ਵੀ ਕੀਤਾ। ਉਨ੍ਹਾਂ ਦੇ ਸੰਬੰਧ ਵਿੱਚ ਵਿਸਤ੍ਰਿਤ ਵਿਆਖਿਆਵਾਂ ਪੇਸ਼ ਕੀਤੀਆਂ ਗਈਆਂ। ਪਲੈਟੋ, ਅਰਸਤੂ, ਯੂਕਲੇਕਸ, ਅਪੋਲੋਨਿਅਸ, ਟੋਲਮੀ, ਹਿਪੋਕਰੀਟਸ ਅਤੇ ਗੇਲਨ ਦੇ ਕਾਰਜ ਨੂੰ ਆਧੁਨਿਕ ਯੂਰਪ ਦੇ ਪੂਰਵਜਾਂ ਲਈ ਅਰਬੀ ਵਿਆਖਿਆਵਾਂ ਸਮੇਤ ਉਪਲੱਬਧ ਕਰਾਇਆ। ਆਧੁਨਿਕ ਯੂਰਪ ਨੇ ਚਕਿਤਸਾ ਅਤੇ ਗਣਿਤ ਦੀ ਵਿੱਦਿਆ ਹੀ ਅਰਬ ਤੋਂ ਨਹੀਂ ਲਈ ਬਲਕਿ ਜੋਤਿਸ਼ ਦਾ ਗਿਆਨ ਵੀ ਉਨ੍ਹਾਂ ਨੂੰ ਅਰਬ ਲੋਕਾਂ ਦੇ ਮਾਧਿਅਮ ਰਾਹੀਂ ਮਿਲਿਆ। ਅਜਿਹੇ ਗਿਆਨ ਨੂੰ, ਜਿਸ ਨਾਲ ਮਨੁੱਖ ਦਾ ਅਨੁਭਵ ਵਿਸ਼ਾਲ ਹੁੰਦਾ ਹੈ ਅਤੇ ਕੁਦਰਤ ਦੇ ਮਕਾਨਕੀ ਨਿਯਮ ਪ੍ਰਗਟ ਹੁੰਦੇ ਹਨ ਅਰਬ ਲੋਕਾਂ ਨੇ ਬੜੀ ਮੁਹਾਰਤ ਨਾਲ ਵਿਕਸਿਤ ਕੀਤਾ। ਪੁਲਾੜ ਦੀ ਖੋਜ ਦੇ ਨਵੇਂ ਯੰਤਰਾਂ ਦੀ ਸਹਾਇਤਾ ਨਾਲ ਅਰਬ ਦਾਰਸ਼ਨਿਕਾਂ ਨੇ ਧਰਤੀ ਦੇ ਖੇਤਰ ਅਤੇ ਕਈ ਨਛੱਤਰਾਂ ਦੀ ਸਥਿਤੀ ਦਾ ਗਿਆਨ ਹਾਸਿਲ ਕੀਤਾ। ਉਨ੍ਹਾਂ ਦੀ ਅਗਵਾਈ ਵਿਚ ਤਾਰਾ ਵਿਗਿਆਨ ਦਾ ਵਿਕਾਸ ਹੋਇਆ ਤੇ ਉਸ ਨੂੰ ਜੋਤਿਸ਼ ਦੇ ਦੈਵੀ-ਤੱਤਾਂ ਤੋਂ ਆਜ਼ਾਦ ਕੀਤਾ ਗਿਆ।

ਅਕਸਰ ਸਾਰੇ ਪੂਰਬੀ ਦੇਸ਼ਾਂ ਵਿੱਚ ਜੋਤਿਸ਼ ਗਿਆਨ ਪੰਡਿਤਾਂ ਅਤੇ ਪੁਰੋਹਿਤਾਂ ਦੇ ਹੱਥਾਂ ਵਿੱਚ ਸੀ। ਅਰਬ ਲੋਕਾਂ ਨੇ ਉਸਦਾ ਵਿਕਾਸ ਵਿਗਿਆਨ ਦੇ ਰੂਪ ਵਿੱਚ ਕੀਤਾ। ਭਾਵੇਂ ਸਿਕੰਦਰੀਆ ਦੇ ਡਿਯੋਫੈਂਟਸ ਨੇ ਬੀਜ ਗਣਿਤ ਦੀ ਖੋਜ ਕੀਤੀ ਸੀ ਪਰ ਅਰਬਾਂ ਦੇ ਗਿਆਨ ਦਾ ਉਹ ਮੁੱਖ ਆਧਾਰ ਬਣਿਆ। ਸੱਚਾਈ ਤਾਂ ਇਹ ਹੈ ਕਿ ਵਿਗਿਆਨ ਦੇ ਸਿਧਾਂਤ ਨੂੰ ਅਰਬਾਂ ਨੇ ਬਣਾਇਆ ਪਰ ਉਨ੍ਹਾਂ ਨੇ ਸਨਿਮਰਤਾਪੂਰਵਕ ਯੂਨਾਨੀ ਦਾਰਸ਼ਨਿਕਾਂ ਨੂੰ ਇਸਦਾ ਮਾਣ ਦਿੱਤਾ। ਬਨਸਪਤੀ ਵਿਗਿਆਨ (Botany) ਦਾ ਅਧਿਐਨ ਇਲਾਜ ਲਈ ਕੀਤਾ ਜਾਂਦਾ ਸੀ। ਡਿਓਸਕੋਰੀਡਸ ਨੇ ਕਰੀਬ ਦੋ ਹਜ਼ਾਰ ਜੜ੍ਹੀ-ਬੂਟੀਆਂ ਦਾ ਪਤਾ ਲਾਇਆ ਸੀ ਜੋ ਨਵੇਂ ਵਿਗਿਆਨ ਦਾ ਆਧਾਰ ਬਣਿਆ। ਰਸਾਇਣ-ਸ਼ਾਸਤਰ (Alchemy) ਦੇ ਭੇਦਾਂ ਨੂੰ ਮਿਸਰ ਦੇ ਪੁਰੋਹਿਤਾਂ ਨੇ ਬੜੀ ਸਾਵਧਾਨੀ ਨਾਲ ਈਰਖਾਵੱਸ ਗੁੱਪਤ ਰੱਖਿਆ ਸੀ, ਬੇਬੀਲੋਨ ਵਿੱਚ ਵੀ ਉਸਦੀ ਵਰਤੋਂ ਹੁੰਦੀ ਹੈ। ਕਾਫੀ ਸਮੇਂ ਬਾਅਦ ਭਾਰਤ ਦੇ ਚਕਿੱਤਸਕਾਂ ਨੇ ਉਸਦੀ ਥੋੜ੍ਹੀ ਬਹੁਤ ਵਾਕਫ਼ੀ ਹਾਸਲ ਕੀਤੀ। ਪਰ ਰਸਾਇਣ ਸ਼ਾਸਤਰ ਦੇ ਵਿਗਿਆਨ ਦੇ ਰੂਪ ਵਿੱਚ ਜਨਮ ਦਾ ਸਿਹਰਾ ਅਰਬ ਲੋਕਾਂ ਦੁਆਰਾ ਉਦਯੋਗਿਕ ਢੰਗਾਂ ਨਾਲ ਕੀਤੇ ਵਿਕਾਸ ਨੂੰ ਜਾਂਦਾ ਹੈ। ਉਨ੍ਹਾਂ ਨੇ ਪਹਿਲਾਂ ਅਰਕ ਕੱਢਣ ਲਈ 'ਨਾਲ਼ ਜਾਂ ਭਬਕੇ' ਦੀ ਖੋਜ ਕੀਤੀ, ਉਸਦਾ ਨਾਮਕਰਣ

ਕੀਤਾ ਅਤੇ ਉਨ੍ਹਾਂ ਨੇ ਕੁਦਰਤੀ ਦੁਨੀਆਂ ਦੇ ਤਿੰਨਾਂ ਤੱਤਾਂ* ਦੀ ਵਿਆਖਿਆ ਕੀਤੀ ਅਤੇ ਖ਼ਾਰ ਅਤੇ ਅਮਲ ਦੀਆਂ ਵਿਸ਼ੇਸ਼ਤਾਵਾਂ ਦੀ ਖੋਜ ਕਰਕੇ ਬਹੁਮੁੱਲੀਆਂ ਧਾਤਾਂ ਦੀ ਵਰਤੋਂ ਨਾਲ ਭਸਮ ਅਤੇ ਹੋਰ ਔਸ਼ਧੀਆਂ ਦਾ ਨਿਰਮਾਣ ਕੀਤਾ (Gibben)। ਅਰਬ ਲੋਕਾਂ ਨੇ ਸਭ ਤੋਂ ਵਧੇਰੇ ਤਰੱਕੀ ਚਕਿਤਸਾ ਵਿਗਿਆਨ ਦੇ ਖੇਤਰ ਵਿੱਚ ਕੀਤੀ। ਮਸੂਆ ਅਤੇ ਜੀਬਰ ਗੇਲਨ ਦੇ ਦੋ ਹੋਣਹਾਰ ਸ਼ਾਗਿਰਦ ਸਨ ਤੇ ਉਨ੍ਹਾਂ ਨੇ ਗੁਰੂ ਤੋਂ ਪ੍ਰਾਪਤ ਗਿਆਨ ਵਿੱਚ ਜ਼ਬਰਦਸਤ ਵਾਧਾ ਕੀਤਾ। ਅਬੇਸੀਨਾ ਦਸਵੀਂ ਸਦੀ ਵਿੱਚ ਬੁਖ਼ਾਰਾ ਵਿੱਚ ਪੈਦਾ ਹੋਇਆ। ਉਸਨੂੰ ਪੰਜ ਸੌ ਸਾਲਾਂ ਤੱਕ ਯੂਰਪ ਵਿੱਚ ਚਕਿਤਸਾ ਵਿਗਿਆਨ ਦੇ ਖੇਤਰ ਵਿੱਚ ਨਿਰਵਿਵਾਦ ਸਿਰਮੌਰ ਮੰਨਿਆ ਜਾਂਦਾ ਰਿਹਾ।16ਵੀਂ ਸ਼ਤਾਬਦੀ ਵਿੱਚ ਸਲੇਰਮੋ ਦਾ ਸਕੂਲ ਯੂਰਪ ਦੇ ਚਕਿਤਸਕਾਂ ਦੀ ਸਿੱਖਿਆ ਦਾ ਕੇਂਦਰ ਸੀ। ਉਸਦੀ ਸਥਾਪਨਾ ਸਰਾਸੈਨੀ ਲੋਕਾਂ ਨੇ ਕੀਤੀ ਅਤੇ ਅਬੇਸੀਨਾ ਉਥੇ ਅਧਿਆਪਕ ਦਾ ਕਾਰਜ ਕਰਦਾ ਰਿਹਾ।

ਅਰਬ ਵਿਦਵਾਨਾਂ ਦੀ ਇਹ ਖ਼ਾਸੀਅਤ ਸੀ ਕਿ ਉਹ ਉਤਸ਼ਾਹਪੂਰਵਕ ਖੋਜ ਕਰਕੇ ਗਿਆਨ ਹਾਸਲ ਕਰਦੇ ਸਨ। ਉਨ੍ਹਾਂ ਨੇ ਦਿਖਾਵੇ ਦੇ ਅੰਦਾਜ਼ਿਆਂ ਅਤੇ ਹੰਕਾਰ ਨੂੰ ਛੱਡ ਦਿੱਤਾ ਸੀ ਅਤੇ ਉਹ ਮਜ਼ਬੂਤ ਆਧਾਰ 'ਤੇ ਖੜ੍ਹੇ ਹੁੰਦੇ ਸਨ। ਅਰਬਾਂ ਦੀ ਵਿਦਵਤਾ ਦੇ ਸੰਬੰਧ ਵਿੱਚ ਬਜ਼ੁਰਗ ਅਬੇਰੋਸ ਦਾ ਕਥਨ ਬੇਹੱਦ ਮਹੱਤਵਪੂਰਨ ਹੈ। ਉਸ ਨੇ ਲਿਖਿਆ-"ਦਾਰਸ਼ਨਿਕਾਂ ਦਾ ਮੁੱਖ ਧਰਮ ਅਧਿਐਨ ਕਰਨਾ ਹੈ। ਇਸ ਨਾਲੋਂ ਵਧੇਰੇ ਉੱਤਮ ਈਸ਼ਵਰੀ ਅਰਾਧਨਾ ਕੋਈ ਹੋ ਹੀ ਨਹੀਂ ਸਕਦੀ। ਇਸ ਦੇ ਬਿਨਾਂ ਕਿ ਉਸਨੂੰ ਆਪਣੇ ਕੰਮਾਂ ਤੋਂ ਉਹ ਗਿਆਨ ਪ੍ਰਾਪਤ ਹੋਵੇ ਜਿਹੜਾ ਵਾਸਤਵ ਵਿੱਚ ਉਸਨੇ ਹਾਸਲ ਕਰਨਾ ਹੈ। ਉਸਦੇ ਲਈ ਇਹੀ ਸਭ ਤੋਂ ਚੰਗੀ ਗੱਲ ਹੋਵੇਗੀ। ਸਭ ਤੋਂ ਭੈੜੀ ਗੱਲ ਹੈ ਕਰ ਲਗਾਉਣਾ ਗਲਤੀ ਅਤੇ ਝੂਠੇ ਦਾਅਵਿਆਂ ਰਾਹੀਂ ਬੰਦਗੀ ਦੀ ਜੋ ਕੋਸ਼ਿਸ਼ ਕੀਤੀ ਜਾਂਦੀ ਹੈ ਉਹ ਅਯੋਗਤਾ ਹੈ। ਇਸੇ ਲਈ ਇਹ ਧਰਮ (ਇਸਲਾਮ) ਸਭ ਤੋਂ ਸ਼ੁੱਧ ਧਰਮ ਹੈ।" ਜਿਸ ਧਰਮ ਵਿੱਚ ਅਜਿਹੇ ਅਧਾਰਮਿਕ ਵਿਚਾਰਾਂ ਦੇ ਪ੍ਰਚਾਰ ਦੀ ਆਗਿਆ ਹੋਵੇ, ਫਿਰ ਚਾਹੇ ਉਨ੍ਹਾਂ ਨੂੰ ਪਵਿੱਤਰ ਸ਼ਬਦ-ਅਡੰਬਰਾਂ ਦੇ ਰੂਪ ਵਿੱਚ ਹੀ ਪ੍ਰਗਟ ਕੀਤਾ ਜਾਂਦਾ ਹੋਵੇ, ਉਸ ਵਿੱਚ ਅਸਹਿਣਸ਼ੀਲਤਾ ਅਤੇ ਮੂਲਵਾਦ ਲਈ ਕੋਈ ਥਾਂ ਨਹੀਂ ਹੋ ਸਕਦੀ। ਇਸ ਤਰ੍ਹਾਂ ਦੇ ਵਿਰੋਧੀ ਵਿਚਾਰਾਂ ਦੇ ਕਰਕੇ ਹੀ ਦਾਰਸ਼ਨਿਕਾਂ ਨੂੰ ਧਰਮ ਦੇ ਪੁਰੋਹਿਤਾਂ ਦੇ ਕਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤਰ੍ਹਾਂ ਦਾ ਵਿਹਾਰ ਈਸਾਈ ਪੁਰੋਹਿਤਾਂ ਨੇ ਮੁਸਲਮਾਨਾਂ ਨਾਲੋਂ ਕਿਤੇ ਜ਼ਿਆਦਾ ਕੀਤਾ ਸੀ।

ਕੁਝ ਸਮੇਂ ਦੀ ਜਲਾਵਤਨੀ ਤੋਂ ਬਾਅਦ ਅਬੇਰੋਸ ਦੀ ਸੁਲਤਾਨ ਅੰਦਾਲੂਸੀਆ ਦੇ ਦਰਬਾਰ ਵਿੱਚ ਦੁਬਾਰਾ ਸਨਮਾਨ ਬਹਾਲੀ ਹੋਈ ਅਤੇ ਉਸ ਦੀਆਂ ਕਿਤਾਬਾਂ ਨੂੰ ਇਸਲਾਮੀ ਦੁਨੀਆ ਵਿੱਚ ਤਬਾਹ ਹੋਣ ਤੋਂ ਬਚਾ ਲਿਆ ਗਿਆ। ਪਰ ਉਨ੍ਹਾਂ ਕਿਤਾਬਾਂ

**ਠੋਸ, ਦ੍ਰਵ, ਗੈਸ (ਅਨੁਵਾਦਕ)* — *ਠੋਸ, ਦ੍ਰਵ, ਗੈਸ (ਅਨੁਵਾਦਕ)*

ਦੇ ਲਾਤੀਨੀ ਭਾਸ਼ਾ ਵਿੱਚ ਛਪੇ ਸੰਸਕਰਣਾਂ ਵਿੱਚੋਂ ਧਰਮ ਵਿਰੋਧੀ ਅੰਸ਼ਾਂ ਨੂੰ ਕੱਢ ਦਿੱਤਾ ਗਿਆ। ਫਿਰ ਵੀ 12ਵੀਂ, 13ਵੀਂ ਅਤੇ 14ਵੀਂ ਸਦੀ ਵਿੱਚ ਯੂਰਪ ਵਿੱਚ ਧਰਮ ਵਿਰੋਧੀ ਵਿਚਾਰਾਂ ਦੇ ਅੰਦੋਲਨ ਵਿੱਚ ਅਰਬੀ ਦਾਰਸ਼ਨਿਕ ਦੀਆਂ ਉਨ੍ਹਾਂ ਸਿੱਖਿਆਵਾਂ ਤੋਂ ਪ੍ਰੇਰਨਾ ਲਈ ਗਈ ਜਿਨ੍ਹਾਂ ਨੂੰ ਦਬਾ ਦਿੱਤਾ ਗਿਆ ਸੀ। ਧਰਮ ਵਿਰੋਧੀ ਵਿਚਾਰ ਅੰਦੋਲਨ ਨੇ ਕੈਥੋਲਿਕ ਈਸਾਈ ਸੰਪ੍ਰਦਾਇ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ, ਜਿਸ ਦਾ ਜ਼ੋਰ ਮੱਧਯੁੱਗ ਵਿੱਚ ਸਮੁੱਚੇ ਯੂਰਪ ਵਿੱਚ ਸੀ। 12ਵੀਂ ਸਦੀ ਤੋਂ ਆਧੁਨਿਕ ਗਿਆਨ ਦੀ ਸਫਲਤਾ ਤੱਕ ਅਬੇਰੋਸ ਦੇ ਵਿਚਾਰਾਂ ਨੂੰ ਈਸਾਈ ਪਵਿੱਤਰਤਾ ਨੂੰ ਤਬਾਹ ਕਰਨ ਵਾਲੇ ਅਧਾਰਮਿਕ ਵਿਚਾਰ ਮੰਨਿਆ ਜਾਂਦਾ ਰਿਹਾ। ਇਹ ਵਿਚਾਰ ਐਵੇਂ ਹੀ ਜਾਂ ਅਕਾਰਨ ਹੀ ਨਹੀਂ ਸਨ। ਉਪਰ ਜੋ ਉਦਾਹਰਣ ਦਿੱਤੀ ਗਈ ਹੈ ਉਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਪੂਰਨ ਗਿਆਨ ਦੀ ਖੋਜ ਦੀ ਰੁਚੀ ਹੀ ਮਤਭੇਦ ਦਾ ਆਧਾਰ ਸੀ। ਜਿਸ ਨਾਲ ਅਗਿਆਨ ਦੇ ਕੂੜਾ-ਕਰਕਟ ਨੂੰ ਸਾਫ਼ ਕੀਤਾ ਗਿਆ ਅਤੇ ਵਿਸ਼ਵਾਸ ਦੀ ਪਵਿੱਤਰਤਾ ਸਥਾਪਿਤ ਹੋਈ ਤੇ ਉਸ ਗੌਰਵਸ਼ਾਲੀ ਗੁਣ ਦੀ ਸਥਾਪਨਾ ਧਾਰਮਿਕ ਕਥਨਾਂ ਦੇ ਆਧਾਰ 'ਤੇ ਕੀਤੀ ਗਈ।

ਅਬੇਰੋਸ ਨੇ ਉਪਰਲੀ ਟੂਕ ਵਿੱਚ ਅਨੁਮਾਨਕਾਰੀ ਦੀ ਗਿਆਨ-ਵਿਧੀ ਦੇ ਮੌਲਿਕ ਸਿਧਾਂਤਾਂ ਨੂੰ ਪੇਸ਼ ਕੀਤਾ ਅਤੇ ਸੱਚੇ ਗਿਆਨ ਦਾ ਸਹੀ ਰਸਤਾ ਦੱਸਿਆ। ਜੇਕਰ ਸ੍ਰਿਸ਼ਟੀ ਦੇ ਰਚਨਾਕਾਰ ਦੀ ਧਾਰਨਾ ਨੂੰ ਵੱਖ ਕਰ ਲਿਆ ਜਾਵੇ ਅਤੇ ਜੇਕਰ ਮਨੁੱਖ ਉਸ ਨੂੰ ਜਾਨਣਾ ਚਾਹੇ (ਜੋ ਅੰਧ ਵਿਸ਼ਵਾਸ ਤੋਂ ਵੱਖ ਜਿਗਿਆਸਾ ਦੇ ਆਧਾਰ 'ਤੇ ਹੋਵੇ) ਤਾਂ ਉਸਦੀ ਵਾਸਤਵਿਕਤਾ ਨੂੰ ਪ੍ਰਯੋਗ ਸਿੱਧ ਗਿਆਨ ਦੇ ਮਾਧਿਅਮ ਰਾਹੀਂ ਜਾਨਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਇਸ ਗਿਆਨ ਰਾਹੀਂ ਹੀ ਉਸਦੇ ਕਾਰਜ, ਉਸਦੀ ਪ੍ਰਕਿਰਤੀ, ਉਸਦੀ ਦੈਵੀ ਹੋਂਦ ਅਤੇ ਅਜਿਹਾ ਧਰਮ ਜੋ ਉਸਦੀ ਇਕਹਰੀ ਹੋਂਦ ਦੇ ਗਿਆਨ ਦੀ ਖੋਜ ਨਾਲ ਜੁੜਿਆ ਹੋਇਆ ਹੁੰਦਾ ਹੈ ਇਹ ਸਾਰਾ ਕੁਝ ਧਰਮ ਦੇ ਅਧੀਨ ਮਨੁੱਖੀ ਵਿਚਾਰਧਾਰਾ ਦੇ ਵਿਕਾਸ ਦਾ ਕਾਰਨ ਬਣਦਾ ਹੈ। ਮਹਾਨ ਧਰਮਾਂ ਵਿੱਚੋਂ ਸਭ ਤੋਂ ਬਾਅਦ ਵਿੱਚ ਆਇਆ ਇਸਲਾਮ ਧਰਮ ਸਭ ਤੋਂ ਮਹਾਨ ਸੀ। ਇਸ ਦਾ ਇਤਿਹਾਸਕ ਮਹੱਤਵ ਇਸੇ ਗੱਲ ਵਿੱਚ ਪਿਆ ਹੈ।

ਇਸਲਾਮ ਅਤੇ ਅਰਬ ਗਿਆਨ ਦੇ ਕੇਂਦਰ ਉਨ੍ਹਾਂ ਇਤਿਹਾਸਕ ਖੇਤਰਾਂ ਵਿੱਚ ਸਨ ਜਿੱਥੇ ਪੁਰਾਣੀਆਂ ਸੱਭਿਅਤਾਵਾਂ-ਮਿਸਰੀ, ਅਸੀਰੀਆਈ, ਯਹੂਦੀ, ਫ਼ਾਰਸੀ ਅਤੇ ਯੂਨਾਨੀ ਉੱਠੀਆਂ ਸਨ, ਉਨ੍ਹਾਂ ਨੇ ਸੰਘਰਸ਼ ਕੀਤਾ ਸੀ ਅਤੇ ਅੰਤ ਵਿੱਚ ਪਤਨ ਨੂੰ ਪਹੁੰਚੀਆਂ ਸਨ। ਪੁਰਾਤਨ ਸੱਭਿਆਤਾਵਾਂ ਦਾ ਪ੍ਰਭਾਵ ਅਰਬ ਸੰਸਕ੍ਰਿਤੀ ਦੇ ਨਿਰਮਾਣ ਵਿੱਚ ਅਸਰ ਅੰਦਾਜ਼ ਹੋਇਆ ਸੀ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਵਿਸ਼ੇਸ਼ ਏਕੀਸ਼ਵਰਵਾਦ ਦਾ ਸਿਧਾਂਤ ਪ੍ਰਾਚੀਨ ਲੋਕਾਂ ਦੇ ਧਾਰਮਿਕ ਸਿਧਾਂਤਾਂ ਵਿੱਚ ਸਮਾਇਆ ਹੋਇਆ ਸੀ। ਇਸ ਗੱਲ ਦਾ ਅਰਬ ਦਾਰਸ਼ਨਿਕਾਂ ਨੂੰ ਸਿਹਰਾ ਜਾਂਦਾ ਹੈ ਕਿ ਉਨ੍ਹਾਂ ਨੇ ਪਹਿਲੀ ਵਾਰ ਸਾਰੇ ਧਰਮਾਂ ਦਾ ਉਭਾਰ ਇੱਕ ਸਮਾਨ ਵਿਚਾਰਾਂ ਦੇ ਆਧਾਰ 'ਤੇ ਸਵੀਕਾਰ

ਕੀਤਾ ਸੀ। ਉਨ੍ਹਾਂ ਨੇ ਸਿਰਫ ਇਸ ਗੱਲ ਦਾ ਦਾਅਵਾ ਨਹੀਂ ਕੀਤਾ ਕਿ ਸਾਰੇ ਧਰਮਾਂ ਦੁਆਰਾ ਮਨੁੱਖੀ ਦਿਮਾਗ ਨੇ ਜੀਵਨ ਅਤੇ ਪ੍ਰਕਿਰਤੀ ਦੇ ਰਹੱਸਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਵੀ ਅੱਗੇ ਵਧ ਕੇ ਉਨ੍ਹਾਂ ਨੇ ਇਹ ਵੀ ਕਿਹਾ ਕਿ ਤਰਕ ਦੇ ਆਧਾਰ 'ਤੇ ਅਜਿਹੀ ਕੋਸ਼ਿਸ਼ ਵਧੇਰੇ ਮਹਾਨ, ਉਤਮ ਅਤੇ ਅਗਾਂਹਵਧੂ ਹੈ। ਇਹ ਤਰਕਵਾਦੀ ਦ੍ਰਿਸ਼ਟੀਕੋਣ ਅਬੇਰੋਸ ਦੀਆਂ ਸਿੱਖਿਆਵਾਂ ਵਿੱਚ ਸਭ ਤੋਂ ਵਧੇਰੇ ਸਪੱਸ਼ਟ ਹੈ।

ਇੰਜ ਏਥਨਜ਼ ਅਤੇ ਸਿਕੰਦਰੀਆਂ ਦੇ ਮਹਾਨ ਰਿਸ਼ੀਆਂ ਦੀਆਂ ਅਧਿਆਤਮਕ ਅਤੇ ਵਿਗਿਆਨਕ ਸਿੱਖਿਆਵਾਂ ਦੇ ਆਧਾਰ 'ਤੇ ਅਰਬ ਲੋਕਾਂ ਨੇ ਆਧੁਨਿਕ ਸੱਭਿਅਤਾ ਦੀ ਨੀਂਹ ਰੱਖਣ ਵਿੱਚ ਆਪਣਾ ਮੌਲਿਕ ਯੋਗਦਾਨ ਦਿੱਤਾ। ਅਨੀਸ਼ਵਰਵਾਦ ਸਭ ਧਰਮਾਂ ਉਪਰ ਸ਼ੰਕਾ ਰੱਖਦਾ ਹੈ। ਜਿਵੇਂ ਹੀ ਆਲੋਚਨਾ ਕਿਸੇ ਵਿਸ਼ਵਾਸ ਨੂੰ ਚੁਣੌਤੀ ਦਿੰਦੀ ਹੈ ਉਸਦੇ ਨਾਲ ਹੀ ਮਨੁੱਖੀ-ਵਿਕਾਸ ਦਾ ਨਵਾਂ ਸੂਰਜ ਚੜ੍ਹਨ ਲੱਗਦਾ ਹੈ। ਤਿੰਨ ਪਾਖੰਡੀ (Three Imposters) ਨਾਮੀ ਕਿਤਾਬ ਕਿਸੇ ਗੁੰਮਨਾਮ ਲੇਖਕ ਨੇ ਛਪਵਾਈ ਹੈ। ਉਸਦਾ ਯੂਰਪ ਦੀ ਆਰੰਭਕ ਅਨੀਸ਼ਵਰਵਾਦ ਦੇ ਇਤਿਹਾਸ ਵਿੱਚ ਮੁੱਢਲਾ ਯੋਗਦਾਨ ਸਵੀਕਾਰ ਕੀਤਾ ਜਾਂਦਾ ਹੈ। ਉਸਦਾ ਲੇਖਕ ਈਸਾਈ ਧਰਮ ਵਿਰੋਧੀ ਰਾਜਾ ਫ਼ਰੈਡਰਿਕ ਬਾਰਾਬੋਸਾ ਸਮਝਿਆ ਜਾਂਦਾ ਹੈ ਜਾਂ ਫਿਰ ਕੁਝ ਲੋਕ ਮੁਸਲਮਾਨ ਦਾਰਸ਼ਨਿਕ ਅਬੇਰੋਸ ਨੂੰ ਉਸਦਾ ਲੇਖਕ ਮੰਨਦੇ ਹਨ। ਤਿੰਨ ਪਾਖੰਡੀਆਂ ਵਿੱਚ ਮੂਸਾ, ਈਸਾ ਅਤੇ ਮੁਹੰਮਦ ਨੂੰ ਗਿਣਿਆ ਗਿਆ ਹੈ। ਇਸ ਕਿਤਾਬ ਦੇ ਲੇਖਕ ਸੰਬੰਧੀ ਇੱਕ ਸੰਦੇਹ ਇਹ ਹੈ ਕਿ ਉਹ ਇੱਕ ਈਸਾਈ ਸੀ ਅਤੇ ਦੂਸਰੇ ਜਿਸ ਵਿਅਕਤੀ ਉੱਪਰ ਸ਼ੱਕ ਕੀਤਾ ਜਾਂਦਾ ਹੈ ਉਹ ਮੁਸਲਮਾਨ ਸੀ। ਬਿਨਾਂ ਸ਼ੱਕ ਉਨ੍ਹਾਂ ਦਿਨਾਂ ਵਿੱਚ ਧਰਮ ਬੁਰੀ ਤਰ੍ਹਾਂ ਗਿਰਾਵਟ ਦਾ ਸ਼ਿਕਾਰ ਸੀ।

13ਵੀਂ ਸ਼ਤਾਬਦੀ ਤੋਂ ਪਹਿਲਾਂ ਅਨੀਸ਼ਰਵਾਦ ਸੀ ਪਰ ਉਸ ਉਤੇ ਸੱਚੀ ਸ਼ਰਧਾ ਨਹੀਂ ਸੀ। ਜਿਸ ਸਿਧਾਂਤ 'ਤੇ ਮੱਤਭੇਦ ਸੀ ਉਸ ਨੂੰ ਰੱਦ ਕਰ ਦਿੱਤਾ ਗਿਆ ਪਰ ਈਸਾਈ ਧਰਮ ਦੇ ਆਧਾਰ ਨੂੰ ਛੂਹਿਆ ਵੀ ਨਹੀਂ ਗਿਆ। ਜਦੋਂ ਇਹ ਕਿਹਾ ਗਿਆ ਕਿ ਸਾਰੇ ਧਰਮਾਂ ਦਾ ਉਭਾਰ ਸਮਾਨ ਰੂਪ ਵਿੱਚ ਹੀ ਹੋਇਆ ਸੀ ਤਾਂ ਇਸੇ ਆਧਾਰ 'ਤੇ ਹੀ ਉਨ੍ਹਾਂ ਉੱਪਰ ਸੱਟ ਵੀ ਮਾਰੀ ਗਈ। ਜੇਕਰ ਅਸਲ ਵਿੱਚ ਸਾਰੇ ਧਰਮ ਬਰਾਬਰ ਹਨ ਤਾਂ ਫਿਰ ਹਰ ਇਕ ਦੇ ਸਿਧਾਂਤ ਅਤੇ ਕੱਟੜਤਾ ਦਾ ਮਨੁੱਖ ਜਾਤੀ ਦੀ ਅਧਿਆਮਤਕ ਏਕਤਾ ਦੇ ਮਾਰਗ ਵਿੱਚ ਰੁਕਾਵਟ ਮੰਨ ਕੇ ਤਿਆਗ ਕਰ ਦਿੱਤਾ ਜਾਣਾ ਚਾਹੀਦਾ ਹੈ। ਪਰ ਜੇਕਰ ਧਰਮਾਂ ਨੂੰ ਉਨ੍ਹਾਂ ਦੇ ਸਿਧਾਂਤਾਂ ਅਤੇ ਮੂਲ ਵਿਸ਼ਵਾਸਾਂ ਤੋਂ ਅੱਡ ਕਰ ਦਿੱਤਾ ਜਾਵੇ ਤਾਂ ਉਹ ਆਪਣੇ ਪੈਰਾਂ ਉਪਰ ਖੜ੍ਹੇ ਨਹੀਂ ਰਹਿ ਸਕਦੇ। ਅਰਬ ਦਾਰਸ਼ਨਿਕਾਂ ਨੇ ਪਹਿਲੀ ਵਾਰ ਸਾਰੇ ਧਰਮਾਂ ਦੀ ਸਮਾਨ ਉਤਪਤੀ ਦੇ ਸਿਧਾਂਤ ਨੂੰ ਸਾਹਮਣੇ ਲਿਆਂਦਾ।

ਅਰਬ ਗਿਆਨ ਦਾ ਸਿਖਰ ਅਬੇਰੋਸ ਦੇ ਵਿਚਾਰਾਂ ਨਾਲ ਹੋਇਆ ਸੀ। ਉਹ ਨੌਵੀਂ ਤੋਂ ਤੇਰਵੀਂ ਸਦੀ ਦੇ ਮਹਾਨ ਵਿਚਾਰਕਾਂ ਅਤੇ ਦਾਰਸ਼ਨਿਕਾਂ ਦੀ ਜਮਾਤ ਵਿੱਚ ਮਹਾਨ ਅਤੇ ਆਖਰੀ ਚਿੰਤਕ ਸੀ। ਉਸਦੇ ਸੰਖੇਪ ਸੰਦਰਭ ਨਾਲ ਉਨ੍ਹਾਂ ਵਿੱਚੋਂ ਕੁਝ

ਵਿਚਾਰਕਾਂ ਦੀਆਂ ਸਿੱਖਿਆਵਾਂ ਦਾ ਜ਼ਿਕਰ ਕਰਕੇ ਉਨ੍ਹਾਂ ਦੀ ਉਤਪਤੀ ਅਤੇ ਉਨ੍ਹਾਂ ਦੇ ਇਨਕਲਾਬੀ ਮਹੱਤਵ ਨੂੰ ਸਮਝਿਆ ਜਾ ਸਕੇਗਾ, ਜੋ ਇਸਲਾਮ ਧਰਮ ਦੇ ਮੂਲ ਸਿਧਾਂਤਾਂ ਵਜੋਂ ਸਵੀਕਾਰ ਕੀਤੇ ਗਏ ਅਤੇ ਉਨ੍ਹਾਂ ਦੀ ਕਾਮਯਾਬੀ ਵਿੱਚ ਅੱਲਾਹ ਦੀ ਤਲਵਾਰ ਨੇ ਵਿਸ਼ੇਸ਼ ਯੋਗਦਾਨ ਪਾਇਆ।

ਅਧਿਆਤਮਕ ਏਕਤਾ ਦੇ ਆਧਾਰ 'ਤੇ ਲੌਕਿਕ ਏਕਤਾ ਸਥਾਪਿਤ ਕਰਕੇ ਉਸਦੇ ਫ਼ਲਸਰੂਪ ਆਰਥਿਕ ਖੁਸ਼ਹਾਲੀ ਪ੍ਰਾਪਤ ਕੀਤੀ ਗਈ ਅਤੇ ਨਵੇਂ ਇਸਲਾਮੀ ਰਾਸ਼ਟਰ ਨੇ ਮਨੁੱਖੀ ਸੰਸਕ੍ਰਿਤੀ ਦੇ ਵਿਕਾਸ ਵੱਲ ਵਧੇਰੇ ਧਿਆਨ ਦਿੱਤਾ। ਸੌ ਸਾਲਾਂ ਤੱਕ ਉਸ ਨੇ ਨਿਮਰਤਾ ਨਾਲ ਦੂਸਰਿਆਂ ਖ਼ਾਸ ਕਰਕੇ ਪੁਰਾਤਨ ਯੂਨਾਨੀ ਦਾਰਸ਼ਨਿਕਾਂ ਕੋਲੋਂ ਬਹੁਤ ਕੁਝ ਸਿੱਖਿਆ। ਉਸਨੂੰ ਸਿੱਖਣ ਤੋਂ ਬਾਦ ਅਰਬ ਵਿੱਚ ਵਿਚਾਰ ਅਤੇ ਗਿਆਨ ਦੇ ਖੇਤਰ ਵਿੱਚ ਆਜ਼ਾਦਾਨਾ ਤੌਰ 'ਤੇ ਮੌਲਿਕ ਵਿਚਾਰ ਪੈਦਾ ਹੋਏ।

ਅਰਬ ਦਾਰਸ਼ਨਿਕਾਂ ਵਿੱਚੋਂ ਅਲਕਾਜ਼ੀ ਸਭ ਤੋਂ ਪਹਿਲਾ ਦਾਰਸ਼ਨਿਕ ਸੀ। ਉਹ ਅੱਬਾਸੀ ਖਲੀਫਿਆਂ ਦੀ ਰਾਜਧਾਨੀ ਵਿੱਚ ਰਹਿੰਦਾ ਸੀ ਅਤੇ 9ਵੀਂ ਸਦੀ ਦੇ ਆਰੰਭ ਵਿੱਚ ਹੀ ਉਸਨੇ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ। ਉਸਦਾ ਕਹਿਣਾ ਸੀ ਕਿ ਦਰਸ਼ਨ ਦਾ ਆਧਾਰ ਗਣਿਤ ਸ਼ਾਸਤਰ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਸਿਰਫ਼ ਆਲਸੀ ਕਲਪਨਾਵਾਂ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ। ਅਮੂਰਤ ਦਾਰਸ਼ਨਿਕ ਵਿਚਾਰਾਂ ਦੀ ਕਸੌਟੀ ਤਰਕ ਆਧਾਰਿਤ ਹੋਣੀ ਚਾਹੀਦੀ ਹੈ। ਜਿਸ ਵਿੱਚੋਂ ਠੋਸ ਤੱਥਾਂ ਅਤੇ ਨਿਯਮਾਂ ਦੇ ਅਨੁਸਾਰ ਨਿਸ਼ਚਿਤ ਸਿੱਟੇ ਕੱਢੇ ਜਾ ਸਕਣ। ਉਸ ਦਾਰਸ਼ਨਿਕ ਦੇ ਸਿਧਾਂਤਾਂ ਦੁਆਰਾ ਉਨ੍ਹਾਂ ਵਿਚਾਰਾਂ ਦੀ ਕਲਪਨਾ ਕੀਤੀ ਗਈ ਜਿਨ੍ਹਾਂ ਨੂੰ ਕਰੀਬ ਸੱਤ ਸੌ ਸਾਲਾਂ ਬਾਅਦ ਫ੍ਰਾਂਸਿਸ ਬੈਕਨ ਅਤੇ ਦੇਕਾਰਤੇ ਨੇ ਪੇਸ਼ ਕੀਤਾ ਸੀ। ਅੱਜ ਦੇ ਯੁੱਗ ਵਿੱਚ ਵੀ ਅਨੇਕ ਦਾਰਸ਼ਨਿਕ ਅਤੇ ਵਿਦਵਾਨ ਅਰਬ ਦੇ ਉਸ ਚਿੰਤਨ ਦੇ ਗੁਣਾਂ ਨਾਲ ਲਾਭ ਲੈ ਸਕਦੇ ਹਨ ਭਾਵੇਂ ਉਸਦੀ ਕਾਢ ਇਕ ਹਜ਼ਾਰ ਸਾਲ ਪਹਿਲਾਂ ਕੱਢੀ ਗਈ ਸੀ।

ਉਸ ਤੋਂ ਬਾਅਦ ਅਲਫ਼ਰਾਬੀ ਦਾ ਨਾਂ ਆਉਂਦਾ ਹੈ ਜੋ ਇੱਕ ਸਦੀ ਬਾਅਦ ਹੋਇਆ ਤੇ ਜੋ ਦਮਿਸ਼ਕ ਅਤੇ ਬਗਦਾਦ ਵਿੱਚ ਅਧਿਆਪਨ ਕਾਰਜ ਕਰਦਾ ਸੀ। ਉਸਨੇ ਅਰਸਤੂ ਦੀਆਂ ਰਚਨਾਵਾਂ ਦੀ ਵਿਆਖਿਆ ਪੇਸ਼ ਕੀਤੀ ਜਿਹੜੀ ਕਈ ਸਦੀਆਂ ਤੱਕ ਸਟੀਕ ਅਧਿਐਨ ਵਜੋਂ ਜਾਣੀ ਜਾਂਦੀ ਰਹੀ। ਉਸਨੇ ਚਕਿਤਸਾ-ਸ਼ਾਸਤਰ ਵਿੱਚ ਵੀ ਮੁਹਾਰਤ ਹਾਸਿਲ ਕੀਤੀ। ਰੋਜਰ ਬੇਕਨ ਉਸ ਕੋਲੋਂ ਹੀ ਗਣਿਤ ਪੜ੍ਹਿਆ ਸੀ।

10ਵੀਂ ਸਦੀ ਦੇ ਦੂਸਰੇ ਅੱਧ ਵਿੱਚ ਅਬੀਸੀਨਾ ਸਾਹਮਣੇ ਆਉਂਦਾ ਹੈ। ਉਹ ਬੁਖ਼ਾਰਾ ਦੇ ਜ਼ਿਮੀਂਦਾਰ ਘਰਾਣੇ ਵਿੱਚ ਪੈਦਾ ਹੋਇਆ ਸੀ ਅਤੇ ਉਸਦਾ ਪਰਿਵਾਰ ਖੁਸ਼ਹਾਲ ਵਪਾਰ ਨਾਲ ਜੁੜਿਆ ਹੋਇਆ ਸੀ। ਉਸਨੇ ਗਣਿਤ ਅਤੇ ਭੌਤਿਕ ਵਿਗਿਆਨ ਦੀਆਂ ਕਿਤਾਬਾਂ ਲਿਖੀਆਂ। ਪਰ ਇਤਿਹਾਸ ਵਿੱਚ ਉਸਦਾ ਜ਼ਿਕਰ ਚਕਿਤਸਾ ਵਿਗਿਆਨ ਦੇ ਖੇਤਰ ਵਿੱਚ ਹੋਇਆ। ਸਲੇਰਮੋ ਦਾ ਚਕਿਤਸਾ ਦਾ ਮਦਰੱਸਾ ਉਸਦੀ ਪ੍ਰਸਿੱਧ ਯਾਦਗਾਰ ਸੀ ਅਤੇ 16ਵੀਂ ਸਦੀ ਦੇ ਅੰਤ ਤੱਕ ਸਿਹਤ-ਵਿਗਿਆਨ ਨਾਲ ਸੰਬੰਧਤ ਉਸਦੀਆਂ

ਕਿਤਾਬਾਂ ਪਾਠ ਪੁਸਤਕਾਂ ਸਨ। ਅਬੀਸੀਨਾ ਦੇ ਦਾਰਸ਼ਨਿਕ ਵਿਚਾਰ ਧਾਰਮਿਕ ਸਿੱਖਿਆਵਾਂ ਤੋਂ ਏਨੇ ਵੱਖਰੇ ਸਨ ਕਿ ਸੁਤੰਤਰ ਵਿਚਾਰਾਂ ਦਾ ਸਮਰਥਕ ਬੁਖ਼ਾਰਾ ਦਾ ਅਮੀਰ ਅਬੀਸੀਨਾ ਦੇ ਵਿਰੁੱਧ ਇਮਾਮ ਦੇ ਦਬਾਅ ਨੂੰ ਮੰਨਣ ਤੋਂ ਇਨਕਾਰ ਨਹੀਂ ਕਰ ਸਕਿਆ। ਉਸਨੂੰ ਮਜਬੂਰਨ ਬੁਖ਼ਾਰਾ ਦੇ ਅਮੀਰ ਦਾ ਦਰਬਾਰ ਛੱਡਣਾ ਪਿਆ। ਉਸ ਤੋਂ ਬਾਅਦ ਉਸਨੇ ਅਰਬ ਸਾਮਰਾਜ ਦੀ ਯਾਤਰਾ ਕੀਤੀ ਅਤੇ ਵਿਭਿੰਨ ਸਥਾਨਾਂ 'ਤੇ ਇਲਾਜ ਦੀ ਸਿੱਖਿਆ ਅਤੇ ਆਪਣੇ ਦਰਸ਼ਨ ਦੇ ਅਧਿਆਪਨ ਦਾ ਕਾਰਜ ਕੀਤਾ।

11ਵੀਂ ਸਦੀ ਵਿੱਚ ਅਲਹਸਨ ਹੋਇਆ, ਜੋ ਸਾਰੇ ਯੁੱਗਾਂ ਦੇ ਮਹਾਨ ਵਿਗਿਆਨਕਾਂ ਦੀ ਸ਼੍ਰੇਣੀ ਵਿੱਚ ਗਿਣਿਆ ਜਾਣਾ ਚਾਹੀਦਾ ਹੈ। ਅੱਖਾਂ ਲਈ ਚਸ਼ਮੇ ਤਿਆਰ ਕਰਨ ਦੇ ਸੰਬੰਧ ਵਿੱਚ ਉਸਨੇ ਵਿਸ਼ੇਸ਼ ਯੋਗਦਾਨ ਦਿੱਤਾ। ਇਹ ਕਲਾ ਵੀ ਉਸਨੇ ਯੂਨਾਨੀਆਂ ਤੋਂ ਸਿੱਖੀ ਸੀ ਤੇ ਉਸ ਵਿੱਚ ਕਾਫੀ ਵਾਧਾ ਕੀਤਾ। ਅੱਖਾਂ ਦੀ ਰੌਸ਼ਨੀ ਦੇ ਸੰਬੰਧ ਵਿੱਚ ਉਨ੍ਹਾਂ ਦੀਆਂ ਗਲਤੀਆਂ ਨੂੰ ਉਸਨੇ ਠੀਕ ਕੀਤਾ। ਅਲਹਸਨ ਦੇ ਸਰੀਰ ਰਚਨਾ ਅਤੇ ਰੇਖਾਗਣਿਤ ਦੇ ਤਰਕਾਂ ਨੇ ਇਹ ਸਿੱਧ ਕੀਤਾ ਕਿ ਅੱਖਾਂ ਵਿੱਚ ਚੀਜ਼ਾਂ ਤੋਂ ਰੌਸ਼ਨੀ ਆਉਂਦੀ ਹੈ ਤੇ ਉਸਦਾ ਅਕਸ ਪੁਤਲੀ 'ਤੇ ਪੈਂਦਾ ਹੈ। ਉਸਦੇ ਸਿਧਾਂਤ ਦਾ ਵੇਰਵਾ ਇਲਾਜ-ਵਿਗਿਆਨ ਦੇ ਇਤਿਹਾਸਕਾਰਾਂ ਨੇ ਕੀਤਾ ਹੈ। ਕੈਪਲਰ ਨੇ ਅਰਬ ਚਕਿਸਤਕਾਂ ਤੋਂ ਅੱਖਾਂ ਦੇ ਇਲਾਜ ਸੰਬੰਧੀ ਗਿਆਨ ਹਾਸਿਲ ਕੀਤਾ ਸੀ।

ਉਸੇ ਸ਼ਤਾਬਦੀ ਵਿੱਚ ਅਲ.ਗਜ਼ਾਲੀ ਗੁਜ਼ਰਿਆ, ਜੋ ਅੰਦਾਲੂਸਿਆਈ ਵਪਾਰੀ ਦਾ ਪੁੱਤਰ ਸੀ। ਉਸਨੇ ਦੇਕਾਰਤ ਤੋਂ ਵੀ ਪਹਿਲਾਂ ਆਤਮ-ਚੇਤਨਾ ਦੇ ਸੱਚ ਦੇ ਸਿਧਾਂਤ ਨੂੰ ਪੇਸ਼ ਕੀਤਾ। ਉਸ ਨੇ ਪ੍ਰਾਚੀਨ ਅਤੇ ਆਧੁਨਿਕ ਅਨੀਸ਼ਵਰਵਾਦ ਵਿੱਚ ਕੜੀ ਜੋੜਨ ਦਾ ਕੰਮ ਵੀ ਕੀਤਾ। ਉਸਨੇ ਦਰਸ਼ਨ ਵਿੱਚ ਜੋ ਮਹਾਨ ਯੋਗਦਾਨ ਦਿੱਤਾ ਉਸ ਦਾ ਜ਼ਿਕਰ ਉਸੇ ਦੇ ਸ਼ਬਦਾਂ ਵਿੱਚ ਮਿਲਦਾ ਹੈ, "ਧਰਮ ਤੋਂ ਤਸੱਲੀ ਨਾ ਮਿਲਣ ਕਰਕੇ ਮੈਂ ਸਾਰੇ ਨਿਸ਼ਚਿਤ ਵਿਚਾਰਾਂ ਨੂੰ ਛੱਡਣ ਦਾ ਫੈਸਲਾ ਕੀਤਾ ਤੇ ਉਨ੍ਹਾਂ ਸਾਰੀਆਂ ਗੱਲਾਂ ਤੋਂ ਖੁਦ ਨੂੰ ਅੱਡ ਕਰ ਲਿਆ ਜਿਨ੍ਹਾਂ ਨੂੰ ਮੈਂ ਬਚਪਨ ਵਿੱਚ ਸਿੱਖਿਆ ਸੀ। ਮੇਰਾ ਉਦੇਸ਼ ਚੀਜ਼ਾਂ ਦੀ ਸੱਚਾਈ ਨੂੰ ਖੋਜਣਾ ਹੈ। ਇਸ ਦੇ ਸਿੱਟੇ ਵਜੋਂ ਮੈਂ ਇਹ ਨਿਸ਼ਚਿਤ ਕਰਨਾ ਚਾਹੁੰਦਾ ਹਾਂ ਕਿ ਗਿਆਨ ਕੀ ਹੈ? ਹੁਣ ਮੈਨੂੰ ਸਪੱਸ਼ਟ ਹੋ ਗਿਆ ਹੈ ਕਿ ਗਿਆਨ ਅਜਿਹਾ ਹੋਣਾ ਚਾਹੀਦੈ ਜਿਸ ਤੋਂ ਦਿਖਾਈ ਦੇ ਰਹੀ ਵਸਤੂ ਦੀ ਵਿਆਖਿਆ ਹੋ ਸਕੇ ਤੇ ਇਹ ਗਿਆਨ ਭਵਿੱਖ ਵਿੱਚ ਵੀ ਉਪਲਬੱਧ ਹੋ ਸਕੇ, ਤਾਂ ਕਿ ਗਲਤੀਆਂ ਤੇ ਅੰਦਾਜ਼ਿਆਂ ਨੂੰ ਦੁਹਰਾਉਣਾ ਅਸੰਭਵ ਹੋ ਜਾਵੇ। ਇਸ ਤਰ੍ਹਾਂ ਜਦੋਂ ਇਹ ਮੰਨ ਲਿਆ ਜਾਵੇ ਕਿ ਦਸ ਤਿੰਨ ਤੋਂ ਜ਼ਿਆਦਾ ਹਨ। ਜੇਕਰ ਕੋਈ ਇਹ ਕਹੇ ਕਿ ਤਿੰਨ ਦਸ ਤੋਂ ਜ਼ਿਆਦਾ ਹਨ ਤੇ ਮੈਨੂੰ ਇਸ ਕਥਨ ਨੂੰ ਸਾਬਿਤ ਕਰਨ ਲਈ ਕਿਹਾ ਜਾਵੇ ਕਿ ਮੈਂ ਇਸ ਸੋਟੀ ਨੂੰ ਸੱਪ ਵਿੱਚ ਬਦਲ ਸਕਦਾ ਹਾਂ ਤੇ ਜੇਕਰ ਇਹ ਰਹੱਸ ਅਸਲ ਵਿੱਚ ਬਦਲ ਵੀ ਜਾਵੇ ਤਾਂ ਵੀ ਮੇਰਾ ਵਿਚਾਰ ਉਸਦੀ ਇਸ ਗਲਤੀ ਨਾਲ ਬਦਲੇਗਾ ਨਹੀਂ। ਉਸ ਦੀ ਜਾਦੂਗਰੀ ਦੀ ਮੈਂ ਏਨੀ ਹੀ ਸਿਫਤ ਕਰਾਂਗਾ, ਪਰ ਮੈਂ ਆਪਣੇ ਗਿਆਨ ਦੇ ਸੰਬੰਧ ਵਿੱਚ ਸ਼ੱਕ ਨਹੀਂ ਕਰਾਂਗਾ।"

ਮੁਸਲਮਾਨ ਵਿਚਾਰਕਾਂ ਨੇ ਇੱਕ ਹਜ਼ਾਰ ਸਾਲ ਪਹਿਲਾਂ ਅਸਲ ਗਿਆਨ ਦੇ ਸਿਧਾਂਤ ਨੂੰ ਨਿਸ਼ਚਿਤ ਕਰ ਦਿੱਤਾ ਸੀ। ਉਹ ਸਿਧਾਂਤ ਅੱਜ ਵੀ ਸੱਚ ਹੈ ਅਤੇ ਉਹ ਵਿਗਿਆਨਕ ਦ੍ਰਿਸ਼ਟੀਕੋਣ ਜਿਸ ਤੋਂ ਗਿਆਨ ਸੰਭਵ ਹੁੰਦਾ ਹੈ, ਹੁਣ ਵੀ ਭਾਰਤੀ ਵਿਚਾਰਕਾਂ ਵਿੱਚ ਘੱਟ ਹੀ ਪਾਇਆ ਜਾਂਦਾ ਹੈ, ਜੋ ਅੱਜ 20ਵੀਂ ਸਦੀ ਵਿੱਚ ਅਧਿਆਤਮਕ ਚਮਤਕਾਰਾਂ ਦੇ ਰਹੱਸਾਂ ਵਿੱਚ ਯਕੀਨ ਰੱਖਦੇ ਹਨ। ਇਸ ਤਰ੍ਹਾਂ ਦੇ ਭਰਮਾਊ ਵਿਚਾਰਾਂ ਦੇ ਆਧਾਰ 'ਤੇ ਵਿਗਿਆਨਕ ਗਿਆਨ ਨੂੰ ਚੁਣੌਤੀ ਦਿੱਤੀ ਜਾਂਦੀ ਹੈ।

ਅਲਗਜ਼ਾਲੀ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਗਿਆਨ ਗਣਿਤ ਵਾਂਗ ਪੂਰੀ ਤਰ੍ਹਾਂ ਠੀਕ ਨਹੀਂ ਹੁੰਦਾ ਜਦ ਤਕ ਉਸਨੂੰ ਅਨੁਭਵ ਨਾਲ ਪ੍ਰਾਪਤ ਨਾ ਕੀਤਾ ਜਾਵੇ ਅਤੇ ਅਨੁਭਵ ਦੇ ਨਿਯਮਾਂ ਦਾ ਚੰਗੀ ਤਰ੍ਹਾਂ ਪਾਲਣ ਨਾ ਕੀਤਾ ਜਾਵੇ । ਉਸਦਾ ਇਹ ਮੱਤ ਸੀ ਕਿ ਅਟੁੱਟ ਵਿਸ਼ਵਾਸ ਨੂੰ ਇੰਦ੍ਰਿਆਵੀ ਗਿਆਨ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਤਰਕ ਵਿਚ (ਆਤਮ-ਚੇਤਨਾ) ਇੰਦ੍ਰਿਆਵੀ ਗਿਆਨ ਦੀ ਸੱਚਾਈ ਦੀ ਜਾਂਚ ਕਰਨੀ ਪੈਂਦੀ ਹੈ। ਇਸ ਗੱਲ ਨੂੰ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਧਾਰਮਿਕ ਵਾਤਾਵਰਣ ਵਿੱਚ ਵਿਚਾਰਾਂ ਵਿੱਚ ਐਨੀ ਦਲੇਰੀ ਸੀ ਜਦਕਿ ਚਾਰੇ ਪਾਸੇ ਤੁਅੱਸਬ ਤੇ ਕੱਟੜਤਾ ਦਾ ਵਾਤਾਵਰਣ ਸੀ। ਫਿਰ ਵੀ ਅਲਗਜ਼ਾਲੀ ਦੇ ਵਿਚਾਰਾਂ ਦਾ ਪ੍ਰਚਾਰ ਉਸ ਸਮੇਂ ਦੇ ਸਾਰੇ ਮੁਸਲਿਮ ਦੇਸ਼ਾਂ ਵਿੱਚ ਹੁੰਦਾ ਸੀ। ਦਰਸ਼ਨ ਦੇ ਇਤਿਹਾਸ ਵਿੱਚ ਅਲਗਜ਼ਾਲੀ ਦੇ ਅਹਿਮ ਸਥਾਨ ਦਾ ਵਰਣਨ ਫਰਾਂਸੀਸੀ ਪੂਰਬਵਾਦੀ ਚਿੰਤਕ ਰੈਨਾਂ ਨੇ ਕੀਤਾ ਹੈ ਅਤੇ ਉਸ ਨੇ ਅਲਗਜ਼ਾਲੀ ਨੂੰ ਆਧੁਨਿਕ ਅਨੀਸ਼ਵਰਵਾਦ ਦਾ ਪਿਤਾਮਾ ਕਿਹਾ ਹੈ। ਹਿਊਮ ਨੇ ਇਸ ਤੋਂ ਬਿਨਾਂ ਕੁਝ ਨਹੀਂ ਕਿਹਾ ਜਿੰਨਾਂ ਅਰਬ ਦਾਰਸ਼ਨਿਕ ਨੇ ਕਿਹਾ ਸੀ, ਜਿਸ ਨੇ ਲਗਭਗ ਸੱਤ ਸੌ ਸਾਲ ਪਹਿਲਾਂ ਆਪਣਾ ਸਿਧਾਂਤ ਪੱਕਾ ਕੀਤਾ ਸੀ। ਅਲਗਜ਼ਾਲੀ ਦੇ ਵਿਚਾਰਾਂ ਦਾ ਇਹ ਮਹੱਤਵ ਹੈ ਕਿ ਉਸਦੇ ਵਿਚਾਰਾਂ ਨੂੰ ਹਿਊਮ ਦੇ ਵਿਚਾਰਾਂ ਦੇ ਬਰਾਬਰ ਸਮਝਿਆ ਜਾਂਦਾ ਹੈ, ਜਿਸਦੇ ਸ਼ੰਕਾਵਾਦ ਤੋਂ ਕਾਂਟ ਨੂੰ ਪ੍ਰੇਰਨਾ ਮਿਲੀ ਸੀ। ਕਾਂਟ ਨੇ ਆਲੋਚਨਾਤਮਕ ਦਰਸ਼ਨ ਦਾ ਅਜਿਹਾ ਬੇਰਹਿਮ ਸਿਧਾਂਤ ਪੇਸ਼ ਕੀਤਾ ਜਿਸ ਨੇ ਸਭ ਤਰ੍ਹਾਂ ਦੇ ਅਨੁਮਾਨ ਸੰਬੰਧੀ ਵਿਚਾਰਾਂ ਦੀਆਂ ਜੜ੍ਹਾਂ ਨੂੰ ਹੀ ਖਤਮ ਕਰ ਦਿੱਤਾ। ਪਰ ਅਲਗਜ਼ਾਲੀ ਦੇ ਵਿਚਾਰ ਆਪਣੇ ਸਮੇਂ ਤੋਂ ਕਾਫੀ ਅਗਾਂਹ ਦੇ ਸਨ। ਪ੍ਰਯੋਗਾਤਮਕ-ਵਿਗਿਆਨ, ਜਿਸ ਨੂੰ ਉਸਨੇ ਦੇਖਿਆ ਸੀ, ਨੂੰ ਤਦ ਤੱਕ ਸੱਚ ਸਿੱਧ ਕਰਨਾ ਅਸੰਭਵ ਸੀ। ਤਕਨਾਲੋਜੀ ਦੇ ਆਰੰਭਕ ਵਿਕਾਸ ਦੀ ਅਣਹੋਂਦ ਵਿੱਚ ਕੁਦਰਤ ਦੀਆਂ ਚੀਜ਼ਾਂ ਦਾ ਉਸ ਤਰ੍ਹਾਂ ਦਾ ਗਣਿਤ ਰੂਪੀ ਪ੍ਰਮਾਣ ਨਹੀਂ ਸੀ ਮਿਲ ਸਕਦਾ, ਜਿਸ ਤਰ੍ਹਾਂ ਉਸ ਦਾਰਸ਼ਨਿਕ ਨੇ ਵਿਚਾਰ ਕੀਤਾ ਸੀ। ਇਹੀ ਕਾਰਨ ਹੈ ਕਿ ਆਪਣੇ ਜੀਵਨ ਦੇ ਆਖਰੀ ਸਾਲਾਂ ਵਿੱਚ ਉਸਨੇ ਰਹੱਸਵਾਦ ਵਿੱਚ ਪਨਾਹ ਲਈ, ਪਰ ਉਸਦਾ ਇਹ ਪਤਨ ਕਾਂਟ ਦੇ ਪਤਨ ਵਾਂਗ ਗੌਰਵਹੀਣ ਨਹੀਂ ਸੀ। ਵਸਤੂਗਤ ਰੂਪ ਨਾਲ ਚੀਜ਼ਾਂ ਨੂੰ ਸਾਬਿਤ ਕਰਨ ਨੇ ਯੰਤਰਾਂ ਦੀ ਅਣਹੋਂਦ ਵਿੱਚ ਅਰਬ ਦਾਰਸ਼ਨਿਕ ਦੀ ਉਡਾਰੀ ਦੇ ਖੰਭ ਕੱਟ ਗਏ ਜਦਕਿ ਕਾਂਟ ਨੇ ਖ਼ੁਦ ਹੀ ਆਪਣੀ

ਆਲੋਚਨਾਤਮਕ ਸ਼ਕਤੀ ਨੂੰ ਧੂਮਿਲ ਕਰ ਲਿਆ ਸੀ।

ਅਬੂਬਕਰ 12ਵੀਂ ਸਦੀ ਵਿੱਚ ਹੋਇਆ ਜੋ ਜੋਤਿਸ਼ ਦਾ ਪਹਿਲਾ ਵਿਦਵਾਨ ਸੀ। ਉਸਨੇ ਟੋਲਮੀ ਦੇ ਦੈਵੀ ਹੋਂਦ ਸੰਬੰਧੀ ਵਿਚਾਰਾਂ ਨੂੰ ਅਸਵੀਕਾਰ ਕਰ ਦਿੱਤਾ ਸੀ। ਉਸਨੇ ਪੁਲਾੜ ਦੇ ਨਛੱਤਰ ਮੰਡਲ ਦੀ ਪੱਧਤੀ ਨੂੰ ਵਿਚਾਰਿਆ ਤੇ ਉਨ੍ਹਾਂ ਦੀ ਗਤੀ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਦੀ ਸਹਾਇਤਾ ਨਾਲ ਬਾਅਦ ਵਿੱਚ ਜਿਓਡੋਨੋ ਬਰੂਨੋ, ਗੇਲੈਲੀਓ ਅਤੇ ਕਾਪਰਨਿਕਸ ਦੀਆਂ ਯੁੱਗ ਬਦਲਾਊ ਖੋਜਾਂ ਦਾ ਵਿਕਾਸ ਹੋਇਆ। ਉਸਨੇ ਲਿਖਿਆ ਕਿ "ਉਸਦੇ ਪ੍ਰਬੰਧ ਵਿੱਚ ਸਭ ਗਤੀਆਂ ਨੂੰ ਪ੍ਰਯੋਗਕੀ ਆਧਾਰ 'ਤੇ ਪਰਖਿਆ ਜਾ ਸਕਦਾ ਹੈ। ਸੋ ਉਸ ਵਿੱਚ ਗਲਤੀ ਦੀ ਸੰਭਾਵਨਾ ਨਹੀਂ ਹੈ।" ਅਬੂਬਕਰ ਦੀ ਮੌਤ ਉਸਦੇ ਸਿਧਾਂਤਾਂ ਨੂੰ ਕਿਤਾਬੀ ਰੂਪ ਵਿੱਚ ਲਿਖਣ ਤੋਂ ਪਹਿਲਾਂ ਹੀ ਹੋ ਗਈ ਸੀ। ਉਸਦੇ ਸ਼ਾਗਿਰਦ 'ਅਲ ਫੇਟਰਾਜਿਅਸ' ਨੇ ਉਸਦੀਆਂ ਧਾਰਨਾਵਾਂ ਨੂੰ ਮਕਬੂਲ ਬਣਾਇਆ ਤੇ ਇਹ ਸਿਧਾਂਤ ਸਾਹਮਣੇ ਲਿਆਂਦਾ ਕਿ ਸਾਰੇ ਨਛੱਤਰ ਤੇ ਗ੍ਰਹਿ ਇੱਕ ਨਿਸ਼ਚਿਤ ਗਤੀ 'ਤੇ ਚੱਲਦੇ ਹਨ। ਮੱਧਯੁੱਗ ਵਿੱਚ ਜੋਤਿਸ਼ ਸੰਬੰਧੀ ਉਸਦੇ ਗਿਆਨ ਨੂੰ ਪੁਲਾੜੀ ਜਾਣਕਾਰੀ ਦੇ ਸੰਬੰਧ ਵਿੱਚ ਯੋਗਦਾਨ ਦੇਣ ਲਈ ਅਹਿਮ ਮੰਨਿਆ ਜਾਂਦਾ ਸੀ। ਇਸ ਮੁਸਲਮਾਨ ਦਾਰਸ਼ਨਿਕ ਨੇ ਆਪਣੇ ਮੱਠ ਵਿੱਚ ਬਾਈਬਲ ਦੇ ਸ੍ਰਿਸ਼ਟੀ ਸੰਬੰਧੀ ਵਿਚਾਰਾਂ ਦਾ ਖੰਡਨ ਕੀਤਾ, ਜਿਸ ਦਾ ਪ੍ਰਭਾਵ ਈਸਾਈ ਮੱਤਾਂ ਵਿੱਚ ਵੀ ਹੋਣ ਲੱਗਾ। ਸਿਰਫ ਰੋਜਰ ਬੇਕਨ ਹੀ ਨਹੀਂ, ਬਲਕਿ ਉਸਦੇ ਵਿਰੋਧੀ ਅਲਬਰਟ ਮੈਗਨਸ ਨੇ ਵੀ 'ਅਲ ਫੇਟਰਾਜਿਅਸ' ਦੀ ਜੋਤਿਸ਼ ਦੀ ਪੁਸਤਕ ਦੀ ਦੇਣ ਨੂੰ ਸਵੀਕਾਰ ਕੀਤਾ ਸੀ, ਜਿਸ ਵਿੱਚ ਅਬੂਬਕਰ ਦੇ ਜੋਤਿਸ਼ ਸੰਬੰਧੀ ਸਿਧਾਂਤਾਂ ਦੀ ਵਿਆਖਿਆ ਸੀ।

ਅਬੇਰੋਸ ਦੇ ਦਰਸ਼ਨ ਦੇ ਮੂਲ ਸਿਧਾਂਤਾਂ ਦਾ ਬਾਅਦ ਦੇ ਅਰਬ ਚਿੰਤਕਾਂ ਉਪਰ ਜੋ ਡੂੰਘਾ ਪ੍ਰਭਾਵ ਪਿਆ ਉਸਦੀ ਰੂਪ-ਰੇਖਾ ਦਾ ਉਲੇਖ ਉੱਪਰ ਕੀਤਾ ਜਾ ਚੁੱਕਿਆ ਹੈ। ਇਸਲਾਮੀ ਸੰਸਕ੍ਰਿਤੀ ਦੇ ਇਤਿਹਾਸ ਦੇ ਨਾਜ਼ੁਕ ਮੋੜ 'ਤੇ ਇਹ ਸਭ ਵਾਪਰਿਆ ਸੀ। 12ਵੀਂ ਸਦੀ ਤੱਕ ਉਹ ਸਿਖਰ 'ਤੇ ਪਹੁੰਚ ਚੁੱਕਾ ਸੀ ਤੇ ਪ੍ਰਤਿਕਿਰਿਆਵਾਦੀ ਤਾਕਤਾਂ ਵਧੇਰੇ ਸ਼ਕਤੀਸ਼ਾਲੀ ਹੋ ਚੁੱਕੀਆਂ ਸਨ ਤੇ ਉਨ੍ਹਾਂ ਨੇ ਤਰੱਕੀ ਦਾ ਰਾਹ ਰੋਕ ਦਿੱਤਾ ਸੀ। ਇਸਦੇ ਨਾਲ ਹੀ ਇਸਲਾਮੀ ਸੰਸਕ੍ਰਿਤੀ ਦਾ ਪਤਨ ਆਰੰਭ ਹੋ ਗਿਆ ਸੀ।

ਘੁਮੱਕੜ ਲੋਕਾਂ ਦੇ ਵਿਚਾਰਾਂ ਦੀ ਆਜ਼ਾਦੀ ਦਲੇਰੀ ਦੇ ਸਿਖਰਲੇ ਬਿੰਦੂ 'ਤੇ ਪਹੁੰਚੀ ਸੀ, ਜਿਨ੍ਹਾਂ ਦਾ ਬਾਅਦ ਵਿੱਚ 'ਧਰਮ ਦੇ ਸੈਨਾਪਤੀਆਂ' ਨਾਲ ਟਕਰਾਅ ਹੋਇਆ। ਇਸਲਾਮੀ ਵਿਚਾਰ ਨੇ ਪੰਜ ਸੌ ਸਾਲਾਂ ਵਿੱਚ ਅਸੀਮ ਤਰੱਕੀ ਕੀਤੀ ਅਤੇ ਅਬੇਰੋਸ ਨੇ ਕ੍ਰਾਂਤੀਕਾਰੀ ਸਿਧਾਂਤ ਦਾ ਸਾਰ ਤੱਤ ਇਹ ਕਹਿ ਕੇ ਪ੍ਰਗਟ ਕਰ ਦਿੱਤਾ ਕਿ 'ਸੱਚ ਦਾ ਇੱਕ ਹੀ ਸਰੋਤ ਤਰਕ ਹੈ, ਉਸ ਤੋਂ ਉਲਟ ਕੋਰਡੋਵਾ ਦੇ ਬਾਦਸ਼ਾਹ ਅਲਮਸੂਰ ਨੇ ਮੁਲਾਣਿਆਂ ਦੇ ਪ੍ਰਭਾਵ ਵਿੱਚ ਆ ਕੇ ਇਹ ਫਤਵਾ ਜਾਰੀ ਕੀਤਾ ਕਿ ਉਪਰਲਾ ਕਥਨ ਧਰਮ ਵਿਰੋਧੀ ਹੈ ਤੇ ਅਜਿਹੇ ਵਿਚਾਰ ਰੱਖਣ ਵਾਲਿਆਂ ਨੂੰ ਦੋਜ਼ਖ਼ ਦੀ ਅੱਗ ਵਿੱਚ ਮੱਚਣਾ ਪਵੇਗਾ। ਇਸਲਾਮ ਦੀ ਸ੍ਰੇਸ਼ਠ ਪ੍ਰਾਪਤੀ ਦੀ ਨਿੰਦਾ ਦੇ ਨਾਲ ਹੀ ਮਨੁੱਖੀ

ਵਿਕਾਸ ਦੇ ਹਥਿਆਰ ਦੇ ਰੂਪ ਵਿੱਚ ਉਸਦੀ ਭੂਮਿਕਾ ਸਮਾਪਤ ਹੋ ਗਈ ਤੇ ਉਹ ਪ੍ਰਤੀਕਿਰਿਆ, ਅਸਹਿਣਸ਼ੀਲਤਾ, ਅਗਿਆਨ ਅਤੇ ਭੇਦਭਾਵ ਦਾ ਹਥਿਆਰ ਬਣ ਗਿਆ। ਆਰੰਭ ਵਿੱਚ ਇਸਲਾਮ ਨੇ ਪ੍ਰਾਚੀਨ ਸੰਸਕ੍ਰਿਤੀ ਦੀ ਵਿਰਾਸਤ ਨੂੰ ਦੋ ਸਾਮਰਾਜਾਂ ਤੇ ਦੋ ਧਰਮਾਂ ਦੇ ਹਨੇਰੇ ਖੂਹ ਵਿੱਚੋਂ ਬਾਹਰ ਕੱਢਿਆ ਸੀ ਪਰ ਆਪਣੀ ਇਤਿਹਾਸਕ ਭੂਮਿਕਾ ਪੂਰੀ ਕਰਨ ਤੋਂ ਬਾਅਦ ਇਸਲਾਮ ਨੇ ਆਪਣੇ ਮੂਲ ਸਰੂਪ ਨੂੰ ਛੱਡ ਦਿੱਤਾ ਤੇ ਤੁਰਕੀ ਅਤੇ ਮੰਗੋਲ ਬਰਬਰਤਾ ਦੇ ਕਾਲੇ ਝੰਡੇ ਚੁੱਕਣ ਵਾਲੇ ਹਤਿਆਰੇ ਲੋਕਾਂ ਤੇ ਲੁਟੇਰਿਆਂ ਦਾ ਗਿਰੋਹ ਬਣ ਗਿਆ।

ਇਸਲਾਮ ਨੇ ਆਪਣੀਆਂ ਪ੍ਰਾਪਤੀਆਂ ਨੂੰ ਨਕਾਰ ਦਿੱਤਾ। ਅਬੇਰੋਸ ਨੂੰ ਕੋਰਡੋਵਾ ਦੇ ਦਰਬਾਰ ਵਿੱਚੋਂ ਭਜਾ ਦਿੱਤਾ ਗਿਆ, ਜਿੱਥੇ ਸਦੀਆਂ ਤੋਂ ਸੁਤੰਤਰ ਵਿਚਾਰਾਂ ਦਾ ਇੱਕ ਗੜ੍ਹ ਰਿਹਾ ਸੀ। ਉਸਦੀਆਂ ਕਿਤਾਬਾਂ ਨੂੰ ਸਾੜ ਦਿੱਤਾ ਗਿਆ, ਉਨ੍ਹਾਂ ਨੂੰ ਅੱਗ ਵਿੱਚ ਹੀ ਨਹੀਂ ਸੁੱਟਿਆ ਗਿਆ ਬਲਕਿ ਜ਼ਾਲਮਾਨਾ ਢੰਗ ਨਾਲ ਪ੍ਰਤਿਕਿਰਿਆ ਦੀ ਸਥਾਪਨਾ ਹੋਈ।

ਤਰਕਵਾਦ ਨੂੰ ਧਰਮ ਵਿਰੋਧੀ ਆਚਰਣ ਮੰਨ ਲਿਆ ਗਿਆ। ਅਬੇਰੋਸ ਤੇ ਉਸਦੇ ਗੁਰੂ ਅਰਸਤੂ ਦੇ ਨਾਂਵਾਂ ਨਾਲ ਨਫਰਤ ਕੀਤੀ ਜਾਣ ਲੱਗੀ। ਕੁਝ ਸਮੇਂ ਬਾਅਦ ਪ੍ਰਤਿਕਿਰਿਆ ਦੀ ਅਜਿਹੀ ਜਿੱਤ ਹੋ ਗਈ ਜਿਸ ਵਿੱਚ ਤੁਅੱਸਬੀ ਮੁਸਲਮਾਨਾਂ ਦੀ ਦ੍ਰਿਸ਼ਟੀ ਵਿੱਚ ਦਰਸ਼ਨ ਨੂੰ ਨਾਸਤਿਕਤਾ, ਅਪਵਿੱਤਰਤਾ ਤੇ ਅਨੈਤਿਕਤਾ ਸਮਝਿਆ ਜਾਣ ਲੱਗਾ। ਪਰ ਪੰਜ ਸੌ ਸਾਲਾਂ ਤੱਕ ਅਰਬ ਲੋਕਾਂ ਨੇ ਜੋ ਅਧਿਆਤਮਕ ਤਰੱਕੀ ਕੀਤੀ ਸੀ, ਉਨ੍ਹਾਂ ਨੇ ਉਸਦੇ ਝੰਡੇ ਨੂੰ ਵੀ ਉੱਚਾ ਰੱਖਿਆ ਤੇ ਉਸਨੂੰ ਧਾਰਮਿਕਤਾ ਦੇ ਫਜ਼ੂਲ ਗੁੱਸੇ ਤੇ ਇਸਲਾਮੀ ਅਸਹਿਣਸ਼ੀਲਤਾ ਨਾਲ ਵੀ ਨੀਵਾਂ ਨਹੀਂ ਕੀਤਾ ਜਾ ਸਕਿਆ, ਜਿਹਾ ਕਿ ਈਸਾਈ ਮੱਤ ਨੇ ਪਵਿੱਤਰਤਾ ਦੇ ਪਾਖੰਡ ਦੀ ਆਧਾਰ 'ਤੇ ਪਹਿਲਾਂ ਕੀਤਾ ਸੀ। ਅਬੇਰੋਸ ਦਾ ਸਾਥ ਉਸਦੇ ਆਪਣੇ ਲੋਕਾਂ ਨੇ ਛੱਡ ਦਿੱਤਾ ਪਰ ਭਵਿੱਖ ਵਿੱਚ ਉਸਦਾ ਮਹੱਤਵ ਦੁਬਾਰਾ ਸਥਾਪਤ ਹੋਇਆ। ਧਰਮ ਅਤੇ ਤਰਕ ਦੇ ਭਿਅੰਕਰ ਸੰਘਰਸ਼ ਵਿੱਚ ਬੇਲਗਾਮ ਅਗਿਆਨ ਅਤੇ ਵਿਚਾਰ ਦੀ ਸੁਤੰਰਤਰਾ ਦੇ ਸੰਘਰਸ਼ ਨੇ ਯੂਰਪ ਨੂੰ ਹਿਲਾ ਦਿੱਤਾ ਅਤੇ ਕੈਥੋਲਿਕ ਚਰਚ ਦੀਆਂ ਨੀਹਾਂ ਕੰਬ ਉਠੀਆਂ। 12ਵੀਂ ਸਦੀ ਤੋਂ ਬਾਅਦ ਅਰਬ ਦਾਰਸ਼ਨਿਕਾਂ ਦੀਆਂ ਸਿੱਖਿਆਵਾਂ ਦਾ ਪ੍ਰਸਾਰ ਹੋਇਆ। ਅਬੇਰੋਸ ਤੇ ਅਬੇਰੋਸਵਾਦ ਨੇ ਯੂਰਪ ਦੇ ਵਿਗਿਆਨਕ ਵਿਚਾਰਾਂ ਨੂੰ ਚਾਰ ਸੌ ਸਾਲਾਂ ਤੱਕ ਜੀਵੰਤਤਾ ਪ੍ਰਦਾਨ ਕੀਤੀ।

–0–

ਇਸਲਾਮ ਅਤੇ ਭਾਰਤ

ਜਿਸ ਸਮੇਂ ਇਸਲਾਮ ਦਾ ਭਾਰਤ ਵਿੱਚ ਪ੍ਰਵੇਸ਼ ਹੋਇਆ ਉਸ ਸਮੇਂ ਤਕ ਭਾਵੇਂ ਉਸਦੀ ਪ੍ਰਗਤੀਸ਼ੀਲ ਭੂਮਿਕਾ ਖਤਮ ਹੋ ਚੁੱਕੀ ਸੀ ਅਤੇ ਉਸ ਦੀ ਅਗਵਾਈ ਉੱਪਰ ਵਿਦਵਾਨ ਅਤੇ ਸੱਭਿਅਕ ਅਰਬਾਂ ਦੀ ਥਾਂ 'ਤੇ ਦੂਜੇ ਲੋਕ ਕਾਬਜ਼ ਹੋ ਗਏ ਸਨ, ਪਰ ਉਸਦੇ ਝੰਡੇ ਉੱਪਰ ਆਰੰਭਲੇ ਦੌਰ ਦੇ ਸਿਧਾਂਤ ਤੇ ਨਾਅਰੇ ਹੀ ਲਿਖੇ ਹੋਏ ਸਨ। ਜੇਕਰ ਇਤਿਹਾਸ ਦਾ ਆਲੋਚਨਾਤਮਕ ਅਧਿਐਨ ਕੀਤਾ ਜਾਵੇ ਤਾਂ ਭਾਰਤ ਵਿੱਚ ਮੁਸਲਮਾਨਾਂ ਦੀ ਜਿੱਤ ਸਮੇਂ ਫ਼ਾਰਸ ਅਤੇ ਈਸਾਈ ਦੇਸ਼ਾਂ ਨਾਲ ਭਾਰਤ ਦੀਆਂ ਮੂਲ ਸਥਿਤੀਆਂ ਵੀ ਕਾਫੀ ਹੱਦ ਤੱਕ ਮਿਲਦੀਆਂ-ਜੁਲਦੀਆਂ ਹੀ ਸਨ। ਕੋਈ ਮਹਾਨ ਰਾਸ਼ਟਰ ਜਿਸਦਾ ਇਤਿਹਾਸ ਅਤੇ ਸੱਭਿਅਤਾ ਏਨੀ ਪੁਰਾਣੀ ਹੋਵੇ ਸੌਖੀ ਤਰ੍ਹਾਂ ਬਦੇਸ਼ੀ ਹਮਲਾਵਰਾਂ ਸਾਹਮਣੇ ਤਦ ਤਕ ਗੋਡੇ ਨਹੀਂ ਟੇਕ ਦਿੰਦਾ ਜਦ ਤੱਕ ਹਮਲਾਵਰਾਂ ਦੇ ਨਾਲ ਜਿੱਤੇ ਜਾਣ ਵਾਲੇ ਦੇਸ਼ ਦੇ ਲੋਕਾਂ ਦਾ ਸਮਰਥਨ ਅਤੇ ਹਮਦਰਦੀ ਨਾ ਹੋਵੇ। ਬ੍ਰਾਹਮਣੀ ਵਿਵਸਥਾ ਦੀ ਕਠੋਰਤਾ ਨੇ ਬੁੱਧ ਧਰਮ ਦੀ ਕ੍ਰਾਂਤੀ ਨੂੰ 11ਵੀਂ ਤੇ 12ਵੀਂ ਸਦੀ ਵਿੱਚ ਹੀ ਫਿੱਕੀ ਪਾ ਦਿੱਤਾ ਸੀ। ਬਹੁਤ ਸਾਰੇ ਲੋਕਾਂ ਨੇ ਉਸਨੂੰ ਨਾਸਤਿਕ ਤੇ ਧਰਮ ਵਿਰੋਧੀ ਮੰਨ ਲਿਆ ਤੇ ਉਸ ਨੂੰ ਸਮਾਜ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ। ਉਨ੍ਹਾਂ ਲੋਕਾਂ ਨੇ ਇਸਲਾਮ ਦੇ ਸੰਦੇਸ਼ ਦਾ ਸਵਾਗਤ ਕੀਤਾ।

ਮੁਹੰਮਦ ਬਿਨ ਕਾਸਿਮ ਨੇ ਬ੍ਰਾਹਮਣ ਸ਼ਾਸਕਾਂ ਵੱਲੋਂ ਪੀੜਤ ਜਾਟਾਂ ਤੇ ਹੋਰ ਕੌਮਾਂ ਦੀ ਸਹਾਇਤਾ ਨਾਲ ਸਿੰਧ ਨੂੰ ਜਿੱਤਿਆ ਸੀ। ਉਸਨੇ ਸਿੰਧ ਨੂੰ ਜਿੱਤਣ ਤੋਂ ਬਾਦ ਪੂਰਵਲੇ ਅਰਬ ਜੇਤੂਆਂ ਦੀਆਂ ਨੀਤੀਆਂ ਦੀ ਪੈਰਵੀ ਕੀਤੀ। ਉਸਨੇ ਦੇਸ਼ ਵਿੱਚ ਸ਼ਾਂਤੀ ਸਥਾਪਨਾ ਦੇ ਉਦੇਸ਼ ਨਾਲ ਬ੍ਰਾਹਮਣਾਂ ਨੂੰ ਸਰਕਾਰੀ ਨੌਕਰੀਆਂ ਉੱਪਰ ਨਿਯੁਕਤ ਕੀਤਾ। ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮੰਦਰਾਂ ਦੀ ਮੁਰੰਮਤ ਅਤੇ ਪਹਿਲਾਂ ਵਾਂਗ ਹੀ ਧਰਮ ਦੀ ਪਾਲਣਾ ਲਈ ਆਗਿਆ ਦਿੱਤੀ। ਭੂਮੀ ਦੇ ਲਗਾਨ ਦੀ ਵਸੂਲੀ ਦਾ ਕੰਮ ਵੀ ਉਨ੍ਹਾਂ ਨੂੰ ਹੀ ਸੰਭਾਲਿਆ ਗਿਆ ਤੇ ਉਨ੍ਹਾਂ ਦੀ ਮਦਦ ਨਾਲ ਰਵਾਇਤੀ ਢੰਗ ਦੇ ਸਥਾਨਕ ਲੋਕ ਪ੍ਰਸ਼ਾਸਨ ਨੂੰ ਕਾਇਮ ਰੱਖਿਆ।

(Elliot : History of India)

ਜਦੋਂ ਬ੍ਰਾਹਮਣਾਂ ਵਿੱਚੋਂ ਵੀ ਕੁਝ ਲੋਕ ਕਿਸੇ ਵੀ ਕੀਮਤ 'ਤੇ ਮਲੇਛ ਹਮਲਾਵਰਾਂ

ਦਾ ਸਮਰਥਨ ਕਰਨ ਲਈ ਤਿਆਰ ਹੋ ਗਏ ਹੋਣ ਤਾਂ ਦੇਸ਼ ਦੇ ਸਮਾਜਿਕ ਹਾਲਾਤ ਕਿਵੇਂ ਵੀ ਸਹਿਜ ਨਹੀਂ ਕਹੇ ਜਾ ਸਕਦੇ। ਸਪੱਸ਼ਟ ਤੌਰ 'ਤੇ ਦੇਸ਼ ਉਸ ਸਮੇਂ ਏਨਾ ਜ਼ਿਆਦਾ ਵੰਡਿਆ ਗਿਆ ਸੀ ਤੇ ਉਸ ਵਿੱਚ ਏਨੀ ਅਸ਼ਾਂਤੀ ਫੈਲ ਗਈ ਸੀ ਕਿ ਸਭ ਤੋਂ ਪ੍ਰਭਾਵਸ਼ਾਲੀ ਵਰਗ ਦੇ ਲੋਕ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਸਨ। ਅਜਿਹਾ ਸ਼ਾਇਦ ਉਲਟ ਇਨਕਲਾਬ ਦੇ ਕਾਰਨ ਹੋਇਆ ਸੀ। ਕਈ ਤਾਕਤਾਂ ਦੇ ਮਿਸ਼ਰਣ ਨਾਲ ਕ੍ਰਾਂਤੀ ਨੂੰ ਹਰਾਇਆ ਜਾ ਸਕਦਾ ਹੈ, ਪਰ ਉਲਟ ਇਨਕਲਾਬ ਦੀਆਂ ਇਹ ਜੇਤੂ-ਸ਼ਕਤੀਆਂ ਕ੍ਰਾਂਤੀ ਤੋਂ ਪੈਦਾ ਹੋਈ ਸਮਾਜਿਕ ਵੰਡ ਦੇ ਕਾਰਨਾਂ ਨੂੰ ਮਿਟਾ ਨਹੀਂ ਸਕਦੀਆਂ। ਭਾਰਤ ਵਿੱਚ ਬੁੱਧ ਕ੍ਰਾਂਤੀ ਨੂੰ ਹਰਾਇਆ ਨਹੀਂ ਗਿਆ ਸੀ, ਬਲਕਿ ਉਸਦਾ ਪਤਨ ਉਸਦੀਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਹੋਇਆ ਸੀ। ਕ੍ਰਾਂਤੀ ਦੀਆਂ ਸਮਰਥਕ ਸਮਾਜਿਕ ਸ਼ਕਤੀਆਂ ਏਨੀਆਂ ਮਜ਼ਬੂਤ ਨਹੀਂ ਸਨ ਕਿ ਉਹ ਕ੍ਰਾਂਤੀ ਦੀ ਸਫਲਤਾ ਨੂੰ ਬਰਕਰਾਰ ਰੱਖ ਸਕਦੀਆਂ। ਨਤੀਜਨ ਬੁੱਧ ਧਰਮ ਦਾ ਪਤਨ ਹੋ ਗਿਆ ਅਤੇ ਦੇਸ਼ ਵਿੱਚ ਆਰਥਿਕ ਤਬਾਹੀ, ਰਾਜਸੀ ਦਮਨ ਅਤੇ ਬੌਧਿਕ ਅਰਾਜਕਤਾ ਦੇ ਨਾਲ ਨਾਲ ਅਧਿਆਤਮਕ ਸੰਕਟ ਪੈਦਾ ਹੋ ਗਿਆ। ਵਿਹਾਰਕ ਰੂਪ ਵਿੱਚ ਸਮੁੱਚਾ ਸਮਾਜ ਪਤਨ ਅਤੇ ਸਮਾਜਿਕ ਵੰਡਾਰੇ ਦੀ ਦੁਖਦਾਈ ਪ੍ਰਕਿਰਿਆ ਹੰਢਾ ਰਿਹਾ ਸੀ। ਇਹੀ ਕਾਰਨ ਹੈ ਕਿ ਕੇਵਲ ਸ਼ੋਸ਼ਿਤ ਵਰਗ ਜਾਂ ਪੀੜਤ ਲੋਕ ਹੀ ਇਸਲਾਮ ਦੇ ਝੰਡੇ ਥੱਲੇ ਨਹੀਂ ਗਏ ਜਿਨ੍ਹਾਂ ਨੂੰ ਇਸਲਾਮ ਨੇ ਸਮਾਜਿਕ ਅਤੇ ਰਾਜਸੀ ਬਰਾਬਰੀ ਦੇ ਅਧਿਕਾਰ ਦਿੱਤੇ, ਬਲਕਿ ਉੱਚ ਵਰਗਾਂ ਦੇ ਲੋਕਾਂ ਨੇ ਆਪਣੇ ਸਵਾਰਥ-ਸਾਧਨਾਂ ਲਈ ਆਪਣੀਆਂ ਸੇਵਾਵਾਂ ਇਸਲਾਮੀ ਸੈਨਾਪਤੀਆਂ ਨੂੰ ਪ੍ਰਦਾਨ ਕੀਤੀਆਂ। ਇਸ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਸਧਾਰਨ ਲੋਕ ਪੂਰੀ ਤਰ੍ਹਾਂ ਨਿਰਾਸ਼ ਸਨ ਤੇ ਉੱਚੇ ਤਬਕੇ ਦੇ ਲੋਕ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੇ ਸਨ।

ਹਿੰਦੂ ਸੱਭਿਆਚਾਰ ਦੇ ਵੱਡੇ ਸਮਰਥਕ ਹਾਵੇਲ ਨੇ, ਜਿਸ ਦੇ ਵਿਰੁੱਧ ਮੁਸਲਮਾਨਾਂ ਦੇ ਪ੍ਰਸ਼ੰਸਕ ਹੋਣ ਦਾ ਮਿਹਣਾ ਨਹੀਂ ਹੈ, ਭਾਰਤ ਵਿੱਚ ਇਸਲਾਮ ਦੇ ਪ੍ਰਚਾਰ ਦੇ ਸੰਬੰਧ ਵਿੱਚ ਲਿਖਿਆ ਹੈ, 'ਜਿਨ੍ਹਾਂ ਲੋਕਾਂ ਨੇ ਇਸਲਾਮ ਧਰਮ ਸਵੀਕਾਰ ਕੀਤਾ, ਉਨ੍ਹਾਂ ਨੂੰ ਮੁਸਲਮਾਨ ਨਾਗਰਿਕਾਂ ਵਾਲੇ ਸਾਰੇ ਅਧਿਕਾਰ ਅਦਾਲਤਾਂ ਵਿੱਚ ਮਿਲੇ, ਜਿਨ੍ਹਾਂ ਵਿਚ ਕੁਰਆਨ ਦੇ ਆਧਾਰ 'ਤੇ ਨਿਯਮ-ਕਾਨੂੰਨ ਚਲਦੇ ਸਨ ਅਤੇ ਉਨ੍ਹਾਂ ਵਿੱਚ ਆਰੀਆ ਦੇ ਕਾਨੂੰਨ ਅਤੇ ਪਰੰਪਰਾਵਾਂ ਦੇ ਆਧਾਰ 'ਤੇ ਵਿਵਾਦਾਂ ਉਪਰ ਵਿਚਾਰ ਨਹੀਂ ਕੀਤਾ ਜਾਂਦਾ ਸੀ। ਹਿੰਦੂਆਂ ਦੀਆਂ ਉਨ੍ਹਾਂ ਨੀਵੀਆਂ ਜਾਤਾਂ 'ਤੇ ਇਨ੍ਹਾਂ ਗੱਲਾਂ ਦਾ ਬੜਾ ਪ੍ਰਭਾਵ ਪਿਆ, ਜਿਨ੍ਹਾਂ ਨੂੰ ਬ੍ਰਾਹਮਣੀ ਤੰਤਰ ਦੇ ਕਾਨੂੰਨਾਂ ਦੁਆਰਾ ਪੀੜਤ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਜਾਤੀਆਂ ਨੂੰ ਅਛੂਤ, ਅਪਵਿੱਤਰ ਅਤੇ ਸ਼ੂਦਰ ਕਹਿ ਕੇ ਤ੍ਰਿਸਕਾਰਿਆ ਜਾਂਦਾ ਸੀ। (Aryan Rule in India)

ਜਿਹੜੇ ਲੋਕ ਬ੍ਰਾਹਮਣੀ ਤੰਤਰ ਨੂੰ ਸਰਵੋਤਮ ਅਤੇ ਸੰਪੂਰਨ ਮੰਨਦੇ ਹਨ, ਉਨ੍ਹਾਂ ਲਈ ਉਪਰਲੀ ਆਲੋਚਨਾ ਪ੍ਰਸ਼ੰਸਾਮਈ ਨਹੀਂ ਕਹੀ ਜਾਵੇਗੀ। ਜੋ ਵੀ ਹੋਵੇ, ਇਹ

ਸਪੱਸ਼ਟ ਹੈ ਕਿ ਮੁਸਲਮਾਨਾਂ ਦੇ ਹਮਲੇ ਸਮੇਂ ਭਾਰਤ ਵਿੱਚ ਬਹੁਤ ਸਾਰੇ ਲੋਕ ਐਸੇ ਸਨ ਜੋ ਹਿੰਦੂ ਧਰਮ ਅਤੇ ਕਠੋਰ ਬ੍ਰਾਹਮਣੀ ਪਰੰਪਰਾ ਪ੍ਰਤਿ ਵਿਸ਼ਵਾਸ ਨਹੀਂ ਰੱਖਦੇ ਸਨ ਅਤੇ ਇਸਲਾਮ ਦੇ ਸਮਾਨਤਾ ਵਾਲੇ ਕਾਨੂੰਨ ਪ੍ਰਾਪਤ ਕਰਨ ਲਈ ਆਪਣੀ ਵਿਰਾਸਤ ਛੱਡਣ ਲਈ ਤਿਆਰ ਸਨ। ਇਸਲਾਮ ਦੇ ਜੇਤੂਆਂ ਨੇ ਹਿੰਦੂ-ਪ੍ਰਤੀਕਿਰਿਆ ਦੇ ਅੱਤਿਆਚਾਰਾਂ ਤੋਂ ਪੀੜਤ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ।

ਇੱਕ ਹੋਰ ਜਗ੍ਹਾ ਹਾਵੇਲ ਨੇ ਅਰਬ ਮਸੀਹਾ ਹਜ਼ਰਤ ਮੁਹੰਮਦ ਦੀਆਂ ਸਿੱਖਿਆਵਾਂ ਦੇ ਅਧਿਆਤਮਕ ਮੁੱਲਾਂ ਦੀ ਨਿੰਦਾ ਕੀਤੀ ਹੈ। ਪਰ ਭਾਰਤ ਵਿੱਚ ਉਸਦੇ ਪ੍ਰਚਾਰ ਦੇ ਸੰਬੰਧ ਵਿੱਚ ਮਹੱਤਵਪੂਰਨ ਬਿਆਨ ਦਿੱਤਾ ਹੈ। 'ਇਸਲਾਮ ਦੇ ਦਰਸ਼ਨ' ਦੇ ਕਾਰਨ ਹੀ ਨਹੀਂ ਉਸਦੀ ਸਮਾਜਕਤਾ ਸੰਬੰਧੀ ਪਹੁੰਚ ਦੇ ਕਾਰਨ ਭਾਰਤ ਦੇ ਬਹੁਤ ਸਾਰੇ ਲੋਕਾਂ ਨੇ ਉਸਨੂੰ ਸਵੀਕਾਰ ਕੀਤਾ। ਬਿਨਾਂ ਸ਼ੱਕ ਸਧਾਰਨ ਲੋਕਾਂ ਨੂੰ ਉਸਦੇ ਦਰਸ਼ਨ ਨਾਲ ਵਧੇਰੇ ਵਾਸਤਾ ਨਹੀਂ ਸੀ। ਉਹ ਉਸਦੀ ਸਮਾਜਿਕ ਪਹੁੰਚ ਪ੍ਰਤਿ ਆਕਰਸ਼ਿਤ ਹੋਏ ਜਿਸ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਧਾਰਨ ਦਾ ਮੌਕਾ ਮੁਹੱਈਆ ਕੀਤਾ। ਕਿਸੇ ਖ਼ਰਾਬ ਦਰਸ਼ਨ ਭਾਵ ਪ੍ਰਤਿਕਿਰਿਆਵਾਦੀ ਦ੍ਰਿਸ਼ਟੀਕੋਣ ਦਾ ਸੰਬੰਧ ਐਸੀ ਸਮਾਜਿਕ ਪਹੁੰਚ ਨਾਲ ਨਹੀਂ ਹੋ ਸਕਦਾ ਜੋ ਪੀੜਤ ਜਨਤਾ ਦਾ ਸਮਰਥਨ ਪ੍ਰਾਪਤ ਕਰ ਸਕੇ। ਅਜਿਹਾ ਇਸ ਲਈ ਹੋਇਆ ਕਿ ਇਸਲਾਮ ਦੀ ਸਮਾਜਿਕ ਪਹੁੰਚ ਦੇ ਪਿੱਛੇ ਉਸਦਾ ਦਰਸ਼ਨ ਸੀ ਜੋ ਹਿੰਦੂ ਦਰਸ਼ਨ ਨਾਲੋਂ ਵਧੀਆ ਸੀ। ਹਿੰਦੂ ਦਰਸ਼ਨ ਸਮਾਜਕ ਵੰਡਾਰੇ ਅਤੇ ਅਰਾਜਕਤਾ ਲਈ ਜ਼ਿੰਮੇਵਾਰ ਸੀ ਤੇ ਇਸਲਾਮ ਨੇ ਭਾਰਤੀ ਪੀੜਤ ਜਨਤਾ ਨੂੰ ਉਸ ਤੋਂ ਛੁਟਕਾਰਾ ਦਿਵਾਇਆ। ਇਸ ਬਿਆਨ ਰਾਹੀਂ ਹਾਵੇਲ ਨੇ ਇਹ ਸਵੀਕਾਰ ਕੀਤਾ ਕਿ ਤੇਰ੍ਹਵੀਂ ਅਤੇ ਚੌਦਵੀਂ ਸਦੀ ਵਿੱਚ ਇਸਲਾਮ ਨੂੰ ਭਾਰਤ ਵਿੱਚ ਸਫਲਤਾ ਮਿਲੀ ਤੇ ਜਦ ਉਹ ਆਪਣੀ ਮੂਲ ਕ੍ਰਾਂਤੀਕਾਰੀ ਭੂਮਿਕਾ ਛੱਡ ਚੁੱਕਿਆ ਸੀ ਉਸ ਸਮੇਂ ਵੀ ਆਪਣੇ ਸਮਾਜਿਕ ਇਨਕਲਾਬੀ ਸੁਭਾਅ ਕਰਕੇ ਉਸ ਨੇ ਭਾਰਤ ਵਿੱਚ ਆਪਣੀਆਂ ਜੜ੍ਹਾਂ ਜਮਾ ਲਈਆਂ ਸਨ। ਕਹਿਣ ਤੋਂ ਭਾਵ ਇਹ ਹੈ ਕਿ ਆਪਣੇ ਪਤਨ ਦੀ ਹਾਲਤ ਵਿੱਚ ਵੀ ਇਸਲਾਮ ਨੇ ਅਧਿਆਤਮਕ, ਸਿਧਾਂਤਕ ਅਤੇ ਸਮਾਜਿਕ ਤਰੱਕੀ ਦੀ ਨੁਮਾਇੰਦਗੀ ਕੀਤੀ ਜੋ ਹਿੰਦੂਆਂ ਦੇ ਜੜ੍ਹ ਸਿਧਾਂਤਾਂ ਦੇ ਮੁਕਾਬਲੇ ਵਧੇਰੇ ਪ੍ਰਗਤੀਸ਼ੀਲ ਸੀ।

ਹਾਵੇਲ ਭਾਰਤੀ ਯੂਰਪੀ ਸੱਭਿਅਤਾ ਦੇ ਪ੍ਰਸ਼ੰਸਕ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਹ ਇਸ ਸੱਭਿਅਤਾ ਨੂੰ ਸੰਪੂਰਨ ਮਨੁੱਖ ਚੇਤਨਾ ਦਾ ਸਭ ਤੋਂ ਉਤਮ ਰੂਪ ਮੰਨਦਾ ਹੈ। ਦੂਜੇ ਪਾਸੇ ਉਹ ਮੁਸਲਮਾਨਾਂ ਦਾ ਸਖਤ ਆਲੋਚਕ ਸੀ। ਉਸਦੇ ਵਿਚਾਰਾਂ ਵਿਰੁੱਧ ਇਹ ਆਰੋਪ ਹਰਗਿਜ਼ ਨਹੀਂ ਲਾਇਆ ਜਾ ਸਕਦਾ ਕਿ ਉਹ ਹਿੰਦੂਆਂ ਦੇ ਵਿਰੁੱਧ ਸੀ। ਸੱਚ ਇਹ ਹੈ ਕਿ ਉਹ ਹਿੰਦੂਆਂ ਦਾ ਪੱਖਪਾਤੀ ਸੀ। ਇਸ ਲਈ ਜਦ ਇਤਿਹਾਸਕਾਰ ਦੇ ਰੂਪ ਵਿੱਚ ਉਸਨੂੰ ਭਾਰਤ ਦੇ ਅਤੀਤ ਵਿੱਚ ਅਜਿਹੇ ਘਿਰਣਾਜਨਕ ਤੱਥ ਮਿਲੇ, ਜਿਸ ਸਮੇਂ ਦੇਸ਼ ਦੀ ਹਾਲਤ ਖਰਾਬ ਸ., ਤਾਂ ਉਸ ਨੇ ਇਸਦੀ ਸਖਤ ਨਿੰਦਾ ਨਹੀਂ ਕੀਤੀ। ਉਸਨੇ ਲਿਖਿਆ-"ਭਾਰਤ ਵਿੱਚ ਇਸਲਾਮ ਦੀ ਜਿੱਤ ਦੇ ਕਾਰਨ ਬਾਹਰੀ ਨਹੀਂ ਸਨ। ਉਨ੍ਹਾਂ

ਦਾ ਕਾਰਨ ਮੁੱਖ ਰੂਪ ਵਿੱਚ ਇਹ ਸੀ ਕਿ 'ਆਰੀਆਵਰਤ' ਵਿੱਚ ਰਾਜਸੀ ਪਤਨ ਦੀ ਅਜਿਹੀ ਸਥਿਤੀ ਸੀ ਜੈਸੀ ਹਰਸ਼ ਦੀ ਮੌਤ ਤੋਂ ਬਾਅਦ ਵੀ ਸੀ...ਇਸਲਾਮ ਦੇ ਮਸੀਹਾ ਦੇ ਸਮਾਜਿਕ ਪ੍ਰੋਗਰਾਮ ਵਿੱਚ ਇਸਲਾਮ ਦੇ ਵਿਸ਼ਵਾਸ ਕਰਨ ਵਾਲੇ ਲੋਕਾਂ ਨੂੰ ਬਰਾਬਰ ਅਧਿਆਤਮਕ ਦਰਜਾ ਦਿੱਤਾ ਗਿਆ। ਇਸ ਨਾਲ ਇਸਲਾਮ ਨੇ ਰਾਜਸੀ ਅਤੇ ਸਮਾਜਿਕ ਸੁਮੇਲ ਸਥਾਪਤ ਕੀਤਾ ਅਤੇ ਇਸ ਨਾਲ ਉਸਦਾ ਸਾਮਰਾਜਵਾਦੀ ਟੀਚਾ ਪੂਰਾ ਹੋਇਆ। ਇਸਲਾਮ ਵਿੱਚ ਜੀਵਨ ਦੇ ਵਿਹਾਰ ਨਾਲ ਔਸਤ ਆਦਮੀ ਨੂੰ ਖੁਸ਼ੀ ਪ੍ਰਦਾਨ ਕਰਨ ਦਾ ਕਾਫੀ ਚੰਗਾ ਪ੍ਰਬੰਧ ਸੀ, ਜਿਸ ਨਾਲ ਉਸਨੂੰ ਤਸੱਲੀ ਮਿਲੀ ਸੀ। ਭਾਰਤ ਵਿੱਚ ਇਸਲਾਮ ਉਸ ਸਮੇਂ ਸਿਖਰਲੇ ਰੂਪ ਵਿੱਚ ਪ੍ਰਗਟ ਹੋਇਆ ਜਦ ਬੁੱਧ ਦਰਸ਼ਨ ਅਤੇ ਪਿਛਾਂਹਖਿੱਚੂ ਬ੍ਰਾਹਮਣਵਾਦ ਦੇ ਸੰਘਰਸ਼ ਕਰਕੇ ਦੇਸ਼ ਵਿੱਚ ਸੰਕਟ ਪੈਦਾ ਹੋ ਗਿਆ ਸੀ। ਉਸਦੇ ਕਾਰਨ ਪੂਰੇ ਉੱਤਰੀ ਭਾਰਤ ਵਿੱਚ ਰਾਜਨੀਤਕ ਮੱਤਭੇਦ ਪੈਦਾ ਹੋ ਗਏ ਸਨ।

(Havel)-Aryan Rule In India)

ਰਾਜਾ ਹਰਸ਼ਵਰਧਨ ਦੀ ਮੌਤ ਸੱਤਵੀਂ ਸਦੀ ਦੇ ਅੱਧ ਵਿੱਚ ਹੀ ਹੋ ਗਈ ਸੀ। ਇਸ ਤਰ੍ਹਾਂ ਭਾਰਤ ਦਾ ਰਾਜਨੀਤਕ-ਵੰਡਾਰਾ ਇਸਲਾਮ ਦੇ ਉਭਾਰ ਦੇ ਨਾਲ ਸਮਾਨਅੰਤਰ ਰੂਪ ਵਿੱਚ ਚੱਲ ਰਿਹਾ ਸੀ। ਕੋਈ ਵੀ ਬਾਦਸ਼ਾਹ ਚਾਹੇ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਉਸਦੀ ਮੌਤ ਨਾਲ ਇਤਿਹਾਸ ਵਿੱਚ ਮੋੜ ਨਹੀਂ ਆਉਂਦਾ। ਵੰਡਾਰੇ ਦੀ ਪ੍ਰਕਿਰਿਆ ਉਸ ਤੋਂ ਪਹਿਲਾਂ ਕਈ ਸਦੀਆਂ ਤੋਂ ਚੱਲ ਰਹੀ ਸੀ। ਬੁੱਧ ਧਰਮ ਨੇ ਉਸਨੂੰ ਕੁਝ ਸਮੇਂ ਲਈ ਰੋਕ ਦਿੱਤਾ ਸੀ ਪਰ ਉਸਦੇ ਪਤਨ ਤੋਂ ਬਾਅਦ ਵੰਡਾਰੇ ਦੀ ਉਹ ਪ੍ਰਕਿਰਿਆ ਤੇਜ਼ ਹੋਈ ਅਤੇ ਅੱਗੇ ਵਧੀ। ਬਿਨਾਂ ਸ਼ੱਕ ਬੁੱਧ ਧਰਮ ਦੇ ਮੱਠਾਂ ਦਾ ਪਤਨ ਹੋਇਆ ਤੇ ਉਸ ਦਾ ਸਮੁੱਚੇ ਭਾਰਤੀ ਸਮਾਜ ਉੱਪਰ ਤਬਾਹਕਾਰੀ ਪ੍ਰਭਾਵ ਪਿਆ। ਇਸ ਨਾਲ ਮੁਸਲਮਾਨਾਂ ਦੀ ਜਿੱਤ ਨੂੰ ਸਹਾਇਤਾ ਮਿਲੀ, ਜਿਸ ਤਰ੍ਹਾਂ ਹੋਰ ਦੇਸ਼ਾਂ ਵਿੱਚ ਈਸਾਈ ਮੱਠਾਂ ਦੇ ਪਤਨ ਤੋਂ ਬਾਅਦ ਉੱਥੇ ਵਾਪਰਿਆ ਸੀ।

ਮਹਿਮੂਦ ਗ਼ਜ਼ਨਵੀ ਦੇ ਹਮਲੇ ਦੀ ਸੰਬੰਧ ਵਿੱਚ ਹਾਵੇਲ ਆਪਣੇ ਵਿਚਾਰ ਪੇਸ਼ ਕਰਦਾ ਲਿਖਦਾ ਹੈ-"ਉਸਦੀਆਂ ਸੈਨਾਵਾਂ ਨੂੰ ਲਗਭਗ ਹਰ ਜਗ੍ਹਾ ਜਿੱਤ ਪ੍ਰਾਪਤ ਹੋਈ, ਇਸ ਨਾਲ ਉਸਦਾ ਮਾਣ ਬਹੁਤ ਵਧ ਗਿਆ ਤੇ ਉਸਦੇ ਪ੍ਰਭਾਵ ਵਿੱਚ ਪੱਛਮ-ਉੱਤਰ ਦੀਆਂ ਅਨੇਕ ਲੜਾਕੂ ਜਾਤੀਆਂ ਨੇ ਇਸਲਾਮ ਸਵੀਕਾਰ ਕਰ ਲਿਆ। ਉਨ੍ਹਾਂ ਲਈ ਜੰਗ ਲੜਨਾ ਅਤੇ ਜਿੱਤ ਹਾਸਲ ਕਰਨਾ ਹੀ ਧਰਮ ਸੀ। ਜੰਗ ਦੇ ਮੈਦਾਨ ਵਿੱਚ ਜਿੱਤ ਪ੍ਰਾਪਤ ਕਰਨਾ ਉਨ੍ਹਾਂ ਲਈ ਇਸਲਾਮ ਧਰਮ ਦੀ ਸਭ ਤੋਂ ਵੱਡੀ ਪ੍ਰੇਰਨਾ ਦਾ ਸਬੂਤ ਬਣਿਆ।

(Havel)-Aryan Rule In India)

ਮਹਿਮੂਦ ਦੇ ਹਮਲਿਆਂ ਨਾਲ ਹਿੰਦੂ ਦੇਵਤਿਆਂ ਦੇ ਤੀਰਥ ਸਥਾਨ ਟੁੱਟ ਗਏ ਜਿੱਥੇ ਅਤੀਤ ਤੋਂ ਹੀ ਭਗਤ ਪੂਜਾ ਸਮੇਂ ਚੜ੍ਹਾਵਾ ਦਿੰਦੇ ਸਨ। ਇਨ੍ਹਾਂ ਹਮਲਿਆਂ ਦੇ ਫਲਸਰੂਪ ਉਨ੍ਹਾਂ ਦੇਵੀ-ਦੇਵਤਿਆਂ ਉੱਪਰ ਯਕੀਨ ਕਰਨ ਵਾਲੇ ਧਰਮ ਨੂੰ ਡੂੰਘਾ ਧੱਕਾ

ਲੱਗਾ ਤੇ ਉਨ੍ਹਾਂ ਦੇ ਵਿਸ਼ਵਾਸ ਟੁੱਟ ਗਏ। ਉਨ੍ਹਾਂ ਸਥਿਤੀਆਂ ਵਿੱਚ ਸਾਧਾਰਨ ਧਾਰਮਿਕ ਭਾਵਨਾਵਾਂ ਅਤੇ ਅਧਿਆਤਮਕ ਰੁਚੀਆਂ ਵਾਲੀ ਜਨਤਾ ਨੇ ਆਪਣੇ ਸ਼ਕਤੀਹੀਣ ਦੇਵਤਿਆਂ ਉੱਪਰ ਜਿੱਤ ਪ੍ਰਾਪਤ ਕਰਨ ਵਾਲੇ ਧਰਮ ਨੂੰ ਸਵੀਕਾਰ ਕਰ ਲਿਆ ਅਤੇ ਨਵੇਂ ਧਰਮ ਨੂੰ ਸਵੀਕਾਰ ਕਰਨ ਦਾ ਉਨ੍ਹਾਂ ਨੂੰ ਲਾਭ ਵੀ ਬਹੁਤ ਹੋਇਆ। ਕਈ ਯੁੱਗਾਂ ਤੋਂ ਲੱਖਾਂ ਲੋਕ ਥਾਨੇਸ਼ਵਰ, ਮਥਰਾ ਅਤੇ ਸੋਮਨਾਥ ਦੇ ਦੇਵਤਿਆਂ ਦੀ ਦੈਵੀ ਅਤੇ ਅਧਿਆਤਮਕ ਤਾਕਤ 'ਤੇ ਯਕੀਨ ਕਰਦੇ ਸਨ। ਉਨ੍ਹਾਂ ਦੇ ਪੁਜਾਰੀਆਂ ਨੇ ਅਸੀਮਤ ਜਾਇਦਾਦ ਧਨ ਇਕੱਠਾ ਕਰ ਲਿਆ ਸੀ, ਕਿਉਂਕਿ ਉਨ੍ਹਾਂ ਨੇ ਲੋਕਾਂ ਵਿੱਚ ਇਸ ਵਹਿਮ ਨੂੰ ਵਧਾਇਆ ਸੀ ਕਿ ਉਹ ਲੋਕ ਸ਼ਰਧਾਲੂਆਂ ਲਈ ਦੇਵਤਿਆਂ ਦੀ ਕਿਰਪਾ ਪ੍ਰਾਪਤ ਕਰ ਲੈਣਗੇ। ਇਸਲਾਮੀ ਹਮਲੇ ਨਾਲ ਅਚਾਨਕ ਵਿਸ਼ਵਾਸ ਤੇ ਪਰੰਪਰਾ ਦਾ ਉਹ ਮਹਿਲ ਕੱਚੇ ਭਵਨ ਵਾਂਗ ਚਰਮਰਾ ਕੇ ਟੁੱਟ ਗਿਆ। ਜਦ ਮਹਿਮੂਦ ਦੀਆਂ ਫੌਜਾਂ ਮੰਦਿਰ ਕੋਲ ਪਹੁੰਚੀਆਂ ਤੇ ਪੁਜਾਰੀਆਂ ਨੇ ਲੋਕਾਂ ਨੂੰ ਸਮਝਾਇਆ ਕਿ ਦੇਵਤੇ ਹਮਲਾਵਰਾਂ ਨੂੰ ਤਬਾਹ ਕਰ ਦੇਣਗੇ। ਲੋਕ ਇਸ ਰਹੱਸ ਨੂੰ ਦੇਖਣ ਦੀ ਉਡੀਕ ਕਰ ਰਹੇ ਸਨ, ਪਰ ਅਜਿਹਾ ਹੋਇਆ ਨਹੀਂ। ਅਸਲ ਵਿੱਚ ਈਸ਼ਵਰ (ਅੱਲਾਹ) ਨੇ ਹਮਲਾਵਰਾਂ ਨੂੰ ਜਿੱਤ ਬਖਸ਼ੀ। ਰਹੱਸਾਂ ਅਤੇ ਵਹਿਮਾਂ 'ਤੇ ਯਕੀਨ ਕਰਨ ਵਾਲੇ ਲੋਕ ਵੱਡੇ ਅਤੇ ਤਾਕਤਵਰ ਉੱਪਰ ਵਿਸ਼ਵਾਸ ਕਰਨ ਲੱਗਦੇ ਹਨ। ਧਰਮ ਦੇ ਸਾਰੇ ਪ੍ਰਵਾਨਤ ਮਾਪਦੰਡਾਂ ਨਾਲ ਜਿਨ੍ਹਾਂ ਲੋਕਾਂ ਨੇ ਇਸਲਾਮ ਨੂੰ ਉਸ ਸੰਕਟ ਦੀ ਘੜੀ ਵਿੱਚ ਸਵੀਕਾਰ ਕੀਤਾ ਉਹ ਜ਼ਿਆਦਾ ਧਾਰਮਿਕ ਲੋਕ ਹੀ ਸਨ।

ਭਾਰਤ ਵਿੱਚ ਮੁਸਲਮਾਨਾਂ ਦੀ ਜਿੱਤ ਦੇ ਅੰਦਰੂਨੀ ਅਤੇ ਬਾਹਰੀ ਕਾਰਨਾਂ ਨੂੰ ਜਾਂਚਣਾ, ਅੱਜ ਦੇ ਯੁੱਗ ਵਿੱਚ ਵਿਹਾਰਕਤਾ ਵਾਲੀ ਗੱਲ ਹੈ। ਇਸ ਤਰ੍ਹਾਂ ਦੀ ਜਾਂਚ ਨਾਲ ਕੱਟੜ ਹਿੰਦੂ ਨੂੰ ਆਪਣੇ ਗਵਾਂਢੀ ਮੁਸਲਮਾਨ ਨੂੰ ਨੀਵੇਂ ਦਰਜੇ ਦਾ ਵਿਅਕਤੀ ਸਮਝਣ ਦੀ ਪੱਖਪਾਤੀ ਦ੍ਰਿਸ਼ਟੀ ਤੋਂ ਛੁਟਕਾਰਾ ਮਿਲੇਗਾ। ਹਿੰਦੂ ਪੁਰਾਣੇ ਪ੍ਰਚਲਿਤ ਵਿਚਾਰਾਂ ਨੂੰ ਛੱਡ ਕੇ ਮੁਸਲਮਾਨਾਂ ਦੀ ਭਾਰਤ ਉੱਪਰ ਜਿੱਤ ਦਾ ਰਚਨਾਤਮਕ ਪ੍ਰਭਾਵ ਸਮਝ ਸਕਣ ਵਿੱਚ ਸਫਲ ਹੋਵੇਗਾ। ਇਸ ਨਾਲ ਹਾਰੇ ਹੋਏ ਦੀ ਜੇਤੂ ਪ੍ਰਤਿ ਨਫ਼ਰਤ ਤੋਂ ਵੀ ਉਹ ਆਪਣੇ ਆਪ ਨੂੰ ਮੁਕਤ ਕਰ ਸਕੇਗਾ। ਜਦ ਤਕ ਵਿਹਾਰ ਵਿੱਚ ਇਸ ਤਰ੍ਹਾਂ ਦੀ ਤਬਦੀਲੀ ਨਹੀਂ ਹੋਵੇਗੀ ਇਤਿਹਾਸ ਦਾ ਨਿਰਪੱਖ ਅਧਿਐਨ ਨਹੀਂ ਹੋ ਸਕੇਗਾ ਨਾ ਹੀ ਸੰਪਰਦਾਇਕ ਸਮੱਸਿਆ ਨੂੰ ਸੁਲਝਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਹਿੰਦੂ ਵਿਅਕਤੀ ਮੁਸਲਮਾਨਾਂ ਨੂੰ ਭਾਰਤੀ ਰਾਸ਼ਟਰੀਅਤਾ ਦਾ ਹਿੱਸਾ ਨਹੀਂ ਮੰਨ ਸਕੇਗਾ ਤੇ ਜਦ ਤਕ ਉਹ ਇਹ ਨਹੀਂ ਮੰਨ ਲੈਣਗੇ ਕਿ ਪ੍ਰਾਚੀਨ ਭਾਰਤੀ ਸੱਭਿਅਤਾ ਦੀ ਤਬਾਹੀ ਅਤੇ ਵੰਡਾਰੇ ਤੋਂ ਬਾਅਦ ਦੇ ਸੰਕਟਾਂ ਨੂੰ ਇਸਲਾਮ ਨੇ ਹੱਲ ਕੀਤਾ ਤਦ ਤੱਕ ਉਹ ਇਸਲਾਮ ਦੇ ਮਹੱਤਵ ਨੂੰ ਸਵੀਕਾਰ ਨਹੀਂ ਕਰ ਸਕਣਗੇ। ਨਾਲ ਹੀ ਇਤਿਹਾਸ ਦੇ ਸਹੀ ਅਧਿਐਨ ਨਾਲ ਮੁਸਲਮਾਨਾਂ ਦੀ ਭਾਰਤ ਦੀ ਜਿੱਤ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇਗਾ ਤੇ ਉਸਦੀ ਸਹਾਇਤਾ ਨਾਲ ਅਸੀਂ ਵਰਤਮਾਨ ਦੇ ਦੋਸ਼ਾਂ ਨੂੰ ਦੂਰ ਕਰ ਸਕਾਂਗੇ।

ਦੂਜੇ ਪਾਸੇ ਅੱਜ ਦੇ ਕੁਝ ਮੁਸਲਮਾਨ ਭਾਰਤ ਵਿੱਚ ਉਨ੍ਹਾਂ ਦੇ ਧਰਮ ਦੀ ਸ਼ਾਨਾਮੱਤੀ ਭੂਮਿਕਾ ਪ੍ਰਤਿ ਸੁਚੇਤ ਹੋ ਸਕਦੇ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਤਰਕਵਾਦ ਅਤੇ ਅਰਬਾਂ ਦੇ ਸ਼ੰਕਾਵਾਦ ਨੂੰ ਅਸਵੀਕਾਰ ਕਰਕੇ ਉਸਦੀ ਨਿੰਦਾ ਕਰ ਸਕਦੇ ਹਨ ਜੋ ਕੁਰਆਨੀ ਸਿੱਖਿਆਵਾਂ ਤੋਂ ਵੱਖਰੀਆਂ ਹਨ। ਪਰ ਇਸਲਾਮ ਦੇ ਇਤਿਹਾਸ ਵਿੱਚ ਉਨ੍ਹਾਂ ਗੱਲਾਂ ਦਾ ਅਭੁੱਲ ਸਥਾਨ ਹੈ, ਜਿਨ੍ਹਾਂ ਨੂੰ ਉਸ ਦੀ ਮੌਲਿਕ ਉਦਾਰਤਾ ਅਤੇ ਅਧਾਰਮਿਕ ਪ੍ਰਵਿਰਤੀਆਂ ਦੇ ਆਧਾਰ 'ਤੇ ਅਰਬ ਦੇ ਦਾਰਸ਼ਨਿਕਾਂ ਨੇ ਵਿਕਸਿਤ ਕੀਤਾ ਸੀ, ਬਜਾਇ ਇਸ ਦੇ ਜਿਨ੍ਹਾਂ ਨੂੰ ਬਾਅਦ ਵਿੱਚ ਪ੍ਰਤੀਕਿਰਿਆਵਾਦੀ ਮੁਲਾਣਿਆਂ ਨੇ ਨਵੇਂ ਧਰਮ ਪਰਿਵਰਤਨ ਕਰਨ ਵਾਲੇ ਤਾਤਾਰ ਲੋਕਾਂ ਦੇ ਜਾਂਗਲੀ ਕੱਟੜਪੁਣੇ ਦਾ ਪ੍ਰਚਾਰ ਕਰਕੇ ਕੀਤਾ ਸੀ। ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਇਸਲਾਮ ਦੀ ਅਗਾਂਹਵਧੂ ਭੂਮਿਕਾ ਖਤਮ ਹੋ ਚੁੱਕੀ ਸੀ। ਭਾਰਤ ਵਿੱਚ ਸਿੰਧ ਨਦੀ ਅਤੇ ਗੰਗਾ ਦੇ ਕਿਨਾਰਿਆਂ 'ਤੇ ਇਸਲਾਮ ਦਾ ਝੰਡਾ ਸਰਾਸੈਨੀ ਅਰਬ ਸੂਰਮਿਆਂ ਨੇ ਨਹੀਂ ਲਹਿਰਾਇਆ ਸੀ, ਸਗੋਂ ਉਸਨੂੰ ਐਸ਼ਪ੍ਰਸਤੀ ਦੀ ਸ਼ਾਨ ਨਾਲ ਈਰਾਨੀਆਂ ਅਤੇ ਮੱਧ ਏਸ਼ੀਆਈ ਬਰਬਰ ਲੋਕਾਂ ਨੇ ਕਾਇਮ ਕੀਤਾ। ਜਿਨ੍ਹਾਂ ਨੇ ਬਾਅਦ ਵਿੱਚ ਇਸਲਾਮ ਸਵੀਕਾਰ ਕੀਤਾ ਸੀ। ਇਨ੍ਹਾਂ ਦੋਵਾਂ ਸ਼ਕਤੀਆਂ ਨੇ ਅਰਬ ਸਾਮਰਾਜ ਨੂੰ ਹਰਾਇਆ, ਜਿਸ ਅਰਬ ਦੀ ਸਥਾਪਨਾ ਹਜ਼ਰਤ ਮੁਹੰਮਦ ਦੇ ਆਦਰਸ਼ਾਂ 'ਤੇ ਹੋਈ ਸੀ। ਫਿਰ ਵੀ ਹਮਲਾਵਰ ਮੁਸਲਮਾਨਾਂ ਦਾ ਸਵਾਗਤ ਉਨ੍ਹਾਂ ਲੱਖਾਂ ਲੋਕਾਂ ਨੇ ਕੀਤਾ ਜੋ ਬ੍ਰਾਹਮਣੀ ਅੱਤਿਆਚਾਰਾਂ ਦੇ ਸ਼ਿਕਾਰ ਸਨ, ਜਿਨ੍ਹਾਂ ਨੇ ਬੁੱਧ ਕ੍ਰਾਂਤੀ ਨੂੰ ਹਰਾ ਕੇ ਭਾਰਤੀ ਸਮਾਜ ਵਿੱਚ ਅਰਾਜਕਤਾ ਦਾ ਸੰਕਟ ਪੈਦਾ ਕਰ ਦਿੱਤਾ ਸੀ। ਈਰਾਨੀ ਅਤੇ ਮੰਗੋਲ ਜੇਤੂ ਅਰਬ ਸੂਰਮਿਆਂ ਦੀ ਰਵਾਇਤੀ ਉੱਚਤਾ, ਸਹਿਣਸ਼ੀਲਤਾ ਅਤੇ ਉਦਾਰਵਾਦ ਦੇ ਪ੍ਰਭਾਵ ਤੋਂ ਬਿਲਕੁਲ ਕੋਰੇ ਨਹੀਂ ਸਨ। ਇਸ ਤੱਥ ਨਾਲ ਕਿ ਹਮਲਾਵਰਾਂ ਦੇ ਰੂਪ ਵਿੱਚ ਦੂਰਦਰਾਜ ਦੇਸ਼ਾਂ ਤੋਂ ਆ ਕੇ ਬਹੁਤ ਥੋੜ੍ਹੀ ਸੰਖਿਆ ਵਿੱਚ ਹੀ ਭਾਰਤ ਵਿੱਚ ਆਪਣਾ ਰਾਜ ਕਾਇਮ ਕੀਤਾ, ਉਨ੍ਹਾਂ ਨੂੰ ਇੱਥੇ ਵਿਰੋਧੀ ਧਰਮਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿੱਚੋਂ ਭਾਰੀ ਗਿਣਤੀ ਨੇ ਇਸਲਾਮ ਨੂੰ ਸਵੀਕਾਰ ਕਰ ਲਿਆ, ਇਹ ਸਾਬਿਤ ਹੁੰਦਾ ਹੈ ਕਿ ਭਾਰਤੀ ਸਮਾਜ ਦੀਆਂ ਪਦਾਰਥਕ ਲੋੜਾਂ ਨੂੰ ਉਨ੍ਹਾਂ ਨੇ ਪੂਰਾ ਕੀਤਾ ਸੀ। ਭਾਰਤ ਵਿੱਚ ਆਉਣ ਦੇ ਸਮੇਂ ਇਸਲਾਮ ਆਪਣੇ ਮੂਲ ਕ੍ਰਾਂਤੀਕਾਰੀ ਵਿਚਾਰਾਂ ਨੂੰ ਛੱਡ ਚੁੱਕਾ ਸੀ, ਪਰ ਹਿੰਦੂ ਸਮਾਜ ਦੀ ਤੁਲਨਾ ਵਿੱਚ ਉਹ ਅਜੇ ਵੀ ਵਧੇਰੇ ਕ੍ਰਾਂਤੀਕਾਰੀ ਸੀ। ਭਾਰਤ ਵਿੱਚ ਮੁਸਲਮਾਨਾਂ ਦਾ ਰਾਜ ਮਜ਼ਬੂਤ ਹੋਇਆ। ਇਹ ਸਿਰਫ ਫੌਜੀ ਜਿੱਤਾਂ ਕਰਕੇ ਨਹੀਂ ਸੀ ਹੋਇਆ, ਸਗੋਂ ਉਸਨੂੰ ਮਜ਼ਬੂਤ ਕਰਨ ਵਿੱਚ ਇਸਲਾਮ ਧਰਮ ਦੇ ਪ੍ਰਚਾਰ ਤੋਂ ਵੀ ਸਹਾਇਤਾ ਮਿਲੀ ਸੀ। ਇਹੀ ਇਸਲਾਮੀ ਧਰਮ ਤੇ ਕਾਨੂੰਨਾਂ ਦਾ ਮਹੱਤਵ ਸੀ।

ਇੱਥੋਂ ਤੱਕ ਕਿ ਆਪਣੇ ਮੁਸਲਿਮ ਵਿਰੋਧੀ ਵਿਚਾਰਾਂ ਦੇ ਬਾਵਜੂਦ ਬਿਨਾਂ ਸੰਕੋਚ ਦੇ ਹਾਵੇਲ ਨੇ ਸਵੀਕਾਰ ਕੀਤਾ ਹੈ ਕਿ-ਮੁਸਲਮਾਨਾਂ ਦੇ ਰਾਜਨੀਤਕ ਵਿਚਾਰਾਂ ਦਾ ਪ੍ਰਭਾਵ ਹਿੰਦੂ ਸਮਾਜਿਕ ਜੀਵਨ 'ਤੇ ਦੋ ਤਰ੍ਹਾਂ ਨਾਲ਼ ਪਿਆ। ਉਸਦੇ ਕਾਰਨ ਹਿੰਦੂਆਂ

ਦੀ ਵਰਣ ਵਿਵਸਥਾ ਹੋਰ ਸਖਤ ਹੋ ਗਈ ਤੇ ਦੂਸਰੇ ਉਸ ਪ੍ਰਤੀ ਵਿਦਰੋਹ ਦੀ ਭਾਵਨਾ ਹੋਰ ਵੀ ਤਿੱਖੀ ਹੋ ਗਈ। ਉਸ ਨੇ ਹਿੰਦੂ ਸਮਾਜ ਦੀਆਂ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਏਸੇ ਤਰ੍ਹਾਂ ਆਕਰਸ਼ਿਤ ਕੀਤਾ ਜਿਵੇਂ ਰੇਗਿਸਤਾਨ ਦੇ ਬੱਦੂਆਂ ਨੂੰ ਕੀਤਾ ਸੀ। ਉਸਨੂੰ ਸਵੀਕਾਰ ਕਰਕੇ ਸ਼ੂਦਰ ਵੀ ਵਧੇਰੇ ਆਜ਼ਾਦ ਵਿਅਕਤੀ ਹੋ ਗਿਆ ਅਤੇ ਸ਼ਾਸਕ ਦੇ ਧਰਮ ਵਿੱਚ ਆ ਜਾਣ ਨਾਲ ਉਸ ਦੀ ਸਥਿਤੀ ਬ੍ਰਾਹਮਣ ਮਾਲਿਕਾਂ ਦੇ ਬਰਾਬਰ ਹੋ ਗਈ। ਯੂਰਪ ਦੇ ਨਵ-ਜਾਗਰਣ ਵਾਂਗ ਉਸ ਨਾਲ ਬੌਧਿਕ ਮੰਥਨ ਸ਼ੁਰੂ ਹੋਇਆ ਅਤੇ ਬਹੁਤ ਸਾਰੇ ਐਸੇ ਲੋਕ ਪੈਦਾ ਹੋਏ ਜੋ ਆਪਣੇ ਮੌਲਿਕ ਵਿਚਾਰਾਂ ਲਈ ਪ੍ਰਸਿੱਧ ਹੋਏ। ਨਵ-ਜਾਗਰਣ ਵਾਂਗ ਇਹ ਬੌਧਿਕ-ਮੰਥਨ ਜ਼ਿਆਦਾਤਰ ਸ਼ਹਿਰਾਂ ਵਿੱਚ ਵਾਪਰਿਆ। ਉਸਦੇ ਪ੍ਰਭਾਵ ਵਿੱਚ ਬੱਦੂਆਂ ਨੇ ਤੰਬੂਆਂ ਵਿੱਚ ਰਹਿਣਾ ਛੱਡ ਦਿੱਤਾ ਸੀ, ਉਸੇ ਤਰ੍ਹਾਂ ਸ਼ੂਦਰਾਂ ਨੇ ਆਪਣੇ ਪਿੰਡਾਂ ਨੂੰ ਛੱਡ ਦਿੱਤਾ।

(Havel)-Aryan Rule In India)

ਹਾਵੇਲ ਦਾ ਬਿਆਨ ਵਧੇਰੇ ਸਪੱਸ਼ਟ ਹੈ। ਇਸ ਵਿੱਚ ਭਾਰਤ ਦੇ ਅਨੇਕ ਧਰਮ ਸੁਧਾਰਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿੱਚ ਨਾਨਕ, ਕਬੀਰ, ਤੁਕਾਰਾਮ, ਚੈਤੰਨਯ ਆਦਿ ਪ੍ਰਮੁੱਖ ਹਨ ਤੇ ਜਿਨ੍ਹਾਂ ਨੇ ਬ੍ਰਾਹਮਣਵਾਦੀ ਕਠੋਰਤਾ ਵਿਰੁੱਧ ਜਨ-ਵਿਦਰੋਹ ਨੂੰ ਉਭਾਰਿਆ। ਤਕਰੀਬਨ ਸਾਰੇ ਧਰਮ ਸੁਧਾਰਕ ਮੁਸਲਮਾਨਾਂ ਦੀ ਆਮਦ ਤੋਂ ਬਾਦ ਪੈਦਾ ਹੋਏ।

ਇਤਿਹਾਸ ਦੇ ਇਸ ਤੱਥਾਤਮਕ ਅਧਿਐਨ ਤੋਂ ਸਪੱਸ਼ਟ ਹੈ ਕਿ ਹਿੰਦੂਆਂ ਦਾ ਮੁਸਲਮਾਨਾਂ ਦੇ ਧਰਮ ਅਤੇ ਸੱਭਿਆਚਾਰ ਪ੍ਰਤਿ ਅਨਾਦਰ ਦਾ ਭਾਵ ਕਿੰਨਾ ਫ਼ਜ਼ੂਲ ਸੀ। ਉਸ ਭਾਵਨਾ ਨੇ ਇਤਿਹਾਸ ਦਾ ਅਪਮਾਨ ਕੀਤਾ ਅਤੇ ਸਾਡੇ ਦੇਸ਼ ਦੇ ਰਾਜਨੀਤਕ ਭਵਿੱਖ ਨੂੰ ਹਾਨੀ ਪਹੁੰਚਾਈ। ਮੁਸਲਮਾਨਾਂ ਤੋਂ ਗਿਆਨ ਪ੍ਰਾਪਤ ਕਰਕੇ ਯੂਰਪ ਆਧੁਨਿਕ ਸੱਭਿਅਤਾ ਦਾ ਆਗੂ ਬਣ ਗਿਆ। ਅੱਜ ਵੀ ਉਸ ਦੇ ਕਰਜ਼ਾਈ ਲੋਕ ਆਪਣੇ ਪੁਰਾਣੇ ਰਿਣ ਲਈ ਸ਼ਰਮ ਮਹਿਸੂਸ ਨਹੀਂ ਕਰਦੇ। ਬਦਕਿਸਮਤੀ ਨਾਲ ਭਾਰਤ ਇਸਲਾਮੀ ਸੱਭਿਆਚਾਰ ਦੇ ਇਸ ਰਿਣ ਦਾ ਪੂਰਾ ਲਾਭ ਇਸ ਲਈ ਨਹੀਂ ਉਠਾ ਸਕਿਆ ਕਿਉਂਕਿ ਇਸਲਾਮ ਦੀ ਵਿਸ਼ੇਸ਼ਤਾ ਨੂੰ ਸਵੀਕਾਰ ਨਹੀਂ ਕੀਤਾ ਗਿਆ। ਹੁਣ ਦੇਰ ਨਾਲ ਆਏ ਨਵਜਾਗਰਣ ਦੌਰਾਨ ਭਾਰਤੀ ਹਿੰਦੂ ਤੇ ਮੁਸਲਮਾਨ ਦੋਵੇਂ ਮਨੁੱਖ ਇਤਿਹਾਸ ਦੀ ਯਾਦਗਾਰੀ ਪ੍ਰੇਰਨਾਵਾਂ ਤੋਂ ਲਾਭ ਨਹੀਂ ਲੈ ਸਕੇ। ਮਨੁੱਖ ਸੰਸਕ੍ਰਿਤੀ ਵਿੱਚ ਇਸਲਾਮ ਦੇ ਗਿਆਨ ਅਤੇ ਸੱਭਿਆਚਾਰ ਦੇ ਯੋਗਦਾਨ ਦੀ ਯੋਗ ਪ੍ਰਸ਼ੰਸਾ ਨੂੰ ਸਮਝਣ ਨਾਲ ਹਿੰਦੂਆਂ ਨੂੰ ਇਹ ਧੱਕਾ ਲੱਗਾ ਹੋਵੇਗਾ ਕਿ ਉਨ੍ਹਾਂ ਦਾ ਆਤਮ ਸੰਤੋਸ਼ ਹੰਕਾਰ ਮਾਤਰ ਹੀ ਸੀ। ਇਸ ਗਿਆਨ ਨਾਲ ਅੱਜ ਦੇ ਮੁਸਮਲਾਨਾਂ ਨੂੰ ਉਨ੍ਹਾਂ ਦੇ ਸੰਕੁਚਿਤ ਦ੍ਰਿਸ਼ਟੀਕੋਣ ਤੋਂ ਮੁਕਤ ਕੀਤਾ ਜਾ ਸਕਦਾ ਹੈ ਅਤੇ ਆਪਣੇ ਸੱਚੇ ਧਰਮ ਦੀ ਪ੍ਰੇਰਨਾ ਨਾਲ ਉਨ੍ਹਾਂ ਨੂੰ ਰਾਸ਼ਟਰੀ ਜਾਗਰਣ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ।

-o-

ਗ਼ਰਦ 'ਚ ਗੁੰਮਿਆ ਨਾਇਕ: ਐਮ.ਐਨ ਰਾਇ

ਐਮ.ਐਨ. ਰਾਇ ਭਾਰਤੀ ਆਜ਼ਾਦੀ ਲਹਿਰ ਦੇ ਇਤਿਹਾਸ ਵਿਚ ਸਭ ਤੋਂ ਚਰਚਿਤ ਨਾਵਾਂ ਵਿਚੋਂ ਇਕ ਹੈ। ਉਸਦੀ ਮਾਨਤਾ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਪੱਛਮ ਨੇ ਵੀ ਗਾਂਧੀ ਤੋਂ ਬਾਦ ਜੇ ਕਿਸੇ ਭਾਰਤੀ ਦੇ ਕਾਰਜ ਅਤੇ ਵਿਚਾਰਾਂ ਨੂੰ ਸਵੀਕਾਰ ਕੀਤਾ ਤਾਂ ਉਹ ਐਮ.ਐਨ. ਰਾਇ ਹੀ ਸੀ। ਉਸਦੇ ਵਿਚਾਰਾਂ ਅਤੇ ਕਾਰਜ ਖੇਤਰ ਦੀਆਂ ਗਤੀਵਿਧੀਆਂ ਨੂੰ ਆਧਾਰ ਬਣਾ ਕੇ ਦੇਖਿਆ ਜਾਵੇ ਤਾਂ ਹੈਰਾਨੀ ਹੁੰਦੀ ਹੈ ਕਿ ਕਿਸ ਤਰ੍ਹਾਂ ਅਜਿਹੀ ਵਿਲੱਖਣ ਪ੍ਰਤਿਭਾ ਨੂੰ ਇਤਿਹਾਸ ਵਿੱਚੋਂ ਖ਼ਾਰਜ ਕਰ ਦਿੱਤਾ ਗਿਆ। ਦਰਅਸਲ ਰਾਇ ਦੀ ਹੋਣੀ ਸੀ ਕਿ ਆਜ਼ਾਦੀ ਤੋਂ ਪਹਿਲਾਂ ਅਤੇ ਬਾਦ, ਜਦੋਂ ਉਹ ਵਿਚਾਰਸ਼ੀਲਤਾ ਦੀ ਸਿਖ਼ਰ 'ਤੇ ਸੀ, ਉਦੋਂ ਹੀ ਗਾਂਧੀਵਾਦੀ ਯੁੱਗ ਦਾ ਵੀ ਜੋਬਨ ਸੀ। ਇਸੇ ਧੁੰਦ ਵਿਚ ਰਾਇ ਦੇ ਵਿਚਾਰ ਅਨਜਾਣ ਮੁਸਾਫ਼ਰ ਵਾਂਗ ਭਟਕ ਗਏ। ਰਾਇ ਨੇ ਸਿਧਾਂਤ ਅਤੇ ਅਮਲ ਦੇ ਪੱਖ ਤੋਂ ਇਕਸੁਰ ਅਤੇ ਵਿਲੱਖਣ ਪ੍ਰਤਿਭਾ ਵਜੋਂ ਇਤਿਹਾਸ ਵਿਚ ਆਪਣੀ ਛਾਪ ਛੱਡੀ। ਉਹ ਆਪਣੇ ਸਮਕਾਲ ਦੀਆਂ ਗਤੀਵਿਧੀਆਂ ਤੋਂ ਅਸਰ ਅੰਦਾਜ਼ ਹੋਇਆ ਨਾਲ ਹੀ ਆਪਣਾ ਅਸਰ ਉਨ੍ਹਾਂ ਗਤੀਵਿਧੀਆਂ ਉੱਪਰ ਸਰਗਰਮ ਰੂਪ ਵਿਚ ਪਾਉਂਦਾ ਰਿਹਾ। ਐਮ.ਐਨ. ਰਾਇ ਜਿੰਨੀ ਮਾਨਤਾ ਅਤੇ ਹਿਕਾਰਤ ਕਿਸੇ ਹੋਰ ਭਾਰਤੀ ਚਿੰਤਕ ਦੇ ਹਿੱਸੇ ਨਹੀਂ ਆਈ। ਉਸਦੀ ਪ੍ਰਸਿੱਧੀ ਦੇ ਕਈ ਪਸਾਰ ਹਨ, ਜਿਨ੍ਹਾਂ ਵਿੱਚੋਂ ਬੰਗਾਲ ਵਿਚ ਗਾਂਧੀ ਦੇ ਤਿੰਨ ਆਲੋਚਕਾਂ (ਸੁਭਾਸ਼ ਚੰਦਰ ਬੋਸ, ਰਾਬਿੰਦਰ ਨਾਥ ਟੈਗੋਰ ਅਤੇ ਐਮ.ਐਨ. ਰਾਇ) ਵਿਚੋਂ ਇਕ ਹੋਣ ਨਾਲ, ਬਰਤਾਨਵੀ ਹਕੂਮਤ ਖਿਲਾਫ਼ ਹਥਿਆਰਬੰਦ ਵਿਦਰੋਹ ਲਈ ਲਾਮਬੰਦੀ ਨਾਲ, ਰੂਸ ਤੋਂ ਬਾਹਰ ਪਹਿਲੀ ਕਮਿਊਨਿਸਟ ਪਾਰਟੀ ਦੇ ਗਠਨ ਨਾਲ ਅਤੇ ਲੈਨਿਨ ਦੇ ਬਸਤੀਆਂ ਬਾਰੇ ਥੀਸਜ ਦੇ ਅਨੁਪੂਰਕ ਥੀਸਜ਼ ਦੇ ਪੇਸ਼ਕਰਤਾ ਹੋਣ ਨਾਲ ਜੁੜੇ ਹੋਏ ਹਨ। ਇਸ ਪ੍ਰਸਿੱਧੀ ਦਾ ਇਕ ਸਿਰਾ ਉਨ੍ਹਾਂ ਤਮਾਮ ਵਿਵਾਦਾਂ ਨਾਲ ਜੁੜਦਾ ਹੈ ਜਿਨ੍ਹਾਂ ਦਾ ਰਾਇ ਨਾਲ ਸਾਰੀ ਉਮਰ ਗੂੜ੍ਹਾ ਸੰਬੰਧ ਰਿਹਾ ਤੇ ਉਸਦੀ ਮੌਤ ਤੋਂ ਬਾਦ ਵੀ ਉਸਦੇ ਵਿਚਾਰਾਂ ਤੇ ਕਾਰਜ ਦੇ ਮਹੱਤਵ ਨੂੰ ਸਮਝਣ ਦੀ ਥਾਂ ਉਸਦੇ ਨਾਂ ਉਪਰ ਪੋਚਾ ਮਾਰ ਦੇਣ ਦਾ ਕਾਰਨ ਵੀ ਬਣਿਆ।

ਐਮ.ਐਨ. ਰਾਇ ਜਾਂ ਮਨਵੇਂਦਰ ਨਾਥ ਰਾਇ ਦਾ ਅਸਲ ਨਾਂ ਨਰੇਂਦਰ ਨਾਥ ਭੱਟਾਚਾਰੀਆ ਸੀ। 21 ਮਾਰਚ 1887 ਨੂੰ ਉਹ ਇਕ ਬ੍ਰਾਹਮਣ ਪੁਜਾਰੀ ਦੇ ਘਰ ਬੰਗਾਲ

ਰਾਜ ਦੇ 24 ਪਰਗਣਾ ਜ਼ਿਲ੍ਹੇ ਦੇ ਪਿੰਡ ਅਰਬੇਲੀਆ ਵਿਚ ਜਨਮਿਆ। ਨਰੇਂਦਰ ਆਪਣੇ ਬਾਪ ਦੀ ਦੂਸਰੀ ਬੀਵੀ ਦੀ ਦੂਸਰੀ ਤੇ ਕੁੱਲ ਮਿਲਾ ਕੇ ਚੌਥੀ ਸੰਤਾਨ ਸੀ। ਉਸਦਾ ਪਿਤਾ ਦੀਨਬੰਧੂ ਭੱਟਾਚਾਰੀਆ ਉਸ ਖ਼ਾਨਦਾਨੀ ਰਵਾਇਤ ਵਜੋਂ ਪੁਜਾਰੀ ਬਣਿਆ ਜਿਸ ਅਨੁਸਾਰ ਪਰਿਵਾਰ ਦੇ ਸਭ ਤੋਂ ਵੱਡੇ ਪੁੱਤਰ ਨੂੰ ਪੁਰੋਹਿਤੀ ਕੰਮਾਂ ਨਾਲ ਜੁੜਨਾ ਹੀ ਪੈਂਦਾ ਸੀ। ਦੀਨਬੰਧੂ ਪੁਜਾਰੀ ਦੀ ਨੌਕਰੀ ਲਈ ਅਰਬੇਲੀਆ ਆਇਆ ਤੇ ਉਸਨੇ ਇਲਾਕੇ ਦੇ ਬੱਚਿਆਂ ਨੂੰ ਸੰਸਕ੍ਰਿਤ ਪੜ੍ਹਾ ਕੇ ਸਮਾਜਕ ਤੌਰ 'ਤੇ ਚੰਗੀ ਭੱਲ੍ਹ ਖੱਟ ਲਈ।

ਉਸ ਦੌਰ ਵਿਚ ਸਮੁੱਚਾ ਬੰਗਾਲ ਸਮਾਜਕ ਤੌਰ 'ਤੇ ਜਾਗਰੂਕਤਾ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਬਸਤੀਵਾਦੀਆਂ ਨੇ ਬੰਗਾਲ ਦੇ ਜਾਗਰਣ ਨੂੰ ਅੰਗਰੇਜ਼ਾਂ ਦੀਆਂ ਬਖ਼ਸ਼ਿਸ਼ਾਂ ਦੇ ਫਲਸਰੂਪ ਪੈਦਾ ਹੋਈ ਸਥਿਤੀ ਨਾਲ ਜੋੜ ਕੇ ਸਮਾਜਕ ਵਿਕਾਸ ਵਜੋਂ ਪੇਸ਼ ਕੀਤਾ। ਇਸਦੇ ਪ੍ਰਤਿਕਰਮ ਵਜੋਂ ਸਮੁੱਚਾ ਬੰਗਾਲ ਰਾਜਸੀ ਅਤੇ ਸਮਾਜਕ ਤੌਰ 'ਤੇ ਸਰਗਰਮ ਲਹਿਰਾਂ ਦਾ ਕੇਂਦਰ ਬਣ ਗਿਆ। ਵਿਸ਼ੇਸ਼ ਤੌਰ 'ਤੇ 24 ਪਰਗਣਾ ਜ਼ਿਲ੍ਹਾ ਨਵੇਂ ਰਾਜਸੀ ਵਿਚਾਰਾਂ ਤੇ ਸਮਾਜਕ ਸਰਗਰਮੀਆਂ ਦਾ ਕੇਂਦਰ ਸੀ।[2] ਅਜਿਹੇ ਮਾਹੌਲ ਵਿਚ ਵੱਡਾ ਹੋ ਰਿਹਾ ਨਰੇਂਦਰ ਨਾਥ ਬਚਪਨ ਤੋਂ ਹੀ ਚੇਤਨਤਾ ਨਾਲ ਭਰਪੂਰ ਨੌਜਵਾਨ ਬਣ ਰਿਹਾ ਸੀ। ਬ੍ਰਹਮੋ ਸਮਾਜ ਲਹਿਰ ਦਾ ਇਕ ਪ੍ਰਮੁੱਖ ਆਗੂ ਅਤੇ ਈਸ਼ਵਰ ਚੰਦ ਵਿਦਿਆਸਾਗਰ ਦਾ ਸਹਿਯੋਗੀ ਪੰਡਿਤ ਸ਼ਿਵਾਨਾਥ ਸ਼ਾਸਤਰੀ ਰਾਇ ਦੀ ਮਾਂ ਦਾ ਚਾਚਾ ਸੀ ਤੇ ਉਸਦੀਆਂ ਗਤੀਵਿਧੀਆਂ ਦਾ ਭੱਟਾਚਾਰੀਆ ਪਰਿਵਾਰ ਉੱਪਰ ਬੜਾ ਹਾਂ-ਪੱਖੀ ਪ੍ਰਭਾਵ ਸੀ। ਪੰਡਿਤ ਸ਼ਾਸਤਰੀ ਨੇ ਰਾਜ ਨਰਾਇਣ ਬੋਸ ਨਾਲ ਮਿਲ ਕੇ ਬੰਗਾਲ ਵਿਚ ਪਹਿਲੀ ਗੁਪਤ ਇਨਕਲਾਬੀ ਜਥੇਬੰਦੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।[3] ਪਰਿਵਾਰ ਵਿਚ ਪੰਡਿਤ ਸ਼ਾਸਤਰੀ ਮੌਖਿਕ ਇਤਿਹਾਸ ਦੇ ਨਾਇਕ ਵਾਂਗ ਸੀ ਤੇ ਬਾਲੜੇ ਨਰੇਂਦਰ ਨਾਥ ਦੀ ਮਨੋਚੇਤਨਾ ਦੀ ਘਾੜਤ ਲਈ ਪ੍ਰੇਰਕ ਸ਼ਕਤੀ। ਇਸ ਤੋਂ ਬਿਨਾਂ ਸਥਾਨਕ ਸਕੂਲ ਦੇ ਹੈੱਡਮਾਸਟਰ ਉਮੇਸ਼ ਦੱਤਾ ਦੇ ਕ੍ਰਾਂਤੀਕਾਰੀ ਵਿਚਾਰਾਂ ਨੇ ਨਰੇਂਦਰ ਨੂੰ ਬਚਪਨ ਵਿਚ ਹੀ ਕ੍ਰਾਂਤੀਕਾਰੀ ਊਰਜਾ ਨਾਲ ਲੈਸ ਕਰ ਦਿੱਤਾ। ਇਹ ਊਰਜਾ ਸਮਕਾਲੀ ਹਾਲਾਤ ਨਾਲ ਟਕਰਾ ਕੇ ਹੋਰ ਪ੍ਰਚੰਡ ਹੋਈ। ਬੰਗਾਲ ਦੇ ਇਤਿਹਾਸ ਵਿਚ ਇਹ ਕਾਲ ਗੜਬੜ ਅਤੇ ਅਸ਼ਾਂਤੀ ਕਰਕੇ ਜਾਣਿਆ ਜਾਂਦਾ ਹੈ। ਇਸ ਗੜਬੜ ਅਤੇ ਅਸ਼ਾਂਤੀ ਤੋਂ ਘਬਰਾਈ ਬਰਤਾਨਵੀ ਸਰਕਾਰ ਨੇ ਮੂਰਖ਼ਾਨਾ ਪ੍ਰਤਿਕਰਮ ਵਜੋਂ 1905 ਵਿਚ ਬੰਗਾਲ ਦੀ ਵੰਡ ਦਾ ਐਲਾਨ ਕਰ ਦਿੱਤਾ। ਇਸਦੇ ਨਤੀਜੇ ਵਜੋਂ ਸਮੁੱਚਾ ਬੰਗਾਲ ਬਸਤੀਵਾਦੀ ਸਰਕਾਰ ਵਿਰੁੱਧ ਗੁੱਸੇ ਨਾਲ ਉਬਲਣ ਲੱਗਾ,[4] ਬੰਗਾਲ ਦੀਆਂ ਕਈ ਪੀੜ੍ਹੀਆਂ ਇੱਕੋਂ ਸਮੇਂ ਕਈ ਢੰਗਾਂ ਨਾਲ ਅੰਗ੍ਰੇਜ਼ੀ ਸਰਕਾਰ ਵਿਰੁੱਧ ਸੰਘਰਸ਼ ਵਿਚ ਕੁੱਦ ਪਈਆਂ। ਵਿਸ਼ੇਸ਼ ਤੌਰ 'ਤੇ ਜਵਾਨ ਹੋ ਰਹੀ ਪੀੜ੍ਹੀ ਜਿਸ ਵਿਚ ਨਰੇਂਦਰ ਨਾਥ ਵੀ ਸ਼ਾਮਿਲ ਸੀ, ਨੇ ਗੁਪਤ ਹਥਿਆਰਬੰਦ ਇਨਕਲਾਬੀ ਸੰਘਰਸ਼ ਦਾ ਰਾਹ ਚੁਣਿਆ। ਨਰੇਂਦਰ ਨਾਥ ਆਪਣੇ ਸਾਥੀਆਂ ਸਮੇਤ ਕ੍ਰਾਂਤੀਕਾਰੀ ਜਾਦੂ ਗੋਪਾਲ ਮੁਖਰਜੀ ਦੇ ਸੰਪਰਕ ਵਿਚ ਆਇਆ।[5] 1904 ਵਿਚ 17 ਸਾਲ ਤੋਂ ਵੀ ਘੱਟ ਉਮਰ ਵਿਚ ਆਪਣੇ

ਦੋ ਸਾਥੀਆਂ ਹਰੀ ਕੁਮਾਰ ਚੱਕਰਵਰਤੀ ਅਤੇ ਸੈਲੇਸ਼ਵਰ ਸਮੇਤ ਕਲਕੱਤਾ ਪੁੱਜ ਕੇ ਅਰਬਿੰਦੋ ਘੋਸ਼ ਦੇ ਭਰਾ ਬਰੀਨ ਘੋਸ਼ ਨੂੰ ਮਿਲਿਆ। ਬਰੀਨ ਘੋਸ਼ ਜੋ ਬਾਦ ਵਿਚ 'ਯੁਗਾਂਧਰ' ਰਸਾਲੇ ਦਾ ਸੰਪਾਦਕ ਵੀ ਬਣਿਆ, ਉਨ੍ਹਾਂ ਦਿਨਾਂ ਵਿਚ ਕ੍ਰਾਂਤੀਕਾਰੀ ਸੰਗਠਨ 'ਅਨੁਸ਼ੀਲਨ ਸਮਿਤੀ' ਦੇ ਆਗੂਆਂ ਵਿੱਚੋਂ ਇਕ ਸੀ। ਇਸ ਸੰਗਠਨ ਦਾ ਮੁੱਖ ਦਫ਼ਤਰ 49, ਕਾਰਨਵਾਲਿਸ ਸਟਰੀਟ ਵਿਚ ਸੀ ਤੇ ਇਹ ਸੰਗਠਨ ਨੌਜਵਾਨ ਬੰਗਾਲੀਆਂ ਨੂੰ ਆਜ਼ਾਦੀ ਦੇ ਹਥਿਆਰਬੰਦ ਸੰਘਰਸ਼ ਨਾਲ ਜੋੜਦਾ ਸੀ। ਇਸ ਸੰਘਰਸ਼ ਦਾ ਇਕ ਸਿਰਾ ਬੰਗਾਲ ਦੇ ਪੂਰਬਲੇ ਸਿਧਾਂਤਕਾਰ ਸਵਾਮੀ ਵਿਵੇਕਾਨੰਦ ਅਤੇ ਬੰਕਿਮ ਚੰਦਰ ਚੈਟਰਜੀ ਦੇ ਆਦਰਸ਼ਾਂ ਨਾਲ ਹੀ ਜੁੜਦਾ ਸੀ, ਜਿਹੜੇ ਆਦਰਸ਼ ਰਾਸ਼ਟਰੀ ਆਜ਼ਾਦੀ ਦੀ ਭਾਵਨਾ ਨੂੰ ਮਾਤ-ਭੂਮੀ ਨਾਲ ਜੋੜ ਕੇ ਪੇਸ਼ ਕਰਦੇ ਰਹੇ ਸਨ।

ਨਰੇਂਦਰ ਬੰਗਾਲ ਦੀ ਵੰਡ ਦੇ ਐਲਾਨ ਸਮੇਂ ਹਾਈ ਸਕੂਲ ਦਾ ਵਿਦਿਆਰਥੀ ਸੀ। ਉਸਨੇ ਆਪਣੇ ਸਕੂਲ ਦੇ ਮੁੱਖ ਅਧਿਆਪਕ ਕੋਲੋਂ ਵੰਡ ਦੇ ਵਿਰੋਧ ਵਿਚ ਜਨਤਕ ਰੈਲੀ ਕਰਨ ਦੀ ਆਗਿਆ ਮੰਗੀ। ਇਸ ਰੈਲੀ ਲਈ ਉਸਨੇ ਮਹਿਮਾਨ ਬੁਲਾਰੇ ਵਜੋਂ ਸੁਰੇਂਦਰਨਾਥ ਬੈਨਰਜੀ ਨੂੰ ਬੁਲਾਇਆ ਹੋਇਆ ਸੀ। ਸਕੂਲ ਤੋਂ ਬਾਹਰ ਰੈਲੀ ਕਰਨ ਤੋਂ ਬਾਦ ਸਰਕਾਰੀ ਐਲਾਨ ਅਨੁਸਾਰ ਨਰੇਂਦਰ ਤੇ ਉਸਦੇ ਸੱਤ ਵਿਦਿਆਰਥੀ ਸਾਥੀਆਂ ਨੂੰ ਸਕੂਲ ਤੋਂ ਕੱਢ ਦਿੱਤਾ ਗਿਆ। ਉਸ ਤੋਂ ਅਗਾਂਹ ਬਾਕਾਇਦਾ ਪੜ੍ਹਾਈ ਲਈ ਉਸਦੇ ਰਾਹ ਬੰਦ ਹੋ ਗਏ। ਬਾਕੀ ਸਾਰਾ ਅਧਿਐਨ ਨਰੇਂਦਰ ਨੇ ਜੀਵਨ ਦੇ ਵਿਕਰਾਲ ਅਨੁਭਵਾਂ ਰਾਹੀਂ ਗ੍ਰਹਿਣ ਕੀਤਾ। 1905 ਦੇ ਮਈ ਮਹੀਨੇ ਵਿਚ ਹੀ ਨਰੇਂਦਰ ਦੇ ਪਿਤਾ ਦੀਨਬੰਧੂ ਭੱਟਾਚਾਰੀਆ ਦੀ ਮੌਤ ਹੋ ਗਈ। ਉਸ ਤੋਂ ਬਾਦ ਉਹ ਪੂਰੀ ਤਰ੍ਹਾਂ 'ਅਨੁਸ਼ੀਲਤਾ ਸਮਿਤੀ' ਦੇ ਸੰਗਠਨਾਤਮਕ ਕਾਰਜਾਂ ਨਾਲ ਜੁੜ ਗਿਆ ਤੇ ਭਾਰਤ ਦੀ ਆਜ਼ਾਦੀ ਦੀਆਂ ਹਥਿਆਰਬੰਦ ਕੋਸ਼ਿਸ਼ਾਂ ਦੇ ਮਨਸੂਬੇ ਘੜਨ ਲੱਗਾ। ਪਹਿਲਾਂ-ਪਹਿਲ ਧਾਰਮਿਕ ਸੁਧਾਰਵਾਦੀ ਫਲਸਫ਼ੇ ਦੇ ਪ੍ਰਭਾਵ ਵਿਚ ਰਾਸ਼ਟਰਵਾਦੀ ਲਹਿਰ ਨਾਲ ਜੁੜਿਆ ਨਰੇਂਦਰ ਨਾਥ ਆਪਣੇ ਇਕ ਹੋਰ ਮਿੱਤਰ ਨਲਿਨੀ ਕਾਰ ਦੇ ਹਵਾਲੇ ਨਾਲ 1906 ਵਿਚ ਜਤਿਨ ਮੁਖਰਜੀ ਨੂੰ ਮਿਲਿਆ ਤਾਂ ਉਹ ਪੱਕੇ ਤੌਰ 'ਤੇ ਹਥਿਆਰਬੰਦ ਇਨਕਲਾਬ ਦੇ ਰਾਹਾਂ ਦਾ ਪਾਂਧੀ ਬਣ ਗਿਆ। ਜਤਿਨ ਮੁਕਰਜੀ ਨੂੰ ਬੰਗਾਲ ਵਿਚ ਬੰਬ ਬਣਾਉਣ ਤੇ ਉਪੱਦਰੀ ਘਟਨਾਵਾਂ ਰਾਹੀਂ ਸਰਕਾਰ ਦੇ ਵਿਰੋਧ ਕਰਨ ਵਾਲੀਆਂ ਸੰਸਥਾਵਾਂ ਬਹੁਤ ਮਾਣ ਨਾਲ ਦੇਖਦੀਆਂ ਸਨ। ਜਤਿਨ ਮੁਖਰਜੀ ਦੇ ਆਖਣ 'ਤੇ ਹੀ ਨਰੇਂਦਰ ਮਲਾਡਾ ਤੋਂ ਉੱਤਰੀ ਬੰਗਾਲ ਵਿਚ ਪਰਤ ਆਇਆ ਤੇ ਜਥੇਬੰਦਕ ਕੰਮਾਂ ਨਾਲ ਜੁੜ ਗਿਆ। 19 ਸਾਲਾ ਨਰੇਂਦਰ ਦੇ ਸਮਰਪਣ ਨੂੰ ਦੇਖਦਿਆਂ 1906 ਵਿਚ ਹੀ ਸਮਿਤੀ ਨੇ ਉਸਨੂੰ ਜਯਮੋਰ (ਉਡੀਸਾ) ਵਿਚ 12 ਕੇਂਦਰਾਂ ਦਾ ਇੰਚਾਰਜ ਬਣਾ ਕੇ ਭੇਜਿਆ। ਉੱਥੇ ਹੀ ਨਰੇਂਦਰ ਨੇ ਬੰਬ ਬਣਾਉਣ ਤੇ ਗੋਲੀ ਚਲਾਉਣ ਦੀ ਸਿਖਲਾਈ ਲਈ ਅਤੇ 1907 ਵਿਚ ਹਰੀ ਕੁਮਾਰ ਚੱਕਰਵਤੀ ਨਾਲ ਮਿਲ ਕੇ 40-42 ਕ੍ਰਾਂਤੀਕਾਰੀਆਂ ਦਾ ਇਕ ਟੋਲਾ ਬਣਾਇਆ। ਇਸ ਟੋਲੇ ਨੇ ਕਈ ਰਾਜਸੀ ਡਕੈਤੀਆਂ ਅਤੇ ਹਥਿਆਰਬੰਦ ਕਾਰਵਾਈਆਂ ਵਿਚ ਹਿੱਸਾ ਲਿਆ। ਇਨ੍ਹਾਂ ਵਿੱਚੋਂ ਸਰਕਾਰੀ ਖਜ਼ਾਨਾ

ਲੁੱਟਣ ਲਈ 6 ਦਸੰਬਰ 1907 ਨੂੰ ਚੰਗਰੀਪੋਟਾ ਰੇਲਵੇ ਸਟੇਸ਼ਨ 'ਤੇ ਕੀਤੀ ਡਕੈਤੀ ਪ੍ਰਮੁੱਖ ਹੈ।[6] ਉਹ ਫਰਾਰ ਹੋਇਆ ਪਰ ਬਿਮਾਰ ਮਾਂ ਨੂੰ ਮਿਲਣ ਆਇਆ ਤਾਂ ਗ੍ਰਿਫ਼ਤਾਰ ਕਰ ਲਿਆ ਗਿਆ।

ਇਸੇ ਦੌਰਾਨ ਇਕ ਹੋਰ ਅਹਿਮ ਘਟਨਾ ਵਾਪਰੀ ਜਿਸ ਵਿਚ ਕੁਝ ਕ੍ਰਾਂਤੀਕਾਰੀਆਂ ਨੇ ਇਕ ਅੰਗਰੇਜ਼ ਜੋੜੇ ਸ੍ਰੀ ਅਤੇ ਸ੍ਰੀਮਤੀ ਕੈਨੇਡੀ ਉੱਪਰ ਬੰਬ ਸੁੱਟਿਆ ਜਦੋਂ ਉਹ ਵਾਪਸ ਘਰ ਪਰਤ ਰਹੇ ਸਨ। ਇਹ ਘਟਨਾ ਭੁਲੇਖੇ ਨਾਲ ਵਾਪਰੀ। ਅਸਲ ਨਿਸ਼ਾਨਾ ਮੁਜ਼ੱਫਰਪੁਰ ਦਾ ਜ਼ਿਲ੍ਹਾ ਮੈਜਿਸਟਰੇਟ ਕਿੰਗਜ਼ਫੋਰਡ ਸੀ[7] ਇਸ ਘਟਨਾ ਨਾਲ ਗੁਪਤ ਕ੍ਰਾਂਤੀਕਾਰੀ ਸੰਗਠਨਾਂ ਵਿਰੁੱਧ ਸਰਕਾਰੀ ਗ੍ਰਿਫ਼ਤਾਰੀ ਮੁਹਿੰਮ ਤੇਜ਼ ਹੋ ਗਈ। ਇਸੇ ਸਿਲਸਿਲੇ ਵਿਚ ਹੀ ਖ਼ੁਦੀ ਰਾਮ ਬੋਸ ਦੀ ਗ੍ਰਿਫ਼ਤਾਰੀ ਹੋਈ ਤੇ ਜ਼ਮਾਨਤ ਉੱਪਰ ਚੱਲ ਰਹੇ ਨਰੇਂਦਰ ਨਾਥ ਨੂੰ ਭਗੌੜਾ ਹੋਣਾ ਪਿਆ। ਪਰ ਉਸ ਨੇ ਆਪਣੇ ਟੋਲੇ ਸਾਮ੍ਹਣੇ ਖ਼ੁਦੀ ਰਾਮ ਬੋਸ ਦੀ ਗ੍ਰਿਫ਼ਤਾਰੀ ਦਾ ਬਦਲਾ ਲੈਣ ਦਾ ਪ੍ਰਣ ਕੀਤਾ।[8] ਖ਼ੁਦੀ ਰਾਮ ਬੋਸ ਨੂੰ ਫਾਂਸੀ ਦੇ ਦਿੱਤੀ ਗਈ ਤੇ ਪ੍ਰਤੀਕਰਮ ਵਜੋਂ ਨਰੇਂਦਰ ਨਾਥ ਨੇ ਨਵੰਬਰ 1908 ਵਿਚ ਬੰਗਾਲ ਇੰਟੈਲੀਜੈਂਸ ਦੇ ਇਕ ਅਫ਼ਸਰ ਨੰਦ ਲਾਲ ਬੈਨਰਜੀ ਨੂੰ ਗੋਲੀ ਮਾਰ ਦਿੱਤੀ। ਇਸ ਕਤਲ ਤੋਂ ਬਾਦ ਉਸਦੀ ਸਮਿਤੀ ਦੇ ਸਰਕਰਦਾ ਆਗੂਆਂ ਔਰਬਿੰਦੋ ਘੋਸ਼, ਬਾਰੀਨ ਘੋਸ਼ ਨੂੰ ਅਲੀਪੋਰ ਸਾਜ਼ਿਸ਼ ਕੇਸ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। ਨਰੇਂਦਰ ਅਗਲੇ ਕਈ ਮਹੀਨੇ ਗੁਪਤਵਾਸ ਵਿਚ ਰਿਹਾ। ਇਸ ਦੌਰਾਨ ਨਰੇਂਦਰ ਨਾਥ ਨੇ ਕਈ ਡਕੈਤੀਆਂ ਵਿਚ ਹਿੱਸਾ ਲਿਆ ਜਿਹੜੀਆਂ ਡਾਇਮੰਡ ਹਾਰਬਰ ਅਤੇ 24 ਪਰਗਣਾ ਜ਼ਿਲ੍ਹੇ ਦੇ ਆਸ ਪਾਸ ਦੇ ਇਲਾਕਿਆਂ ਵਿਚ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚੋਂ ਨੇਤਰਾ ਦੀ ਮਸ਼ਹੂਰ ਲੁੱਟ ਵਿਸ਼ੇਸ਼ ਕਰਕੇ ਮਸ਼ਹੂਰ ਹੈ। 25 ਅਪ੍ਰੈਲ 1909 ਨੂੰ ਇਕ ਜਗੀਰਦਾਰ ਦੇ ਘਰ ਡਾਕਾ ਮਾਰਨ ਤੋਂ ਬਾਦ ਨਰੇਂਦਰ ਨੇ ਇਕ ਨੋਟ ਛੱਡਿਆ, ਜਿਸ ਵਿਚ ਉਸਨੇ ਘਰ ਦੇ ਮਾਲਕ ਨੂੰ ਲਿਖਿਆ, ਅਸੀਂ ਇਸ ਪੈਸੇ (2,000 ਰੁਪਏ) ਨੂੰ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਖਦੇੜਨ ਲਈ ਉਧਾਰ ਲੈ ਰਹੇ ਹਾਂ।[9]

ਆਪਣੀ ਮਫ਼ਰੂਰੀ ਦੌਰਾਨ ਨਰੇਂਦਰ ਨੇ ਵਧੇਰੇ ਸਮਾਂ ਹਾਵੜਾ ਅਤੇ ਸਿਬਪੁਰ ਵਿਚ ਗੁਜ਼ਾਰਿਆ। ਅਨੁਸ਼ੀਲਨ ਸਮਿਤੀ ਉੱਪਰ ਤਦ ਤਕ ਪਾਬੰਦੀ ਲੱਗ ਚੁੱਕੀ ਸੀ। ਜੇਲ੍ਹ ਤੋਂ ਰਿਹਾਅ ਹੋ ਕੇ ਅਰਬਿੰਦੋ ਘੋਸ਼ ਸਿਆਸੀ ਗਤੀਵਿਧੀਆਂ ਤੋਂ ਉਕਤਾ ਕੇ ਸੰਨਿਆਸੀ ਬਣ ਗਿਆ। ਨਰੇਂਦਰ ਦੇ ਬਾਕੀ ਕ੍ਰਾਂਤੀਕਾਰੀ ਸਾਥੀ ਲੰਮੇ ਸਮੇਂ ਲਈ ਜੇਲ੍ਹ ਵਿਚ ਬੰਦ ਸਨ। ਗੁਪਤ ਕ੍ਰਾਂਤੀਕਾਰੀ ਮੁਹਿੰਮ ਸਮਾਪਤੀ ਦਾ ਖ਼ਤਰਾ ਹੰਢਾ ਰਹੀ ਸੀ। ਨਰੇਂਦਰ ਨੇ ਜਤਿਨ ਮੁਖਰਜੀ ਨਾਲ ਮਿਲ ਕੇ ਸੰਗਠਨ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕੀਤਾ। ਬਹੁਤ ਸਾਰੇ ਵਿਰੋਧੀ ਮੱਤਾਂ ਵਾਲੇ ਗਰੁੱਪਾਂ ਨਾਲ ਲੰਮੀਆਂ ਬਹਿਸਾਂ ਕੀਤੀਆਂ ਤੇ ਆਪਣੀਆਂ ਅਰਾਜਕਤਾਵਾਦੀ ਕਾਰਵਾਈਆਂ ਦੇ ਹੱਕ ਵਿਚ ਦਲੀਲਾਂ ਦਿੱਤੀਆਂ। ਅਖੀਰ ਨਰੇਂਦਰ ਦੀ 31 ਮਈ ਨੂੰ ਨੇਤਰਾ ਡਕੈਤੀ ਦੇ ਸੰਬੰਧ ਵਿਚ ਗ੍ਰਿਫ਼ਤਾਰੀ ਹੋਈ ਪਰ ਸ਼ਿਕਾਇਤਕਰਤਾ ਵਲੋਂ ਉਸ ਨੂੰ ਨਾ ਪਛਾਣੇ ਜਾਣ ਕਰਕੇ ਉਹ 4 ਜੂਨ ਨੂੰ ਰਿਹਾ ਹੋ

ਗਿਆ।[10]

ਇਸ ਸਮੇਂ ਦੌਰਾਨ ਅੰਡਰਗਰਾਊਂਡ ਕਾਰਵਾਈਆਂ ਤੋਂ ਬਾਦ ਨਰੇਂਦਰ ਨੇ ਇਹ ਗੱਲ ਸਹਿਜੇ ਹੀ ਜਾਣ ਲਈ ਸੀ ਕਿ ਬੰਗਾਲ ਵਿਚ ਦਰਜਨਾਂ ਅਜਿਹੇ ਗਰੁੱਪ ਹਨ ਜਿਨ੍ਹਾਂ ਦਾ ਉਦੇਸ਼ ਆਜ਼ਾਦੀ ਹੈ ਤੇ ਕੰਮ ਕਰਨ ਦੇ ਤਰੀਕੇ ਵੀ ਲਗਭਗ ਇਕੋ ਜਿਹੇ ਹਨ, ਪਰ ਉਨ੍ਹਾਂ ਵਿਚ ਕਿਸੇ ਕਿਸਮ ਦੇ ਤਾਲਮੇਲ ਜਾਂ ਏਕਤਾ ਦੀ ਅਣਹੋਂਦ ਹੈ। ਉਸਨੇ ਤੇ ਉਸਦੇ ਸਾਥੀਆਂ ਨੇ ਜੇਲ੍ਹ ਵਿਚ ਹੀ ਹਥਿਆਰਬੰਦ ਬਗਾਵਤ ਦੀ ਸਕੀਮ ਬਣਾਈ ਤੇ ਸਾਰੇ ਟੋਲਿਆਂ ਨੂੰ ਸਾਂਝੇ ਪਲੇਟਫਾਰਮ 'ਤੇ ਇਕੱਠੇ ਕਰਨ ਦਾ ਫੈਸਲਾ ਕੀਤਾ।[11]

ਇਸ ਏਕਤਾ ਨੂੰ ਸਿਧਾਂਤਕ ਤੌਰ 'ਤੇ ਲਾਗੂ ਕਰਨ ਲਈ ਬਹੁਤ ਸਾਰੇ ਹਥਿਆਰਾਂ ਦੀ ਲੋੜ ਸੀ। ਹਥਿਆਰਾਂ ਲਈ ਰਵਾਇਤੀ ਸਾਧਨ ਡਕੈਤੀਆਂ ਰਾਹੀਂ ਪੈਸਾ ਇਕੱਠਾ ਕਰਨਾ ਹੀ ਸੀ। ਪਰ ਇਸ ਕੰਮ ਵਿਚ ਭਾਰੀ ਖ਼ਤਰਾ ਤੇ ਲੋਕਾਂ ਦੇ ਇਕ ਵਰਗ ਦੀ ਨਾਪਸੰਦਗੀ ਵੀ ਲੁਕੀ ਹੋਈ ਸੀ। ਨਰੇਂਦਰ ਨੇ ਹਥਿਆਰਾਂ ਦੀ ਪ੍ਰਾਪਤੀ ਲਈ ਅੰਤਰਰਾਸ਼ਟਰੀ ਸਥਿਤੀਆਂ ਤੋਂ ਲਾਹਾ ਲੈਣ ਦਾ ਮਨ ਬਣਾਇਆ ਸੀ। ਇਸ ਲਈ ਉਸਨੇ ਕ੍ਰਾਂਤੀਕਾਰੀ ਗਤੀਵਿਧੀਆਂ ਨੂੰ ਬੰਗਾਲ ਤੋਂ ਬਾਹਰ ਉੱਤਰ-ਪੱਛਮੀ ਭਾਰਤ ਤਕ ਫੈਲਾਉਣ ਦੀ ਤਜਵੀਜ਼ ਸੁਝਾਈ। ਅਗਸਤ 1914 ਨੂੰ ਬਹੁਤ ਸਾਰੇ ਗਰੁੱਪਾਂ ਦੀ ਸਾਂਝੀ ਮੀਟਿੰਗ ਵਿਚ ਜਤਿਨ ਮੁਖਰਜੀ ਨੂੰ ਸੁਪਰੀਮ ਕਮਾਂਡਰ ਚੁਣਿਆ ਗਿਆ। ਇਸ ਤੋਂ ਬਾਦ ਬਰਤਾਨੀਆ ਵਿਰੋਧੀ ਬਦੇਸ਼ੀ ਤਾਕਤਾਂ ਨਾਲ ਹਥਿਆਰਾਂ ਦੇ ਲੈਣ-ਦੇਣ ਦੀਆਂ ਕੋਸ਼ਿਸ਼ਾਂ ਤੇਜ਼ ਹੋਈਆਂ ਪਰ ਉਨ੍ਹਾਂ ਕੋਸ਼ਿਸ਼ਾਂ ਨੂੰ ਬੂਰ 1915 ਵਿਚ ਪਿਆ। ਨਰੇਂਦਰ ਨੂੰ ਹੈਰੀ ਐਂਡ ਸੰਨਜ਼ ਕੰਪਨੀ ਦਾ ਨੁਮਾਇੰਦਾ ਬਣਾ ਕੇ ਸੀ.ਏ. ਮਾਰਟਿਨ ਦੇ ਨਕਲੀ ਨਾਂ ਹੇਠ ਹਥਿਆਰ ਬਰਾਮਦਗੀ ਲਈ ਬਤਾਲੀਆ ਭੇਜਿਆ ਗਿਆ। ਬਤਾਲੀਆ ਵਿਚ ਉਸਨੇ ਜਰਮਨਾਂ ਕੋਲੋਂ ਹਥਿਆਰ ਲੈ ਕੇ ਭਾਰਤ ਪਰਤਣਾ ਸੀ। ਅ੍ਰਪੈਲ 1915 ਵਿਚ ਨਰੇਂਦਰ ਵਾਪਸ ਪਰਤਿਆ ਤੇ ਸਾਰੇ ਕ੍ਰਾਂਤੀਕਾਰੀ ਸੰਗਠਨਾਂ ਨੂੰ 'ਮੇਵਰਿਕ' ਨਾਂ ਦੇ ਜਰਮਨ ਜਹਾਜ਼ ਦੀ ਉਡੀਕ ਕਰਨ ਲਈ ਕਹਿਣ ਲੱਗਾ ਜਿਸ ਵਿਚ ਬਹੁਤ ਸਾਰੇ ਹਥਿਆਰ ਦੱਖਣੀ ਬੰਗਾਲ ਵਿਚ ਸੁੰਦਰਬਨ ਨੇੜੇ 'ਰਾਏ ਮਾਂਗਲ' ਨਾਂ ਦੇ ਬੀਆਬਾਨ ਟਾਪੂ 'ਤੇ ਉਤਾਰੇ ਜਾਣੇ ਸਨ। ਜਹਾਜ਼ ਨਹੀਂ ਆਇਆ ਤੇ ਨਰੇਂਦਰ ਨੂੰ ਅਗਸਤ ਵਿਚ ਦੁਬਾਰਾ ਬਤਾਲੀਆ ਜਾਣਾ ਪਿਆ।[12] ਨਰੇਂਦਰ ਤੇ ਭਾਰਤੀ ਕ੍ਰਾਂਤੀਕਾਰੀ ਸੰਗਠਨਾਂ ਨੇ ਭਾਰਤ ਤੋਂ ਬਾਹਰ ਵੈਨਕੂਵਰ, ਸਾਨਫਰਾਂਸਿਸਕੋ ਤੇ ਜਪਾਨ ਵਿਚ ਬੈਠੇ ਭਾਰਤੀਆਂ ਨਾਲ ਸੰਪਰਕ ਬਣਾਏ। ਵਿਸ਼ੇਸ਼ ਕਰਕੇ ਕਲਕੱਤਾ ਵਿਚਲੇ 'ਜਰਮਨ ਕਾਊਂਸਲੇਟ ਜਨਰਲ' ਦੀ ਸਹਾਇਤਾ ਨਾਲ ਜਰਮਨ ਸਰਕਾਰ ਕੋਲੋਂ ਭਾਰਤੀ ਆਜ਼ਾਦੀ ਲਈ ਹਥਿਆਰਬੰਦ ਅਤੇ ਮਾਇਕ ਸਹਾਇਤਾ ਦਾ ਅਹਿਦ ਲਿਆ। ਜਰਮਨੀ ਬਰਤਾਨਵੀ ਬਸਤੀਵਾਦ ਨੂੰ ਕਮਜ਼ੋਰ ਕਰਨ ਦੀ ਆਪਣੀ ਨੀਤੀ ਤਹਿਤ ਭਾਰਤ ਨੂੰ ਸਭ ਤੋਂ ਵੱਡੀ ਬਸਤੀ ਤਸੱਵਰ ਕਰਦਾ ਸੀ। ਭਾਰਤ ਦੀ ਆਜ਼ਾਦੀ ਨਾਲ ਬਰਤਾਨੀਆ ਦੀ ਬਸਤੀਵਾਦੀ ਪੂੰਜੀ ਦਾ ਵੱਡਾ ਸਰੋਤ ਖੁੱਸ ਜਾਣਾ ਸੀ। ਇਸੇ ਉਦੇਸ਼ ਤਹਿਤ ਜਰਮਨੀ ਭਾਰਤੀ ਕ੍ਰਾਂਤੀਕਾਰੀਆਂ ਦੀ ਸਹਾਇਤਾ ਕਰ ਰਿਹਾ ਸੀ। ਨਰੇਂਦਰ ਤੇ ਹੋਰ ਕ੍ਰਾਂਤੀਕਾਰੀ ਗੁੱਟਾਂ ਨੇ ਇਸ ਹਾਲਾਤ ਦਾ ਲਾਹਾ ਲੈਣ ਦਾ ਮਨ

ਬਣਾਇਆ।[13] ਇਸ ਕਾਰਜ ਹਿਤ ਉਹ ਦੱਖਣ-ਪੂਰਬੀ ਦੇਸ਼ਾਂ ਤੋਂ ਹੁੰਦਾ ਹੋਇਆ ਅਮਰੀਕਾ ਲਈ ਰਵਾਨਾ ਹੋਇਆ। 9 ਸਤੰਬਰ 1915 ਨੂੰ ਮਨੀਲਾ ਵਿਚ ਉਸਨੂੰ ਜਤਿਨ ਮੁਖਰਜੀ ਦੀ ਮੌਤ ਦੀ ਖ਼ਬਰ ਮਿਲੀ। ਉਹ ਸਿੰਘਾਪੁਰ, ਮਲੇਸ਼ੀਆ, ਜਾਪਾਨ ਦੇ ਭਾਰਤੀ ਕ੍ਰਾਂਤੀਕਾਰੀਆਂ ਨਾਲ ਮਿਲਦਾ 1916 ਦੇ ਅਖੀਰ ਜਿਹੇ ਅਮਰੀਕਾ ਪੁੱਜਾ। ਇਸ ਸੰਬੰਧੀ ਉਹ ਆਪਣੀਆਂ ਯਾਦਾਂ ਵਿਚ ਲਿਖਦਾ ਹੈ, "ਮੈਂ ਅਮਰੀਕਾ ਵਿਚ ਸੀ. ਮਾਰਟਿਨ ਦੇ ਨਾਂ ਨਾਲ ਦਾਖਲ ਹੋਇਆ। ਮੈਂ ਸਮੁੰਦਰੀ ਰਸਤੇ ਰਾਹੀਂ ਆਇਆ ਤੇ ਸਾਨਫਰਾਂਸਿਸਕੋ ਉੱਤਰਿਆ। ਨਾ ਤਾਂ ਮੈਨੂੰ ਮਾਰਟਿਨ ਤੋਂ ਪਹਿਲਾ ਨਾਮ ਯਾਦ ਹੈ ਤੇ ਨਾ ਹੀ ਉੱਥੇ ਪਹੁੰਚਣ ਦੀ ਤਰੀਕ, ਪਰ ਉਹ 1916 ਦੇ ਛੇਕੜਲੇ ਜਿਹੇ ਦਿਨ ਸਨ।[14]

ਅਮਰੀਕਾ ਪਹੁੰਚ ਕੇ ਉਸਦੀ ਜ਼ਿੰਦਗੀ ਦਾ ਦੂਸਰਾ ਅਹਿਮ ਪੜਾਅ ਸ਼ੁਰੂ ਹੋਇਆ। ਉਹ ਨਰੇਂਦਰ ਤੋਂ ਐਮ.ਐਨ. ਰਾਇ ਬਣਿਆ ਤੇ ਹੁਣ ਤਕ ਦਾ ਗਰਮ ਖਿਆਲੀ ਰਾਸ਼ਟਰਵਾਦੀ ਨੌਜਵਾਨ ਸਮਾਜਵਾਦੀ ਰਾਹਾਂ ਦਾ ਪਾਂਧੀ ਬਣ ਗਿਆ। ਅਮਰੀਕਾ ਦੀਆਂ ਬਰਤਾਨੀਆ ਪੱਖੀ ਅਖ਼ਬਾਰਾਂ ਨੇ ਉਸਨੂੰ 'ਰਹੱਸਮਈ ਵਿਅਕਤੀ' (Mystery Man) ਕਿਹਾ।[15] ਇਹ ਪਹਿਲੇ ਸੰਸਾਰ ਯੁੱਧ ਦੇ ਉਹ ਦਿਨ ਸਨ ਜਦੋਂ ਅਜੇ ਅਮਰੀਕਾ ਇਸ ਯੁੱਧ ਦਾ ਹਿੱਸਾ ਨਹੀਂ ਬਣਿਆ ਸੀ। ਸੋ, ਅਮਰੀਕੀ ਧਰਤੀ ਤੋਂ ਬਰਤਾਨਵੀ ਬਸਤੀਵਾਦ ਵਿਰੋਧੀ ਸਰਗਰਮੀਆਂ ਉੱਪਰ ਰੋਕ ਨਹੀਂ ਲੱਗੀ ਸੀ। ਪਰ ਅਮਰੀਕੀ ਮੀਡੀਏ ਵਿਚ ਕਈ ਅਖ਼ਬਾਰਾਂ ਬਰਤਾਨਵੀ ਪੂੰਜੀਪਤੀਆਂ ਦੀ ਮਲਕੀਅਤ ਸਨ। ਇਨ੍ਹਾਂ ਅਖ਼ਬਾਰਾਂ ਨੇ ਨਰੇਂਦਰ ਦੇ ਖਿਲਾਫ਼ ਐਸਾ ਭੰਡੀ-ਪ੍ਰਚਾਰ ਕੀਤਾ ਕਿ ਏਜੰਸੀਆਂ ਦੇ ਸੂਹੀਏ ਉਸਦੇ ਮਗਰ ਲੱਗ ਗਏ। ਸਟੈਨਫੋਰਡ ਯੂਨੀਵਰਸਿਟੀ ਵਿਚ ਨਰੇਂਦਰ ਦੇ ਮਿੱਤਰਾਂ ਵਿਸ਼ੇਸ਼ ਕਰਕੇ ਜਾਦੂਗੋਪਾਲ ਮੁਖਰਜੀ ਦੇ ਭਰਾ ਧਨਗੋਪਾਲ ਮੁਖਰਜੀ ਨੇ ਉਸਨੂੰ ਨਾਂ ਬਦਲਣ ਦੀ ਸਲਾਹ ਦਿੱਤੀ ਤੇ ਉਸਦਾ ਨਾਂ ਮਾਨਵੇਂਦਰ ਨਾਥ ਰਾਇ ਰੱਖ ਦਿੱਤਾ। ਰਾਇ ਨਾਂ ਬਦਲਣ ਦੀ ਇਸ ਘਟਨਾ ਨੂੰ ਆਪਣਾ 'ਪੁਨਰ ਜਨਮ' ਕਹਿੰਦਾ ਸੀ।[16] ਐਮ.ਐਨ. ਰਾਇ ਦੇ ਅਮਰੀਕਾ ਪਹੁੰਚਣ ਤੋਂ ਪਹਿਲਾਂ ਹੀ ਏਥੋਂ ਬਰਤਾਨਵੀ ਸਾਮਰਾਜਵਾਦ ਖਿਲਾਫ਼ ਭਾਰਤੀ ਕ੍ਰਾਂਤੀਕਾਰੀ ਸੰਗਠਨ ਪੂਰੀ ਤਰ੍ਹਾਂ ਸਰਗਰਮ ਸਨ। 1911-1914 ਤੱਕ ਲਾਲਾ ਹਰਦਿਆਲ ਦੀ ਅਮਰੀਕਾ ਵਿਚ ਮੌਜੂਦਗੀ ਅਤੇ ਲਾਲਾ ਲਾਜਪਤ ਰਾਏ ਦੀ ਨਿਰੰਤਰ ਸੰਗਠਨਾਤਮਕ ਤੌਰ 'ਤੇ ਸੁਚੇਤਨਾ ਨੇ ਭਾਰਤੀ ਆਜ਼ਾਦੀ ਦੇ ਮੁੱਦੇ ਪ੍ਰਤਿ ਅਮਰੀਕੀ ਲੋਕਾਂ ਦਾ ਧਿਆਨ ਖਿੱਚਿਆ ਸੀ। ਉਸ ਸਮੇਂ ਅਮਰੀਕਾ ਵਿਚ ਭਾਰਤ ਪੱਖੀ ਲਹਿਰ ਦੋ ਥਾਵਾਂ 'ਤੇ ਸਰਗਰਮ ਸੀ। ਪੈਸੇਫਿਕ ਕੋਸਟ ਹਿੰਦੁਸਤਾਨੀ ਐਸੋਸੀਏਸ਼ਨ (Pacific Coast Hindustani Association)ਓਰਗਨ ਵਿਚ ਸੀ ਤੇ ਹਿੰਦੁਸਤਾਨੀ ਗ਼ਦਰ ਪਾਰਟੀ ਦਾ ਕੇਂਦਰ ਸਾਨਫਰਾਂਸਿਸਕੋ ਸੀ।[17] ਵਿਸ਼ੇਸ਼ ਤੌਰ 'ਤੇ ਗ਼ਦਰ ਪਾਰਟੀ ਦੀ ਲਾਇਨ ਤੇ ਕੰਮ ਕਰਨ ਦੇ ਢੰਗ ਐਮ.ਐਨ.ਰਾਇ ਦੇ ਵਿਚਾਰਾਂ ਦੇ ਅਨੁਸਾਰ ਸਨ ਤੇ ਕੁਝ ਬੰਗਾਲੀ ਜਿਵੇਂ ਤਾਰਕਨਾਥ ਦਾਸ ਗ਼ਦਰ ਲਹਿਰ ਨਾਲ ਨੇੜਿਓਂ ਜੁੜੇ ਵੀ ਹੋਏ ਸਨ। ਗ਼ਦਰ ਲਹਿਰ ਦੇ ਭਾਰਤ ਪਹੁੰਚ ਕੇ ਫੌਜੀ ਛਾਉਣੀਆਂ ਵਿਚ ਗ਼ਦਰ ਰਾਹੀਂ ਬਰਤਾਨਵੀ ਸ਼ਾਸਨ ਨੂੰ ਖਦੇੜਨ ਦੀ ਮੁੱਢਲੀ ਕੋਸ਼ਿਸ਼ ਨਾਕਾਮਯਾਬ ਹੋ ਚੁੱਕੀ ਸੀ। ਉਸ ਤੋਂ ਬਾਦ ਬਰਲਿਨ

ਵਿਚ ਗਠਿਤ ਹੋਈ ਬਰਲਿਨ ਹਿੰਦੁਸਤਾਨੀ ਕਮੇਟੀ (BIC) ਲਗਾਤਾਰ ਗ਼ਦਰੀਆਂ ਦੇ ਸੰਪਰਕ ਵਿਚ ਸੀ ਅਤੇ ਸਾਨਫਰਾਂਸਿਸਕੋ ਵਿਚਲੀ ਜਰਮਨ ਕਾਊਂਸਲੇਟ ਗ਼ਦਰ ਸਰਗਰਮੀਆਂ ਲਈ ਫੰਡ ਮੁਹੱਈਆ ਕਰਾ ਰਹੀ ਸੀ। 1915 ਵਿਚ ਬਰਲਿਨ ਕਮੇਟੀ ਦੀ ਸਹਾਇਤਾ ਨਾਲ ਤੀਹ ਹਜ਼ਾਰ ਬੰਦੂਕਾਂ ਤੇ ਇਕ ਕਰੋੜ ਵੀਹ ਲੱਖ ਗੋਲੀਆਂ ਭਾਰਤ ਭੇਜਣ ਲਈ ਵਰਤਿਆ ਜਾ ਰਿਹਾ ਜਹਾਜ਼ ਮੇਵਰਿਕ ਰਾਹ ਵਿਚ ਹੀ ਫੜਿਆ ਗਿਆ ਤਾਂ ਬਰਲਿਨ ਕਮੇਟੀ ਨੇ ਭਾਰਤੀ ਕ੍ਰਾਂਤੀਕਾਰੀਆਂ ਨੂੰ ਸਾਨਫਰਾਂਸਿਸਕੋ ਦੀ ਮਾਰਫ਼ਤ ਹਥਿਆਰ ਪਹੁੰਚਾਉਣ ਦਾ ਮਨ ਬਣਾਇਆ। ਐਮ.ਐਨ. ਰਾਇ ਇਸੇ ਉਦੇਸ਼ ਲਈ ਅਮਰੀਕਾ ਆਇਆ। ਉਸ ਸਮੇਂ ਬਰਲਿਨ-ਭਾਰਤ ਕਮੇਟੀ ਦੇ ਵੱਡੇ ਲੀਡਰਾਂ ਵਿਚ ਸਰੋਜਨੀ ਨਾਇਡੂ ਦਾ ਭਰਾ ਵੀਰੇਂਦਰਨਾਥ ਚਟੋਪਾਧਿਆਇ ਪ੍ਰਮੁੱਖ ਸੀ। ਉਹ ਵੀ ਬੰਗਾਲੀ ਸੀ ਤੇ ਯੂਰਪ ਵਿਚ ਅਣਥੱਕ ਸਾਮਰਾਜਵਾਦ ਵਿਰੋਧੀ ਸਰਗਰਮੀਆਂ ਲਈ ਜਾਣਿਆ ਜਾਂਦਾ ਸੀ।[18] ਵੀਰੇਂਦਰ ਚਟੋਪਾਧਿਆਏ ਉਰਫ਼ ਚੈਟੋ ਸਿਵਲ ਸਰਵਿਸਿਜ਼ ਇਮਤਿਹਾਨਾਂ ਦੀ ਤਿਆਰੀ ਲਈ ਬਰਤਾਨੀਆ ਆਇਆ। ਦੋ ਵਾਰ ਇਮਤਿਹਾਨਾਂ ਵਿਚ ਅਸਫ਼ਲ ਰਹਿਣ ਪਿੱਛੋਂ ਉਹ ਰਾਸ਼ਟਰਵਾਦੀ ਆਜ਼ਾਦੀ ਲਹਿਰ ਦੇ ਯੂਰਪੀ ਕਾਂਡ ਦਾ ਹਿੱਸਾ ਬਣ ਗਿਆ। ਜਰਮਨ ਵਿਚਲਾ ਤਤਕਾਲੀ ਪ੍ਰਸ਼ਾਸਨ ਉਸ ਉਪਰ ਪੂਰਾ ਯਕੀਨ ਕਰਦਾ ਸੀ ਤੇ ਅਮਰੀਕਾ ਵਿਚਲੇ ਇਨਕਲਾਬੀਆਂ ਨਾਲ ਸੰਪਰਕ ਦੀ ਉਸਦੀ ਮੁਹਿੰਮ ਦਾ ਪੂਰਾ ਹਮਾਇਤੀ ਸੀ। ਉਸਨੇ 3 ਸਤੰਬਰ 1914 ਨੂੰ ਜਰਮਨੀ ਅਧਿਕਾਰੀਆਂ ਨਾਲ ਇਕ ਸਮਝੌਤਾ ਕੀਤਾ ਜਿਸ ਮੁਤਾਬਿਕ ਮੇਵਰਿਕ ਜਹਾਜ਼ 'ਤੇ ਹਥਿਆਰਾਂ ਦੀ ਸਪਲਾਈ ਹੋਣੀ ਸੀ। ਭਾਰਤ ਵਿਚ ਹਥਿਆਰਾਂ ਨਾਲ ਭਰੇ ਜਹਾਜ਼ ਦੇ ਸਵਾਗਤ ਦੀ ਜ਼ਿੰਮੇਵਾਰੀ ਐਮ.ਐਨ. ਰਾਇ ਦੀ ਸੀ। ਸੰਚਾਰ ਦੀ ਘਾਟ ਕਾਰਨ ਇਹ ਹਥਿਆਰ ਕਦੇ ਵੀ ਭਾਰਤ ਨਾ ਪਹੁੰਚ ਸਕੇ ਅਤੇ ਇਸ ਦੀ ਜ਼ਿੰਮੇਵਾਰੀ ਰਾਇ ਨੇ 'ਚੈਟੋ' ਉੱਪਰ ਸੁੱਟਦਿਆਂ ਉਸ ਨਾਲ ਸਦੀਵੀ ਦੁਸ਼ਮਣੀ ਮਿੱਥ ਲਈ।[19]

ਹੁਣ ਦੋ ਸਾਲ ਬਾਦ ਚੈਟੋ ਤੇ ਰਾਇ ਫਿਰ ਆਮਣੇ-ਸਾਮ੍ਹਣੇ ਸਨ। ਇਹ ਦੋਵੇਂ ਭਾਰਤੀ ਇਨਕਲਾਬੀਆਂ ਦੀ ਸਾਨਫਰਾਂਸਿਸਕੋ ਕਾਨਫਰੰਸ ਲਈ ਅਮਰੀਕਾ ਆਏ ਸਨ। ਚੈਟੋ ਨੂੰ ਜਿੱਥੇ ਬਰਲਿਨ ਭਾਰਤ ਕਮੇਟੀ ਦੇ ਪ੍ਰਤੀਨਿਧ ਵਜੋਂ ਅਮਰੀਕਾ ਵਿਚਲੇ ਭਾਰਤੀ ਇਨਕਲਾਬੀ ਤੱਤਾਂ ਦੀ ਸਮਰੱਥਾ ਦੀ ਟੋਹ ਲੈਣ ਲਈ ਇੱਥੇ ਭੇਜਿਆ ਗਿਆ ਸੀ, ਉੱਥੇ ਕੁਝ ਜਰਮਨ ਅਧਿਕਾਰੀ ਐਮ.ਐਨ. ਰਾਇ ਦੇ ਸੰਪਰਕ ਵਿਚ ਵੀ ਸਨ। ਉਸਨੂੰ ਵੀ ਇਸ ਕਾਨਫਰੰਸ ਦੀ ਰਿਪੋਰਟ ਤਿਆਰ ਕਰਨ ਅਤੇ ਬਰਲਿਨ ਆ ਕੇ ਪੇਸ਼ ਕਰਨ ਲਈ ਕਿਹਾ ਗਿਆ ਸੀ।[20] ਪੁਰਾਣੀ ਰੰਜਿਸ਼ ਕਰਕੇ ਰਾਇ ਅਤੇ ਚੈਟੋ ਵਿਚਕਾਰ ਅਜੀਬ ਤਰ੍ਹਾਂ ਦੀ ਮੁਕਾਬਲੇਬਾਜ਼ੀ ਵੀ ਸੀ। ਚੈਟੋ ਰਾਇ ਦੀ ਹਾਵੀ ਹੋਣ ਦੀ ਪੁਰਾਣੀ ਆਦਤ ਦਾ ਭੇਤੀ ਸੀ ਤੇ ਉਹ ਨਹੀਂ ਚਾਹੁੰਦਾ ਸੀ ਕਿ ਰਾਇ ਦਾ ਜ਼ਰਾ ਵੀ ਸਾਰਥਕ ਪ੍ਰਭਾਵ ਬਰਲਿਨ ਭਾਰਤ ਕਮੇਟੀ ਉੱਪਰ ਪਵੇ। ਦੂਜੇ ਪਾਸੇ ਐਮ.ਐਨ. ਰਾਇ ਇਸ ਕਮੇਟੀ ਦੀਆਂ ਨਜ਼ਰਾਂ ਵਿਚ ਆਪਣੀ ਸਾਖ ਬਣਾਉਣ ਦੇ ਰਾਹ ਵਿਚ ਚੈਟੋ ਨੂੰ ਰੁਕਾਵਟ ਮੰਨਦਾ ਸੀ ਤੇ ਬਿਹਤਰ ਕਾਰਜ ਨਾਲ ਉਸਨੂੰ ਪਛਾੜਨਾ ਚਾਹੁੰਦਾ ਸੀ। ਪਰ ਐਮ.ਐਨ. ਰਾਇ ਇਸ ਲੜਾਈ ਨੂੰ

ਆਪਣੀ ਭਾਵੁਕਤਾ ਕਾਰਨ ਗੁਆ ਬੈਠਾ। ਰਾਇ ਇਸ ਕਾਨਫਰੰਸ ਤੋਂ ਬਾਦ ਆਪਣੀ ਪ੍ਰੇਮਿਕਾ ਐਵਲਿਨ ਨਾਲ ਘੁੰਮਦਾ ਰਿਹਾ ਤੇ ਜਰਮਨ ਜਾਣ ਵਾਲਾ ਬੇੜਾ ਉਸ ਤੋਂ ਖੁੰਝ ਗਿਆ। ਜਰਮਨ ਅਧਿਕਾਰੀ ਇਸ ਅਣਗਹਿਲੀ ਤੋਂ ਖਾਸੇ ਔਖੇ ਹੋਏ ਤੇ ਉਨ੍ਹਾਂ ਰਾਇ ਤੇ ਹੋਰ ਯਕੀਨ ਕਰਨ ਤੋਂ ਟਾਲ਼ਾ ਵੱਟ ਲਿਆ।[21]

ਅਸਲ ਵਿਚ ਐਮ.ਐਨ. ਰਾਇ ਅਮਰੀਕਾ ਆ ਕੇ ਆਪਣੇ ਬੰਗਾਲੀ ਮਿੱਤਰ ਧਨਗੋਪਾਲ ਮੁਕਰਜੀ ਕੋਲ ਸਟੈਨਫੋਰਡ ਯੂਨੀਵਰਸਿਟੀ ਵਿਚ ਰਿਹਾ। ਇਹ ਯੂਨੀਵਰਸਿਟੀ ਉਸ ਵਕਤ ਮੈਕਸੀਕਨ ਤੇ ਆਇਰਸ਼ ਕ੍ਰਾਂਤੀਕਾਰੀਆਂ ਦਾ ਗੜ੍ਹ ਸੀ। ਇੱਥੇ ਹੀ ਉਸਦੀ ਮੁਲਾਕਾਤ ਪ੍ਰਸਿੱਧ ਆਇਰਸ਼ ਕ੍ਰਾਂਤੀਕਾਰੀ ਡੀ. ਵਲੇਰਾ ਦੀ ਭਤੀਜੀ ਐਵਲਿਨ ਨਾਲ ਹੋਈ। ਐਵਲਿਨ ਰਾਇ ਦੀ ਮਿਕਨਾਤੀਸੀ ਹਸਤੀ ਵੱਲ ਆਕਰਸ਼ਿਤ ਹੋਈ ਤੇ ਉਸਦੇ ਇਸ਼ਕ ਵਿਚ ਡੁੱਬ ਗਈ। ਇਸੇ ਇਸ਼ਕ ਦੇ ਅੰਜਾਮ ਵਜੋਂ ਜਹਾਜ਼ ਛੁੱਟ ਜਾਣ ਦੀ ਇਹ ਘਟਨਾ ਵਾਪਰੀ।[22] ਇਸ ਘਟਨਾ ਤੋਂ ਬਾਦ ਐਮ.ਐਨ. ਰਾਇ ਨੇ ਅਮਰੀਕਾ ਅਤੇ ਮੈਕਸੀਕੋ ਵਿਚ ਰਹਿ ਕੇ ਆਪਣੀਆਂ ਗਤੀਵਿਧੀਆਂ ਨੂੰ ਜਾਰੀ ਰੱਖਣ ਦਾ ਮਨ ਬਣਾਇਆ। ਲਾਲਾ ਲਾਜਪਤ ਰਾਏ ਉਨ੍ਹਾਂ ਦਿਨਾਂ ਵਿਚ ਅਮਰੀਕਾ ਵਿੱਚੋਂ ਹੀ ਆਪਣੀਆਂ ਰਾਸ਼ਟਰਵਾਦੀ ਸਰਗਰਮੀਆਂ ਕਰ ਰਿਹਾ ਸੀ। ਉਹ ਭਾਰਤ ਦੀ ਆਜ਼ਾਦੀ ਦਾ ਜੋ ਮਾਡਲ ਪੇਸ਼ ਕਰਦਾ ਸੀ ਉਹ ਬਦੇਸ਼ੀ ਪ੍ਰਭਾਵ ਤੋਂ ਪੂਰਨ ਆਜ਼ਾਦੀ ਨਹੀਂ, ਬਲਕਿ ਕਾਮਨਵੈਲਥ ਵਰਗੇ ਸੰਗਠਨ ਦੇ ਅਧੀਨ ਰਹਿ ਕੇ ਭਾਰਤੀ ਲੋਕਾਂ ਲਈ ਪ੍ਰਸ਼ਾਸਨਿਕ ਸੁਤੰਤਰਤਾ ਵਾਲਾ ਸੀ। ਐਮ.ਐਨ. ਰਾਇ ਨੇ ਐਵਲਿਨ ਨਾਲ ਨਿਊਯਾਰਕ ਵਿਚ ਵਿਆਹ ਕਰਵਾਇਆ ਤਾਂ ਇਸ ਜੋੜੇ ਦੀ ਸਭ ਤੋਂ ਵਧੇਰੇ ਸਹਾਇਤਾ ਲਾਜਪਤ ਰਾਏ ਨੇ ਕੀਤੀ। ਲਾਜਪਤ ਰਾਏ ਦੇ ਘਰ ਰਹਿ ਕੇ ਐਮ.ਐਨ. ਰਾਇ ਅਮਰੀਕੀ ਸਮਾਜਵਾਦੀਆਂ ਦੇ ਸੰਪਰਕ ਵਿਚ ਆਇਆ। ਉਹ ਲਾਜਪਤ ਰਾਏ ਦੇ ਕਈ ਭਾਸ਼ਣਾਂ ਵਿਚ ਗਿਆ। ਅਜਿਹੀ ਹੀ ਇਕ ਮੀਟਿੰਗ ਵਿਚ ਲਾਜਪਤ ਰਾਏ ਨੇ ਸਮਾਜਵਾਦੀਆਂ ਨੂੰ ਸੰਬੋਧਨ ਕਰਨਾ ਸੀ। ਉਸਦੇ ਭਾਸ਼ਣ ਦੌਰਾਨ ਇਕ ਵਿਅਕਤੀ ਖੜ੍ਹਾ ਹੋ ਗਿਆ ਅਤੇ ਉਸਨੇ ਲਾਜਪਤ ਰਾਏ ਕੋਲੋਂ ਕਈ ਤਿੱਖੇ ਸਵਾਲ ਪੁੱਛੇ। ਉਸਨੇ ਪੁੱਛਿਆ ਕਿ ਰਾਸ਼ਟਰਵਾਦੀਆਂ ਕੋਲ ਭਾਰਤੀਆਂ ਦੇ ਗਰੀਬੀ ਦੇ ਖ਼ਾਤਮੇ ਲਈ ਕੀ ਹੱਲ ਹੈ? ਦੂਸਰਾ ਸਵਾਲ ਇਹ ਸੀ ਕਿ ਇਸ ਵਿਚ ਕੀ ਕੋਈ ਅੰਤਰ ਹੈ ਕਿ ਭਾਰਤੀ ਲੋਕਾਂ ਦੀ ਆਰਥਿਕ ਲੁੱਟ ਬਰਤਾਨਵੀ ਬਸਤੀਵਾਦੀ ਕਰਦੇ ਹਨ ਜਾਂ ਸਥਾਨਕ ਪੂੰਜੀਪਤੀ? ਲਾਜਪਤ ਰਾਏ ਕੋਲ ਇਨ੍ਹਾਂ ਸਵਾਲਾਂ ਦੇ ਤਰਕਪੂਰਣ ਜੁਆਬਾਂ ਦੀ ਅਣਹੋਂਦ ਸੀ। ਐਮ.ਐਨ. ਰਾਇ ਇਸ ਮੀਟਿੰਗ ਨੂੰ ਅੱਧ-ਵਿਚਾਲੇ ਛੱਡ ਕੇ ਵਾਪਸ ਆ ਗਿਆ।[23] ਉਸਨੇ ਦੁਨੀਆ ਦੀ ਜਮਾਤੀ ਦਰਜਾਬੰਦੀ ਨੂੰ ਮਹਿਸੂਸ ਕੀਤਾ ਤੇ ਨਾਲ ਹੀ ਇਹ ਵੀ ਕਿ ਕਿਸੇ ਇਕ ਦੇਸ਼ ਵਿਚ ਪੂੰਜੀਪਤੀ ਪ੍ਰਬੰਧ ਤੋਂ ਆਜ਼ਾਦੀ ਨਾ ਤਾਂ ਸੰਭਵ ਹੈ ਤੇ ਨਾ ਹੀ ਦੁਨੀਆਂ ਦੀ ਬਹੁਗਿਣਤੀ ਵਸੋਂ ਨੂੰ ਇਸ ਪ੍ਰਬੰਧ ਤੋਂ ਮੁਕਤ ਕਰਾਏ ਬਿਨਾਂ ਅਜਿਹੀ ਆਜ਼ਾਦੀ ਬਰਕਰਾਰ ਰੱਖੀ ਜਾ ਸਕਦੀ ਹੈ। ਇਸ ਨਾਲ ਉਹ ਸਮਾਜਵਾਦੀ ਤਰਜ਼ ਦੀ ਸਮਾਜਕ-ਸਰੰਚਨਾ ਪ੍ਰਤਿ ਆਕਰਸ਼ਿਤ ਹੋਇਆ ਤੇ ਉਸਨੇ ਮਾਰਕਸਵਾਦੀ ਲਿਖਤਾਂ ਦਾ ਮੁਤਾਲਿਆ ਆਰੰਭ ਕੀਤਾ। ਠੀਕ ਇਸੇ ਸਮੇਂ ਅਮਰੀਕਾ ਨੇ ਪਹਿਲੇ ਵਿਸ਼ਵ ਯੁੱਧ ਵਿਚ

ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਅਮਰੀਕੀ ਵਸੋਂ ਦਾ ਨਜ਼ਰੀਆ ਇਸ ਐਲਾਨ ਨਾਲ ਵੱਖ-ਵੱਖ ਦੇਸ਼ਾਂ ਦੇ ਕ੍ਰਾਂਤੀਕਾਰੀਆਂ ਪ੍ਰਤਿ ਤਬਦੀਲ ਹੋ ਗਿਆ। ਨਾਲ ਹੀ ਅਮਰੀਕਾ ਨੇ ਜਰਮਨੀ ਖਿਲਾਫ਼ ਯੁੱਧ ਲਈ ਬਰਤਾਨੀਆ ਨਾਲ ਅਹਿਦਨਾਮਾ ਵੀ ਕੀਤਾ ਤੇ ਇਸ ਅਹਿਦਨਾਮੇ ਦੀ ਚੌਥੀ ਮੱਦ ਅਨੁਸਾਰ ਅਮਰੀਕੀ ਪ੍ਰਸ਼ਾਸਨ ਨੇ ਆਪਣੀ ਧਰਤੀ ਤੋਂ ਬਰਤਾਨੀਆ ਖਿਲਾਫ਼ ਚੱਲਣ ਵਾਲੀਆਂ ਸਾਰੀਆਂ ਲਹਿਰਾਂ ਦੀ ਨਕੇਲ ਕੱਸਣੀ ਸੀ।[24] ਭਾਰਤੀ ਕ੍ਰਾਂਤੀਕਾਰੀਆਂ ਵਿਰੁੱਧ ਵੀ ਜਰਮਨੀ ਨਾਲ ਗੰਢ-ਸੰਢ ਕਰਕੇ ਅਮਰੀਕੀ ਗਣਰਾਜ ਖਿਲਾਫ਼ ਸਾਜਿਸ਼ ਦੇ ਇਲਜ਼ਾਮ ਤਹਿਤ 'ਹਿੰਦੂ-ਜਰਮਨ ਸਾਜਿਸ਼ ਕੇਸ' ਆਰੰਭ ਹੋ ਗਿਆ। ਰਾਇ ਤੇ ਉਸਦੀ ਪਤਨੀ ਐਵਲਿਨ ਨੂੰ ਵੀ ਇਸੇ ਸਾਜਿਸ਼ ਕੇਸ ਵਿਚ ਕੋਲੰਬੀਆ ਯੂਨੀਵਰਸਿਟੀ ਤੋਂ ਗ੍ਰਿਫ਼ਤਾਰ ਕਰ ਲਿਆ। ਐਮ.ਐਨ. ਰਾਇ ਦੇ ਖਿਲਾਫ਼ ਅਮਰੀਕੀ ਇੰਮੀਗਰੇਸ਼ਨ ਨਿਯਮਾਂ ਨੂੰ ਤੋੜਨ ਦੇ ਦੋਸ਼ ਅਧੀਨ ਕੇਸ ਦਰਜ ਹੋਇਆ।[25] ਉਨ੍ਹਾਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ। ਰਾਇ ਨੂੰ ਪਤਾ ਲੱਗ ਚੁੱਕਾ ਸੀ ਕਿ ਹੁਣ ਅਮਰੀਕਾ ਵਿਚ ਰਹਿ ਕੇ ਭਾਰਤ ਦੇ ਇਨਕਲਾਬ ਲਈ ਕੰਮ ਕਰਨਾ ਸੌਖਾ ਨਹੀਂ ਰਹੇਗਾ, ਸੋ ਜੁਲਾਈ 1917 ਵਿਚ ਉਸਨੇ ਆਪਣੀ ਪਤਨੀ ਨਾਲ ਮੈਕਸੀਕੋ ਲਈ ਰੇਲ ਫੜ ਲਈ। ਉਹ ਦੋਵੇਂ ਗੁਪਤ ਤੌਰ 'ਤੇ ਅਮਰੀਕੀ ਖੁਫੀਆ ਪੁਲਿਸ ਦੇ ਜਾਸੂਸਾਂ ਨੂੰ ਝਕਾਨੀ ਦੇ ਕੇ ਮੈਕਸੀਕੋ ਪੁੱਜਣ ਵਿਚ ਸਫ਼ਲ ਰਹੇ।

ਅਮਰੀਕਾ ਛੱਡ ਕੇ ਉਸਨੇ ਆਪਣੇ ਸਾਰੇ ਸਰੋਕਾਰ ਇੱਥੋਂ ਦੀਆਂ ਗਤੀਵਿਧੀਆਂ ਨਾਲ ਖ਼ਤਮ ਵੀ ਨਹੀਂ ਕੀਤੇ। ਉਹ ਹਿੰਦੂ-ਜਰਮਨ ਸਾਜਿਸ਼ ਕੇਸ ਉੱਪਰ ਨੇੜਿਓ ਨਜ਼ਰ ਰੱਖਦਾ ਰਿਹਾ। ਅਮਰੀਕਾ ਆਵਾਸ ਦੌਰਾਨ ਕਈ ਬੰਗਾਲੀ ਕ੍ਰਾਂਤੀਕਾਰੀ ਉਸਦੇ ਮੁਰੀਦ ਬਣ ਗਏ ਸਨ ਜੋ ਇਸ ਕੇਸ ਦੀ ਪਲ-ਪਲ ਦੀ ਖ਼ਬਰ ਉਸਨੂੰ ਭੇਜਦੇ ਰਹੇ। ਇਨ੍ਹਾਂ ਵਿੱਚੋਂ ਸੈਲਿੰਦਰ ਨਾਥ ਘੋਸ਼ ਤੇ ਪੁਰਿੰਦਰ ਨਰਾਇਣ ਸਿਨਹਾ ਉਸਦੇ ਸਭ ਤੋਂ ਵੱਡੇ ਭਗਤ ਸਨ। ਰਾਇ ਬਰਲਿਨ ਭਾਰਤੀ ਕਮੇਟੀ ਵੱਲੋਂ ਕੀਤੀ ਬੇਇੱਜ਼ਤੀ ਨੂੰ ਭੁੱਲਿਆ ਨਹੀਂ ਸੀ ਤੇ 'ਚੈਟੋ' ਦੇ ਹਮਦਰਦਾਂ ਕੋਲੋਂ ਬਦਲੇ ਦੀ ਤਾਕ ਵਿਚ ਸੀ। ਇਨ੍ਹਾਂ ਵਿਚੋਂ ਐਗਨਸ ਸਮੇਡਲੀ, ਜੋ ਬਾਦ ਵਿਚ ਚੈਟੋ ਦੀ ਦੂਸਰੀ ਬੀਵੀ ਬਣੀ ਤੇ ਅਮਰੀਕਾ ਵਿਚ ਭਾਰਤੀ ਕ੍ਰਾਂਤੀਕਾਰੀਆਂ ਦੀ ਸਥਾਨਕ ਸਾਥਣ ਸੀ, ਉਸਨੂੰ ਵਿਸ਼ੇਸ਼ ਤੌਰ 'ਤੇ ਚੁੱਭਦੀ ਸੀ। ਘੋਸ਼ ਤੇ ਸਮੇਡਲੀ ਨੂੰ ਤਾਰਕਨਾਥ ਦਾਸ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਐਮ.ਐਨ. ਰਾਇ ਨੇ ਦੋਵਾਂ ਦੀ ਜ਼ਮਾਨਤ ਦੀ ਰਕਮ ਦਾ ਪ੍ਰਬੰਧ ਕਰਨ ਤੋਂ ਇਨਕਾਰ ਕਰ ਦਿੱਤਾ। ਘੋਸ਼ ਤੇ ਸਮੇਡਲੀ ਦੀ ਖ਼ਬਰਸਾਰ ਲਈ ਗੁਪਤ ਭਾਸ਼ਾ ਵਿਚ ਪੁਰਿੰਦਰ ਨਰਾਇਣ ਸਿਨਹਾ ਉਸਨੂੰ ਚਿੱਠੀਆਂ ਲਿਖਦਾ ਰਿਹਾ। ਇਨ੍ਹਾਂ ਚਿੱਠੀਆਂ ਵਿਚ ਡਾਕਟਰੀ ਪੇਸ਼ੇ ਵਾਲੀ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਸੀ।[26]

ਜਦੋਂ ਐਮ.ਐਨ. ਰਾਇ ਆਪਣੀ ਬੀਵੀ ਸਮੇਤ ਮੈਕਸੀਕੋ ਦੌੜਨ ਦੀ ਤਿਆਰੀ ਕਰ ਰਿਹਾ ਸੀ ਤਾਂ ਉਸਦੇ ਮਿੱਤਰ ਤੇ ਉੱਘੇ ਸਮਾਜਵਾਦੀ ਅਮਰੀਕੀ ਡਾ. ਡੇਵਿਡ ਜਾਰਡਨ ਨੇ ਉਸਨੂੰ ਇਕ ਚਿੱਠੀ ਮੈਕਸੀਕਨ ਸਮਾਜਵਾਦੀ ਜਨਰਲ ਅਲਵਾਰਡੋ ਦੇ ਨਾਮ ਦਿੱਤੀ। ਇਸ ਚਿੱਠੀ ਵਿਚ ਰਾਇ ਦੀ ਤਾਰੀਫ਼ ਕਰਦਿਆਂ ਉਸਦੀ ਹਰ ਸੰਭਵ

ਸਹਾਇਤਾ ਲਈ ਤਾਕੀਦ ਕੀਤੀ ਗਈ ਸੀ।[27] ਮੈਕਸੀਕੋ ਉਸ ਸਮੇਂ ਬਰਤਾਨੀਆ ਵਿਰੋਧੀ ਰੋਹ ਨਾਲ ਉਬਲ ਰਿਹਾ ਸੀ ਤੇ ਤਤਕਾਲੀ ਮੈਕਸੀਕਨ ਰਾਸ਼ਟਰਪਤੀ ਕਰੇਂਜ਼ਾ ਨੂੰ ਸੰਸਾਰ ਪੂੰਜੀਵਾਦੀ ਧਿਰ ਪ੍ਰਤਿ ਉਸਦੇ ਹਮਲਾਵਰੀ ਰਵੱਈਏ ਲਈ ਜਾਣਿਆ ਜਾਂਦਾ ਸੀ। ਅਮਰੀਕੀ ਸਰਕਾਰ ਕਰੇਂਜ਼ਾ ਦਾ ਤਖ਼ਤਾ ਪਲਟ ਕੇ ਉਸ ਦੀ ਜਗ੍ਹਾ ਆਪਣੇ ਕਠਪੁਤਲੀ ਰਾਸ਼ਟਰਪਤੀ ਨੂੰ ਬਿਠਾਉਣਾ ਚਾਹੁੰਦੀ ਸੀ। ਇਨ੍ਹਾਂ ਸਭ ਹਾਲਾਤ ਦੇ ਮੱਦੇਨਜ਼ਰ ਮੈਕਸੀਕੋ ਦੇ ਉੱਚ ਸੱਤਾਧਾਰੀ ਤਬਕੇ ਨੇ ਐਮ.ਐਨ. ਰਾਇ ਦਾ ਸਵਾਗਤ ਕੀਤਾ ਤੇ ਬਰਤਾਨੀਆ ਵਿਰੋਧੀ ਸੰਘਰਸ਼ ਲਈ ਉਸਨੂੰ ਤਕੜੀ ਮਾਇਕ ਸਹਾਇਤਾ ਉਪਲਬਧ ਕਰਾਈ ਗਈ।[28] ਰਾਇ ਨੇ ਬਰਤਾਨਵੀ ਸ਼ਾਸ਼ਨ ਦੀਆਂ ਭਾਰਤ ਵਿਚ ਕਰੂਰਤਾਵਾਂ ਨੂੰ ਉਜਾਗਰ ਕਰਦੀ ਇਕ ਲੇਖ ਲੜੀ ਸਰਕਾਰੀ ਅਖ਼ਬਾਰ El Puble (The People)ਵਿਚ ਲਿਖੀ। ਉਸਨੇ ਸਪੈਨਿਸ਼ ਭਾਸ਼ਾ ਸਿੱਖੀ ਤੇ ਮੈਕਸੀਕੋ ਦੇ ਪਿਛਲੇ ਸੌ ਸਾਲਾ ਇਤਿਹਾਸ ਬਾਰੇ ਕਈ ਕਿਤਾਬਾਂ ਪੜ੍ਹੀਆਂ। ਉਸਦੀਆਂ ਲਿਖਤਾਂ ਤੇ ਭਾਸ਼ਣਾਂ ਵਿਚ ਅਮਰੀਕਾ ਦੇ ਪੂੰਜੀਵਾਦੀ ਵਿਕਾਸ ਦੇ ਸਮਵਿੱਥ ਮੈਕਸੀਕੋ ਦਾ ਸ਼ੋਸ਼ਣ, ਪਛੜੇਵਾਂ ਤੇ ਭੁੱਖਮਰੀ ਹਵਾਲਿਆਂ ਵਜੋਂ ਪੇਸ਼ ਹੋਣ ਲੱਗੀ। ਇਸ ਨਾਲ ਉਹ ਮੈਕਸੀਕੋ ਦੀਆਂ ਸੱਤਾ ਧਿਰਾਂ ਦੇ ਬਹੁਤ ਕਰੀਬ ਆਇਆ। ਐਮ.ਐਨ. ਰਾਇ ਮੈਕਸੀਕੋ ਦੇ ਰੱਖਿਆ ਮੰਤਰੀ ਦੇ ਦੋਸਤੀ ਘੇਰੇ ਵਿਚ ਸ਼ਾਮਲ ਹੋ ਗਿਆ। ਰੱਖਿਆ ਮੰਤਰੀ ਜਨਰਲ ਅਲਵਾਰਡੋ ਰਾਸ਼ਟਰਪਤੀ ਕਰੇਂਜਾ ਦਾ ਜੁਆਈ ਸੀ। ਉਸਨੂੰ ਚੀਨ, ਭਾਰਤ ਤੇ ਹੋਰ ਕ੍ਰਾਂਤੀਕਾਰੀ ਦੇਸ਼ਾਂ ਕੋਲੋਂ ਸਹਿਯੋਗ ਲੈਣ ਲਈ ਭਾਰੀ ਫੰਡ ਮੁਹੱਈਆ ਕਰਾਏ ਗਏ। ਰਾਇ ਨੇ ਇਸ ਪੈਸੇ ਦੀ ਵਰਤੋਂ ਪੂੰਜੀਵਾਦ/ਬਸਤੀਵਾਦ ਵਿਰੁੱਧ ਸਮਾਜਵਾਦੀ ਪ੍ਰਾਪੇਗੰਡੇ ਲਈ ਕੀਤੀ। ਅਮਰੀਕੀ ਪ੍ਰਵਾਸ ਦੌਰਾਨ ਉਸਦੀ ਜਾਣ-ਪਛਾਣ ਰੂਸੀ ਬਾਲਸ਼ਵਿਕ ਬੋਰੋਡਿਨ ਨਾਲ ਹੋ ਗਈ ਸੀ। ਬੋਰੋਡਿਨ ਉਨ੍ਹਾਂ ਦਿਨਾਂ ਵਿਚ ਰੂਸ ਵਿਚ ਬਾਲਸ਼ਵਿਕ ਪਾਰਟੀ ਦੇ ਪ੍ਰਾਪੇਗੰਡਾ ਵਿੰਗ ਦੇ ਉੱਤਰੀ-ਦੱਖਣੀ ਅਮਰੀਕੀ ਮਾਮਲਿਆਂ ਦਾ ਇੰਚਾਰਜ ਸੀ। ਐਮ.ਐਨ. ਰਾਇ ਨੇ ਨਾ ਸਿਰਫ਼ ਆਰਥਿਕ ਤੌਰ 'ਤੇ ਬਾਲਸ਼ਵਿਕ ਪਾਰਟੀ ਦੀ ਸਹਾਇਤਾ ਕੀਤੀ ਸਗੋਂ ਉਹ ਬਾਲਸ਼ਵਿਕ ਪਾਰਟੀ ਦੇ ਕ੍ਰਾਂਤੀ ਪ੍ਰੋਗਰਾਮ ਦੇ ਸਿੱਧੇ ਸੰਪਰਕ ਵਿਚ ਵੀ ਆਇਆ। ਇਸ ਸੰਬੰਧ ਵਿਚ ਰਾਇ ਆਪਣੀ ਕਿਤਾਬ Memories ਵਿਚ ਲਿਖਦਾ ਹੈ, "ਬਾਲਸ਼ਵਿਕਾਂ ਨਾਲ ਮੇਰੇ ਪਹਿਲੇ ਸੰਬੰਧ ਉਨ੍ਹਾਂ ਦੀ ਆਰਥਿਕ ਮਦਦ ਵਿੱਚੋਂ ਆਰੰਭ ਹੋਏ। ਜਦੋਂ ਤਕ ਉਹ ਰੂਸੀ ਰੌਸ਼ਨੀ ਨੂੰ ਦੁਨੀਆਂ ਦੇ ਹਰ ਕੋਨੇ ਤੱਕ ਫੈਲਾਉਂਦੇ ਉਦੋਂ ਤਕ ਘੱਟੋ-ਘੱਟ ਮੇਰੀ ਪਹਿਲੀ ਸੋਚ ਉਲਟ ਚੁੱਕੀ ਸੀ।"[29] ਮੈਕਸੀਕੋ ਵਿਚ ਵੀ ਤਦ ਤਕ ਬਹੁਤ ਸਾਰੇ ਸਮਾਜਵਾਦੀ ਤੱਤ ਸਨ। ਪਰ ਉਹ ਸੰਗਠਤ ਅਤੇ ਸਰਗਰਮ ਨਹੀਂ ਸਨ। ਰਾਇ ਨੇ ਵੀ El Pueble ਵਿਚਲੀਆਂ ਲਿਖਤਾਂ ਨਾਲ ਕਿਸਾਨੀ ਅਤੇ ਫੈਕਟਰੀ ਮਜ਼ਦੂਰਾਂ ਵਿਚ ਖਿੰਡਰੇ ਸਮਾਜਵਾਦੀ ਤੱਤਾਂ ਨੂੰ ਇਕੱਤਰ ਹੋਣ ਲਈ ਪ੍ਰੇਰਿਤ ਕੀਤਾ। ਅਮਰੀਕੀ ਸਮਾਜਵਾਦੀਆਂ ਤੋਂ ਹੱਲਾਸ਼ੇਰੀ ਲਈ। ਦਸੰਬਰ 1917 ਤਕ ਰੂਸੀ ਇਨਕਲਾਬ ਤੋਂ ਮਿਲੀ ਊਰਜਾ ਤੋਂ ਪ੍ਰਭਾਵਿਤ ਹੋ ਕੇ ਮੈਕਸੀਕੋ ਦੀ ਸਮਾਜਵਾਦੀ ਪਾਰਟੀ ਦਾ ਗਠਨ ਕਰ ਦਿੱਤਾ ਗਿਆ। ਐਮ.ਐਨ. ਰਾਇ ਨੂੰ ਇਸਦਾ ਜਨਰਲ ਸਕੱਤਰ ਚੁਣਿਆ ਗਿਆ। ਉਸਦਾ ਕੰਮ ਤੇ ਪ੍ਰਤੀਬੱਧਤਾ ਏਨੀ ਸ਼ਿੱਦਤ-ਭਰਪੂਰ

ਸੀ ਕਿ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ ਕਿ ਉਹ 'ਵਿਦੇਸ਼ੀ' ਹੈ।[30] ਪਾਰਟੀ ਨੇ ਖਿੱਤੇ ਵਿਚ ਅਮਰੀਕੀ ਦਖਲ ਦਾ ਵਿਰੋਧ ਕੀਤਾ। ਸਰਕਾਰ ਕੋਲੋਂ ਅਜਿਹੀਆਂ ਕਈ ਨੀਤੀਆਂ ਬਣਾਉਣ ਲਈ ਰਾਇ ਨੇ ਪਹਿਲਕਦਮੀ ਕੀਤੀ ਜੋ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਵਿਚ ਸਨ। ਐਮ.ਐਨ. ਰਾਇ ਦੇ ਮੈਕਸੀਕਨ ਰਾਜਸੀ ਗਲਿਆਰਿਆਂ ਵਿਚ ਪ੍ਰਭਾਵ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਨਵਰੀ 1918 ਵਿਚ ਸਮਾਜਵਾਦੀ ਪਾਰਟੀ ਦੇ ਇਕ ਆਗੂ ਪਲੂਟੈਰਕੋ ਏਲੀਆਸ ਕਾਲਾਸ ਨੂੰ ਮੈਕਸੀਕੋ ਦਾ ਕਿਰਤ ਮੰਤਰੀ ਬਣਾ ਦਿੱਤਾ ਗਿਆ। ਇਸ ਨਾਲ ਨਵੇਂ ਕਿਰਤ ਕਾਨੂੰਨ ਦੇ ਖਰੜੇ ਨੂੰ ਮੈਕਸੀਕਨ ਸਰਕਾਰ ਤੋਂ ਪ੍ਰਵਾਨਗੀ ਮਿਲੀ। ਰਾਇ ਨੇ ਪਾਰਟੀ ਦੇ ਸੰਗਠਨਾਤਮਕ ਢਾਂਚੇ ਨੂੰ ਜ਼ਮੀਨੀ ਪੱਧਰ ਤਕ ਮਜ਼ਬੂਤ ਕੀਤਾ, ਪਾਰਟੀ ਦਾ ਅਖ਼ਬਾਰ ਕੱਢਿਆ ਤੇ ਅਮਰੀਕੀ ਮਾਲਕਾਂ ਦੀਆਂ ਫੈਕਟਰੀਆਂ ਵਿਚ ਟਰੇਡ ਯੂਨੀਅਨਾਂ ਦਾ ਢਾਂਚਾ ਲਾਗੂ ਕਰਕੇ ਨਵੇਂ ਕਿਰਤ ਕਾਨੂੰਨ ਲਾਗੂ ਕਰਾਏ। ਮੈਕਸੀਕਨ ਸਰਕਾਰ ਖ਼ੁਸ਼ ਸੀ ਕਿ ਸਾਧਾਰਣ ਲੋਕਾਈ ਤਕ ਸਰਕਾਰੀ ਲਾਭ ਪਹੁੰਚ ਰਿਹਾ ਹੈ। ਇਸਦਾ ਸਿਹਰਾ ਪੂਰੀ ਤਰ੍ਹਾਂ ਐਮ.ਐਨ. ਰਾਇ ਨੂੰ ਮਿਲ ਰਿਹਾ ਸੀ।

ਇਸੇ ਦੌਰਾਨ ਅਪ੍ਰੈਲ 1918 ਵਿਚ ਮਿਸ਼ੇਲ ਬੋਰੋਡਿਨ ਮੈਕਸੀਕੋ ਆਇਆ ਤੇ ਐਮ.ਐਨ. ਰਾਇ ਕੋਲ ਠਹਿਰਿਆ। ਉਸਨੇ ਰੂਸੀ ਕ੍ਰਾਂਤੀ ਦੇ ਸੰਸਾਰ ਕ੍ਰਾਂਤੀ ਵਿਚ ਵਟਾਉਣ ਦੇ ਉਦੇਸ਼ ਨੂੰ ਮੈਕਸੀਕਨ ਸਮਾਜਵਾਦੀ ਪਾਰਟੀ ਨਾਲ ਸਾਂਝਾ ਕੀਤਾ। ਐਮ.ਐਨ. ਰਾਇ ਦੇ ਯਤਨਾ ਦੀ ਸ਼ਲਾਘਾ ਕੀਤੀ ਤੇ ਪਹਿਲੀ ਸੰਸਾਰ ਜੰਗ ਤੋਂ ਬਾਦ ਨਵੇਂ ਸਮੀਕਰਨਾਂ 'ਤੇ ਰੌਸ਼ਨੀ ਪਾਈ।[31] ਬਾਲਸ਼ਵਿਕ ਸਰਕਾਰ ਨੇ ਰਾਇ ਨੂੰ ਅਮਰੀਕੀ ਖੇਤਰ ਵਿਚ ਸਮਾਜਵਾਦੀ ਚੇਤਨਾ ਦੇ ਫੈਲਾਅ ਦੇ ਕੇਂਦਰ-ਬਿੰਦੂ ਵਜੋਂ ਦੇਖਿਆ। ਇਸ ਨਾਲ ਰੂਸੀ ਕ੍ਰਾਂਤੀ ਤੋਂ ਬਾਦ ਆਰੰਭ ਹੋਈ ਕਮਿਊਨਿਸਟ ਇੰਟਰਨੈਸ਼ਨਲ ਨਾਲ ਰਾਇ ਨੂੰ ਮਹੱਤਵਪੂਰਨ ਅੰਗ ਦੇ ਤੌਰ 'ਤੇ ਜੋੜ ਲਿਆ ਗਿਆ। ਬੋਰੋਡਿਨ ਨੇ ਕੁਮਿਨਟਰਨ ਸਾਹਮਣੇ ਸੰਸਾਰ-ਇਨਕਲਾਬ ਦੇ ਖਾਕੇ ਵਿਚ ਰਾਇ ਨੂੰ ਬੇਹੱਦ ਅਹਿਮ ਸੂਤਰ ਦੇ ਤੌਰ 'ਤੇ ਪੇਸ਼ ਕੀਤਾ ਤੇ ਉਸਨੂੰ ਮਾਸਕੋ ਬੁਲਾਉਣ ਦੀ ਅਪੀਲ ਕੀਤੀ। ਨਵੰਬਰ 1919 ਵਿਚ ਐਮ.ਐਨ. ਰਾਇ ਮੈਕਸੀਕੋ ਦੀ ਸਮਾਜਵਾਦੀ ਪਾਰਟੀ ਦੇ ਪ੍ਰਤੀਨਿਧ ਦੇ ਤੌਰ 'ਤੇ ਮਾਸਕੋ ਲਈ ਰਵਾਨਾ ਹੋਇਆ।

ਮੈਕਸੀਕੋ ਤੋਂ ਮਾਸਕੋ ਜਾਂਦਿਆਂ ਰਾਇ ਚਾਰ ਮਹੀਨਿਆਂ ਲਈ ਬਰਲਿਨ ਰੁਕਿਆ। ਇਸਦਾ ਇਕ ਕਾਰਨ ਤਾਂ ਇਹ ਸੀ ਕਿ ਪਹਿਲੀ ਸੰਸਾਰ ਜੰਗ ਤੋਂ ਬਾਦ ਰੂਸ ਵਿਚ ਬੜੇ ਅਨਿਸ਼ਚਿਤ ਹਾਲਾਤ ਪੈਦਾ ਹੋਏ ਸਨ। ਦੂਜਾ ਕਾਰਨ ਇਹ ਸੀ ਕਿ ਜੰਗ ਦੌਰਾਨ ਬਰਲਿਨ ਭਾਰਤੀ ਕ੍ਰਾਂਤੀਕਾਰੀਆਂ ਦਾ ਗੜ੍ਹ ਬਣ ਚੁੱਕਾ ਸੀ। ਐਮ.ਐਨ. ਰਾਇ ਬਰਲਿਨ ਕਮੇਟੀ ਦੇ ਮੈਂਬਰਾਂ ਨੂੰ ਮਿਲਿਆ। ਉਨ੍ਹਾਂ ਕੋਲੋਂ ਭਾਰਤ ਵਿਚ ਹਥਿਆਰਬੰਦ ਸੰਘਰਸ਼ ਦੀਆਂ ਸੰਭਾਵਨਾਵਾਂ ਬਾਰੇ ਜਾਣ ਕੇ ਰਾਇ ਨਿਰਾਸ਼ ਹੋ ਗਿਆ। ਰਾਇ ਨੇ ਭਾਰਤ ਵਿਚਲੇ ਗ਼ੈਰ ਰਾਸ਼ਟਰਵਾਦੀ ਪ੍ਰੋਲੇਤਾਰੀ ਤੱਤਾਂ ਨਾਲ ਸਮਝੌਤੇ ਦਾ ਫਾਰਮੂਲਾ ਪੇਸ਼ ਕੀਤਾ, ਪਰ ਉਸਦੀ ਕਿਸੇ ਨਾ ਸੁਣੀ।[32] 'ਚੈਟੋ' ਤੇ ਰਾਇ ਵਿਚਕਾਰ ਕਸ਼ੀਦਗੀ ਸਿਖਰ 'ਤੇ ਪਹੁੰਚ

ਗਈ ਸੀ ਤੇ ਜਰਮਨੀ ਦੇ ਇਨਕਲਾਬੀ ਚੈਟੋ ਦੇ ਪੂਰੇ ਪ੍ਰਭਾਵ ਵਿਚ ਸਨ। ਨਿਰਾਸ਼ਾ ਦੀ ਸਥਿਤੀ ਵਿਚ ਰਾਇ ਬਰਲਿਨ ਤੋਂ ਮਾਸਕੋ ਲਈ ਰਵਾਨਾ ਹੋਇਆ। ਉਹ ਯੂਰਪ ਖ਼ਾਸ ਕਰ ਜਰਮਨੀ ਦੇ ਇਨਕਲਾਬੀ ਤੱਤਾਂ ਦਾ ਸਮਰਥਨ ਹਾਸਲ ਕਰਕੇ ਕਮਿਊਨਿਸਟ ਇੰਟਰਨੈਸ਼ਨਲ ਸਾਹਮਣੇ ਆਪਣੇ ਆਪ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ, ਪਰ ਅਸਫ਼ਲ ਰਿਹਾ। ਇਸੇ ਹਾਲਾਤ ਵਿਚ ਐਮ.ਐਨ. ਰਾਇ ਨੇ ਭਾਰਤ ਦੇ ਕ੍ਰਾਂਤੀਕਾਰੀਆਂ ਦੇ ਉਦੇਸ਼ ਨਿਰਧਾਰਤ ਕਰਨ ਲਈ ਇਕ ਦਸਤਾਵੇਜ਼ ਭਾਰਤੀ ਇਨਕਲਾਬੀ ਗਰੁੱਪਾਂ ਸਾਮ੍ਹਣੇ ਪੇਸ਼ ਕੀਤਾ। ਉਸਨੇ ਇਸਦਾ ਨਾਂ (Indian Communist Menifesto) ਭਾਰਤੀ ਕਮਿਊਨਿਸਟ ਮੈਨੀਫੈਸਟੋ ਰੱਖਿਆ। ਬਰਲਿਨ ਦੇ ਸਾਰੇ ਇਨਕਲਾਬੀ ਗਰੁੱਪਾਂ ਨੂੰ ਐਮ.ਐਨ. ਰਾਇ ਨੇ ਇਸ ਮੈਨੀਫੈਸਟੋ ਉੱਪਰ ਦਸਤਖ਼ਤ ਕਰਨ ਦੀ ਅਪੀਲ ਕੀਤੀ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਦਸਤਾਵੇਜ਼ ਦੇ ਹੱਕ ਵਿਚ ਸਿਰਫ਼ ਤਿੰਨ ਦਸਤਖ਼ਤ ਹੋਏ ਐਮ.ਐਨ. ਰਾਇ ਦੇ, ਉਸਦੀ ਪਤਨੀ ਐਵਲਿਨ ਜੋ ਨਾਂ ਬਦਲ ਕੇ ਸ਼ਾਂਤੀ ਦੇਵੀ ਬਣ ਗਈ ਸੀ, ਦੇ ਅਤੇ ਅਬਾਨੀ ਮੁਕਰਜੀ ਦੇ। ਬਹੁਤ ਸਾਰੇ ਭਾਰਤੀ ਕ੍ਰਾਂਤੀਕਾਰੀਆਂ ਨੇ ਇਸ ਦਸਤਾਵੇਜ਼ ਉੱਪਰ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਰਾਇ ਇਸ ਅਪਮਾਨ ਨੂੰ ਸਹਾਰ ਨਾ ਸਕਿਆ ਤੇ ਅਪ੍ਰੈਲ 1920 ਦੇ ਆਖ਼ਰੀ ਹਫ਼ਤੇ ਮਾਸਕੋ ਪੁੱਜ ਗਿਆ।

ਮਾਸਕੋ ਵਿਚ ਰਾਇ ਦਾ ਸਵਾਗਤ ਬੋਰੋਡਿਨ ਨੇ ਕੀਤਾ। ਉਸੇ ਸ਼ਾਮ ਉਹ ਕਾਮਰੇਡ ਚਿਚੇਰਨ ਤੇ ਕਾਰਾਖ਼ਾਨ ਨੂੰ ਮਿਲਿਆ। ਇਹ ਦੋਵੇਂ ਬਦੇਸ਼ੀ ਮਾਮਲਿਆਂ ਦੇ ਕਮਿਸ਼ਨਰ ਤੇ ਉਪ ਕਮੀਸਾਰ ਸਨ।[33] ਉਨ੍ਹਾਂ ਦੀ ਮੀਟਿੰਗ ਵਿਚ ਭਾਰਤ ਵਿਚ ਕ੍ਰਾਂਤੀ ਦੀ ਸੰਭਾਵਨਾ ਅਤੇ ਅਫ਼ਗਾਨਿਸਤਾਨ ਦੇ ਮੁੱਦੇ 'ਤੇ ਗੱਲਾਂ ਹੋਈਆਂ। ਰੂਸ ਦੀ ਸਰਕਾਰ ਨੇ ਅਫ਼ਗਾਨਿਸਤਾਨ ਵਿਚ ਬਾਦਸ਼ਾਹ ਅਮਾਨਉੱਲਾ ਦੀ ਸਹਾਇਤਾ ਕਰਕੇ ਏਸ਼ੀਆ ਵਿਚ ਬਰਤਾਨੀਆ ਖਿਲਾਫ਼ ਮੁਹਾਜ਼ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਾਨਉੱਲਾ ਦੇ ਬਰਤਾਨਵੀ ਸਰਕਾਰ ਨਾਲ਼ ਰਲ ਜਾਣ ਕਰਕੇ ਇਹ ਮੁਹਿੰਮ ਠੁੱਸ ਹੋ ਗਈ ਸੀ। ਰਾਇ ਦੀਆਂ ਤਜਵੀਜ਼ਾਂ ਤੋਂ ਰੂਸੀ ਆਗੂ ਪ੍ਰਭਾਵਿਤ ਹੋਏ ਤੇ ਅਗਲੇ ਕੁਝ ਦਿਨਾਂ ਵਿਚ ਰਾਇ ਦੀ ਮੁਲਾਕਾਤ ਵਲਾਦੀਮੀਰ ਲੈਨਿਨ, ਜ਼ਿਨੋਵੀਵ ਤੇ ਟਰਾਟਸਕੀ ਨਾਲ ਹੋਈ।[34] ਲੈਨਿਨ ਨੇ ਬਸਤੀਆਂ ਬਾਰੇ ਆਪਣੇ ਥੀਸਜ਼ ਦੀ ਇਕ ਕਾਪੀ ਰਾਇ ਨੂੰ ਦਿੱਤੀ। ਇਹ ਥੀਸਜ਼ ਇੰਟਰਨੈਸ਼ਨਲ ਦੀ ਦੂਸਰੀ ਇਕੱਤਰਤਾ ਵਿਚ ਵਿਚਾਰਿਆ ਜਾਣਾ ਸੀ। ਰਾਇ ਨੇ ਇਸ ਦਸਤਾਵੇਜ਼ ਨੂੰ ਪੂਰੀ ਤਰ੍ਹਾਂ ਘੋਖਿਆ ਤੇ ਇਸ ਸੰਬੰਧੀ ਆਪਣੇ ਆਲੋਚਨਾਤਮਕ ਵਿਚਾਰਾਂ ਨੂੰ ਲੜੀਬੱਧ ਰੂਪ ਦੇ ਕੇ ਇਕ ਪੂਰਾ ਥੀਸਜ਼ ਤਿਆਰ ਕਰ ਲਿਆ।

ਕੁਮਿਨਟਰਨ ਦੀ ਦੂਸਰੀ ਇਕੱਤਰਤਾ ਮਾਸਕੋ ਵਿਚ 23 ਜੁਲਾਈ ਤੋਂ 7 ਅਗਸਤ 1920 ਤੱਕ ਜੁੜ ਬੈਠੀ। ਐਮ.ਐਨ. ਰਾਇ ਤੇ ਉਸਦੀ ਪਤਨੀ ਇਸ ਮੀਟਿੰਗ ਵਿਚ ਮੈਕਸੀਕੋ ਦੀ ਕਮਿਊਨਿਸਟ ਪਾਰਟੀ ਦੇ ਪ੍ਰਤੀਨਿਧਾਂ ਵਜੋਂ ਸ਼ਾਮਿਲ ਹੋਏ। ਪਹਿਲੇ ਸ਼ੈਸ਼ਨ ਵਿਚ ਹੀ ਰਾਇ ਨੂੰ ਨੈਸ਼ਨਲ ਐਂਡ ਕਲੋਨੀਅਲ ਕਮਿਸ਼ਨ' ਦਾ ਮੈਂਬਰ ਬਣਾ ਦਿੱਤਾ ਗਿਆ। ਇਹ ਮੀਟਿੰਗ ਕਈ ਪੱਖਾਂ ਤੋਂ ਇਤਿਹਾਸ ਵਿਚ ਵਿਲੱਖਣ ਸਥਾਨ ਰੱਖਦੀ ਹੈ। ਸੋਵੀਅਤ ਰੂਸ ਦੀਆਂ ਇਨਕਲਾਬ ਦੇ ਪ੍ਰਸਾਰ ਦੀਆਂ ਕੋਸ਼ਿਸ਼ਾਂ ਤੇ ਇਸ ਪ੍ਰਸਾਰ ਦੀ

ਦਿਸ਼ਾ ਇਸ ਮੀਟਿੰਗ ਵਿਚ ਤੈਅ ਹੋਣੀ ਸੀ। ਲੈਨਿਨ ਨੇ ਸਾਮਰਾਜਵਾਦ ਨੂੰ ਪੂੰਜੀਵਾਦ ਵਿਕਾਸ ਦੀ ਸਿਖਰਲੀ ਸਥਿਤੀ ਕਿਹਾ ਸੀ ਤੇ ਹੁਣ ਇਸ ਵਿਕਾਸ ਦੀਆਂ ਵਿਰੋਧਤਾਵਾਂ ਨੂੰ ਇਨਕਲਾਬੀ ਪੜਾਅ ਤੱਕ ਲੈ ਜਾਣ ਬਾਰੇ ਵਿਸ਼ਲੇਸ਼ਣ ਦੀ ਵਾਰੀ ਸੀ। ਇਸ ਕਾਰਜ ਲਈ ਬਸਤੀਆਂ ਬਣੇ ਦੇਸ਼ਾਂ ਵਿਚਲੇ ਰਾਸ਼ਟਰਵਾਦੀ, ਕ੍ਰਾਂਤੀਕਾਰੀ ਤੇ ਬੁਰਜ਼ੂਆ ਲੋਕਤੰਤਰੀ ਤੱਤਾਂ ਦੇ ਸੁਮੇਲ ਦੀ ਕੀ ਸਮੀਕਰਨ ਹੋ ਸਕਦੀ ਹੈ, ਦਾ ਨਿਰਧਾਰਣ ਵੀ ਇਸੇ ਇਕੱਤਰਤਾ ਵਿਚ ਹੋਣਾ ਸੀ।

ਲੈਨਿਨ ਦੇ 'ਰਾਸ਼ਟਰੀ ਅਤੇ ਬਸਤੀਵਾਦੀ ਸੁਆਲ' ਬਾਰੇ ਥੀਸਜ਼ 'ਤੇ ਮੁੱਖ ਰੂਪ ਵਿਚ 'ਰਾਸ਼ਟਰੀ ਅਤੇ ਬਸਤੀਵਾਦ ਬਾਰੇ ਕਮਿਸ਼ਨ' ਵਿਚ ਚਰਚਾ ਹੋਈ। ਜਿੱਥੇ ਸਾਰੀ ਇਕੱਤਰਤਾ ਨੇ ਇਕਮੱਤ ਹੋ ਕੇ ਇਸ ਥੀਸਜ਼ ਨੂੰ ਪਾਸ ਕੀਤਾ, ਐਮ.ਐਨ. ਰਾਇ ਇਸ ਥੀਸਜ਼ ਬਾਰੇ ਤਿੱਖੇ ਮੱਤਭੇਦਾਂ ਸਮੇਤ ਖੜ੍ਹਾ ਹੋ ਗਿਆ। ਉਸਨੇ ਰਾਸ਼ਟਰੀ ਬੁਰਜੁਆਜ਼ੀ ਦੀ ਰਾਸ਼ਟਰੀ ਇਨਕਲਾਬੀ ਸੰਘਰਸ਼ ਵਿਚ ਭੂਮਿਕਾ ਸੰਬੰਧੀ ਲੈਨਿਨ ਦੇ ਵਿਚਾਰਾਂ 'ਤੇ ਸਖ਼ਤ ਇਤਰਾਜ਼ ਉਠਾਏ।[35] ਰਾਇ ਦਾ ਵਿਚਾਰ ਸੀ ਕਿ ਰਾਸ਼ਟਰੀ ਬੁਰਜੁਆਜ਼ੀ ਕੁਝ ਰਿਆਇਤਾਂ ਦੀ ਭਾਲ ਵਿਚ ਬਰਤਾਨਵੀ ਸਾਮਰਾਜ ਦੀ ਵਿਰੋਧਤਾ ਕਰ ਰਹੀ ਹੈ, ਬਸਤੀਵਾਦੀ ਸਰਕਾਰ ਵੱਲੋਂ ਰਿਆਇਤਾਂ ਦੇਣ ਦੀ ਸੂਰਤ ਵਿਚ ਇਹ ਜਮਾਤ ਇਨਕਲਾਬੀ ਸੰਘਰਸ਼ ਦੀ ਪਿੱਠ ਵਿਚ ਛੁਰਾ ਮਾਰੇਗੀ। ਐਮ.ਐਨ. ਰਾਇ ਨੇ ਇਨਕਲਾਬੀ ਸਫ਼ਾ ਨੂੰ ਰਾਸ਼ਟਰੀ ਮੁਕਤੀ ਲਹਿਰ ਦੀ ਬੁਰਜੁਆਜ਼ੀ ਅਗਵਾਈ ਨਾਲ ਸਮਝੌਤੇ ਕਰਨ ਦੇ ਵਿਚਾਰ ਦੀ ਵੀ ਵਿਰੋਧਤਾ ਕੀਤੀ। ਉਸਨੇ ਕੁਮਿਨਟਰਨ ਦੇ ਮੈਂਬਰ ਦੇਸ਼ਾਂ ਨੂੰ ਖ਼ੁਦ ਸਾਮਰਾਜਵਾਦ ਵਿਚ ਵਟਦੇ ਜਾ ਰਹੇ ਕਿਹਾ।[36] ਇਸਦੇ ਮੁਕਾਬਲੇ ਉਸਨੇ ਕੁਮਿਨਟਰਨ ਨੂੰ ਆਜ਼ਾਦ ਤੌਰ 'ਤੇ ਮਜ਼ਦੂਰਾਂ ਤੇ ਕਿਸਾਨਾਂ ਦੀ ਕ੍ਰਾਂਤੀਕਾਰੀ ਲਹਿਰ 'ਤੇ ਧਿਆਨ ਦੇਣ ਦੀ ਸਲਾਹ ਦਿੱਤੀ। ਭਾਰਤ ਵਿਚਲੀ ਪ੍ਰੋਲੇਤਾਰੀ ਜਮਾਤ ਦੀ ਸਫ਼ਬੰਦੀ ਬਾਰੇ ਉਸਨੇ ਠੋਸ ਤੇ ਤਰਕਪੂਰਕ ਦਲੀਲਾਂ ਦਿੱਤੀਆਂ। ਇਸ ਬਹਿਸ ਦਾ ਨਤੀਜਾ ਇਹ ਹੋਇਆ ਕਿ ਲੈਨਿਨ ਦੇ ਥੀਸਜ਼ ਦੇ ਅਨੁਪੂਰਕ ਦਸਤਾਵੇਜ਼ ਵਜੋਂ ਰਾਇ ਦਾ ਥੀਸਜ਼ ਸਵੀਕਾਰ ਹੋ ਗਿਆ ਤੇ ਰਾਇ ਦੀ ਸਥਿਤੀ ਕੁਮਿਨਟਰਨ ਵਿਚ ਪੂਰੀ ਤਰ੍ਹਾਂ ਮਜ਼ਬੂਤ ਹੋ ਗਈ।[37] ਉਸਨੂੰ ਮਾਲੀ ਬਿਊਰੋ ਲਈ ਚੁਣ ਲਿਆ ਤੇ ਕਾਬੁਲ ਲਈ ਸੋਵੀਅਤ ਰਾਜਦੂਤ ਨਿਯੁਕਤ ਕਰ ਦਿੱਤਾ ਗਿਆ। ਇਸ ਮੁੱਦੇ ਨੂੰ ਚਿਚੇਰਨ ਨੇ ਪੇਸ਼ ਕੀਤਾ ਤੇ ਕੁਮਿਨਟਰਨ ਨੇ ਸਰਬਸੰਮਤੀ ਨਾਲ ਸਵੀਕਾਰ ਕਰ ਲਿਆ। ਪਰ ਲੈਨਿਨ ਰਾਇ ਦੀ ਪ੍ਰਤਿਭਾ ਦੀ ਵਡੇਰੇ ਉਦੇਸ਼ਾਂ ਲਈ ਵਰਤੋਂ ਕਰਨ ਦੇ ਹੱਕ ਵਿਚ ਸੀ। ਉਸਨੇ ਰਾਇ ਨੂੰ ਤਾਸ਼ਕੰਦ ਭੇਜਣ ਦਾ ਫ਼ੈਸਲਾ ਕੀਤਾ। ਉਸਨੂੰ ਕੁਮਿਨਟਰਨ ਦੇ ਕੇਂਦਰੀ ਏਸ਼ੀਆਈ ਬਿਊਰੋ ਦੇ ਮੁਖੀ ਅਤੇ ਭਾਰਤੀ ਕ੍ਰਾਂਤੀਕਾਰੀਆਂ ਦੀ ਸਿਖਲਾਈ ਲਈ ਬਣਾਏ ਜਾਣ ਵਾਲੇ ਮਿਲਟਰੀ ਸਕੂਲ ਦਾ ਪ੍ਰਬੰਧਕ ਬਣਾਇਆ ਜਾਣਾ ਸੀ।[38]

ਅਕਤੂਬਰ ਵਿਚ ਐਮ.ਐਨ. ਰਾਇ ਤਾਸ਼ਕੰਦ ਪੁੱਜਾ। ਇਹ ਸਥਾਨ ਏਸ਼ੀਆ ਕੇਂਦਰੀ ਵਿਚ ਬਰਤਾਨਵੀ ਤੇ ਰੂਸੀ ਸੰਘਰਸ਼ ਦਾ ਕੇਂਦਰ ਸੀ। ਬਰਤਾਨਵੀ ਫ਼ੌਜਾ ਜ਼ਾਰਪੱਖੀ ਹੁੱਲੜਬਾਜ਼ਾਂ ਨੂੰ ਉਤਸਾਹਿਤ ਕਰਕੇ ਤਾਸ਼ਕੰਦ ਵਿਚ ਤੋੜ ਫੋੜ ਦੀਆਂ ਕਾਰਵਾਈਆਂ ਕਰਵਾ ਰਹੀ ਸੀ। ਮੁਸਲਿਮ ਬਹੁਲਤਾ ਕਾਰਨ ਧਾਰਮਿਕ ਤੌਰ 'ਤੇ ਵੀ ਵੱਖਰਾ ਖੇਤਰ ਸੀ।

ਇਨ੍ਹਾਂ ਬੁਰੀਆਂ ਸਥਿਤੀਆਂ ਵਿਚ ਵੀ ਰਾਇ ਨੇ ਇਸਲਾਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਕੁਰਆਨ ਤੇ ਹੋਰ ਪੁਸਤਕਾਂ ਨੂੰ ਘੋਖ ਕੇ ਪੜ੍ਹਿਆ।[39] ਕੁੱਲ ਮਿਲਾ ਕੇ ਇਹ ਐਮ.ਐਨ. ਰਾਇ ਦੀ ਕੁਮਿਨਟਰਨ ਵਿਚ ਚੜ੍ਹਤ ਦੇ ਸਾਲ ਸਨ। ਉਸਨੇ ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਆਪਣੀ ਜਗ੍ਹਾ ਪੱਕੀ ਕਰ ਲਈ ਸੀ। ਸਾਲਾਂ ਤੋਂ ਯੂਰਪ ਵਿਚ ਸੰਘਰਸ਼ ਕਰ ਰਹੇ ਇਨਕਲਾਬੀ ਇਸ ਗੱਲ ਨਾਲ ਬੁਰੀ ਤਰ੍ਹਾਂ ਮੱਚ ਗਏ। ਜਰਮਨੀ ਤੋਂ ਵੀਰੇਂਦਰ ਨਾਥ ਚਟੋਪਾਧਿਆਇ 'ਚੈਟੋ' ਨੇ ਕੁਮਿਨਟਰਨ ਨੂੰ ਚਿੱਠੀ ਲਿਖ ਕੇ ਭਾਰਤੀ ਪ੍ਰਤੀਨਿਧੀ ਮੰਡਲ ਵਜੋਂ ਜਰਮਨੀ ਦੇ ਕ੍ਰਾਂਤੀਕਾਰੀਆਂ ਨੂੰ ਤੀਸਰੀ ਮੀਟਿੰਗ ਵਿਚ ਸ਼ਾਮਿਲ ਕਰਨ ਦੀ ਬੇਨਤੀ ਕੀਤੀ ਸੀ। ਨਾਲ ਹੀ ਮਹਿੰਦਰ ਪ੍ਰਤਾਪ ਦੇ ਗਰੁੱਪ, ਜਿਸ ਵਿਚ ਅਬਦੁਰ ਰਬ ਬਰਕ, ਪ੍ਰਤਿਵਾਦੀ ਅਚਾਰਿਆ, ਭੁਪੇਂਦਰ ਨਾਥ ਦੱਤਾ ਆਦਿ ਸਨ, ਨੇ ਵੀ Indian Revolutionary Association ਦਾ ਗਠਨ ਇਸੇ ਮੰਤਵ ਲਈ ਕਰ ਲਿਆ ਸੀ। ਅਜਿਹੀ ਹਾਲਤ ਵਿਚ ਅਕਤੂਬਰ 1920 ਵਿਚ ਜਾਨ ਰੀਡ ਦੀ ਅੰਤਿਮ ਯਾਤਰਾ ਵਿਚ ਸ਼ਾਮਲ ਹੋਣ ਤੋਂ ਬਾਦ ਐਮ.ਐਨ. ਰਾਇ ਨੇ ਭਾਰਤੀ ਕਮਿਊਨਿਸਟ ਪਾਰਟੀ ਗਠਿਤ ਕਰ ਲਈ।[40] ਕੌਮਿਨਟਰਨ ਦੀ ਦੂਸਰੀ ਮੀਟਿੰਗ ਵਿਚ ਤਾਂ ਰਾਇ ਤੇ ਉਸਦੀ ਬੀਵੀ ਮੈਕਸੀਕੋ ਦੀ ਕਮਿਊਨਿਸਟ ਪਾਰਟੀ ਦੇ ਪ੍ਰਤੀਨਿਧ ਬਣੇ ਸਨ, ਪਰ ਤੀਸਰੀ ਮੀਟਿੰਗ ਵਿਚ ਰਾਇ ਭਾਰਤੀ ਕਮਿਊਨਿਸਟ ਪਾਰਟੀ ਦੇ ਅਹੁਦੇਦਾਰ ਵਜੋਂ ਸ਼ਾਮਿਲ ਹੋਣਾ ਚਾਹੁੰਦਾ ਸੀ। ਛੇਤੀ ਹੀ ਇਸ ਸੰਬੰਧੀ ਵਿਵਾਦ ਵੀ ਸਾਮ੍ਹਣੇ ਆਇਆ ਜਦੋਂ 1921 ਵਿਚ ਬਰਲਿਨ ਦੇ ਭਾਰਤੀ ਕ੍ਰਾਂਤੀਕਾਰੀਆਂ ਦਾ ਦਲ 'ਚੈਟੋ' ਦੀ ਅਗਵਾਈ ਵਿਚ ਮਾਸਕੋ ਪੁੱਜਾ। ਇਸ ਦਲ ਨੇ ਰਾਇ ਦੀ ਅਗਵਾਈ 'ਤੇ ਸੁਆਲ ਉਠਾਏ। ਉਹ ਲੈਨਿਨ ਨੂੰ ਵੀ ਮਿਲਣਾ ਚਾਹੁੰਦੇ ਸਨ। ਪਰ ਰਾਇ ਦੇ ਪ੍ਰਭਾਵ ਨੇ ਨਾ ਉਨ੍ਹਾਂ ਨੂੰ ਲੈਨਿਨ ਨਾਲ ਮੀਟਿੰਗ ਦਾ ਸਮਾਂ ਮਿਲਣ ਦਿੱਤਾ ਤੇ ਨਾ ਹੀ ਉਸ ਦਲ ਦੀ ਕੋਈ ਬਾਤ ਸੁਣੀ ਗਈ।[41]

ਅਗਲੇ ਕੁਝ ਸਾਲ ਰਾਇ ਨੇ ਰੂਸ ਵਿੱਚੋਂ ਹੀ ਭਾਰਤ ਵਿਚ ਕ੍ਰਾਂਤੀਕਾਰੀ ਲਹਿਰ ਦੀ ਉਸਾਰੀ 'ਤੇ ਲਾਏ। ਉਸਦੇ ਯਤਨਾਂ ਸਦਕਾ ਬੰਬਈ, ਮਦਰਾਸ, ਕਲਕੱਤਾ, ਲਾਹੌਰ ਤੇ ਅਲਾਹਾਬਾਦ ਵਿਚ ਕ੍ਰਾਂਤੀਕਾਰੀ ਟੋਲੇ ਬਣੇ। ਨਲਿਨੀ ਗੁਪਤਾ, ਅਬਾਨੀ ਮੁਕਰਜੀ, ਸ਼ੌਕਤ ਉਸਮਾਨੀ ਜਿਹੇ ਪ੍ਰਤੀਨਿਧਾਂ ਨੇ ਇਨ੍ਹਾਂ ਸਮੂਹਾਂ ਦੀ ਪ੍ਰੇਰਨਾ ਲਈ ਭਾਰਤ ਦਾ ਦੌਰਾ ਵੀ ਕੀਤਾ। ਪਰ ਇਹ ਸਮੂਹ ਏਨੇ ਛੋਟੇ ਤੇ ਅਸੰਗਠਿਤ ਸਨ ਕਿ ਨਾ ਤਾਂ ਆਪਸ ਵਿਚ ਤਾਲਮੇਲ ਬਣਾ ਸਕੇ ਨਾ ਹੀ ਕੋਈ ਅਸਰ ਦਿਸਿਆ। ਗਾਂਧੀਵਾਦੀ ਸੰਘਰਸ਼ ਤੋਂ ਮੋਹ ਭੰਗ ਦੀ ਸਥਿਤੀ ਵਿਚ ਵਿਚਰਦੇ ਕ੍ਰਾਂਤੀਕਾਰੀ ਤੱਤ ਇਨ੍ਹਾਂ ਗਰੁੱਪਾਂ ਵਿਚ ਸਰਗਰਮ ਸਨ, ਪਰ ਰਾਇ ਦੀ ਇੱਛਾ ਮੁਤਾਬਿਕ ਮਜ਼ਦੂਰ ਕਿਸਾਨਾਂ ਦੇ ਜਨ-ਅੰਦੋਲਨ ਵਿਚ ਇਹ ਲਹਿਰ ਤਬਦੀਲ ਨਾ ਹੋ ਸਕੀ।[42] ਇਸ ਸਥਿਤੀ ਤੋਂ ਐਮ.ਐਨ. ਰਾਇ ਤਾਂ ਨਿਰਾਸ਼ ਸੀ ਹੀ ਕੁਮਿਨਟਰਨ ਦੇ ਆਗੂ ਵੀ ਪੂਰੇ ਖੁਸ਼ ਨਹੀਂ ਸਨ। 1927 ਵਿਚ ਕੁਮਿਨਟਰਨ ਨੇ ਐਮ.ਐਨ. ਰਾਇ ਨੂੰ ਚੀਨ ਭੇਜਣ ਦਾ ਫੈਸਲਾ ਕੀਤਾ। ਕੁਮਿਨਟਰਨ ਚੀਨੀ ਕਮਿਊਨਿਸਟ ਪਾਰਟੀ 'ਚ ਰਾਸ਼ਟਰਵਾਦੀ ਸਰਕਾਰ ਵਿਚਕਾਰ ਸਮਝੌਤੇ ਦਾ ਚਾਹਵਾਨ ਸੀ। ਰਾਇ ਨੇ ਆਪਣੇ ਪੁਰਾਣੇ ਮਿੱਤਰ ਬੋਰੋਡਿਨ ਨਾਲ ਮਿਲ ਕੇ ਚੀਨੀ ਕਿਸਾਨਾਂ ਤੇ ਮਜ਼ਦੂਰਾਂ ਦੀ ਸਸ਼ੱਕਤ

ਲਹਿਰ ਉਸਾਰਨੀ ਆਰੰਭ ਕਰ ਦਿੱਤੀ। ਰਾਸ਼ਟਰਵਾਦੀ ਸਰਕਾਰ ਵਿਰੁੱਧ ਹਥਿਆਰਬੰਦ ਕਾਰਵਾਈਆਂ ਦੀ ਪਹਿਲ ਰਾਇ ਦੀ ਪ੍ਰੇਰਨਾ ਨਾਲ ਹੀ ਹੋਈ। ਇਸੇ ਕਰਕੇ ਰਾਇ ਖਿਲਾਫ਼ ਮਾਸਕੋ ਵਿਚ ਸ਼ਿਕਾਇਤਾਂ ਦੀ ਫਾਇਲ ਮੋਟੀ ਹੋਣ ਲੱਗ ਪਈ। ਐਮ.ਐਨ. ਰਾਇ ਨੇ ਰੇਡੀਓ ਤੇ ਅਖ਼ਬਾਰ ਵਿਚ ਕੁਮਿਨਟਰਨ ਦੀ ਚੀਨ ਨੀਤੀ ਨੂੰ ਦੋਗਲੀ ਕਿਹਾ। ਸਿੱਟੇ ਵਜੋਂ ਰਾਇ ਦਾ 'ਮਿਸ਼ਨ ਚੀਨ' ਨਾ ਸਿਰਫ ਫੇਲ੍ਹ ਹੋ ਗਿਆ ਸਗੋਂ ਕੁਮਿਨਟਰਨ ਵਿਚ ਉਸਦੀ ਪੁਰਾਣੀ ਸਾਖ਼ ਦੀ ਢਹਿਢੇਰੀ ਹੋ ਗਈ।[43] ਬੇਹੱਦ ਨਿਰਾਸ਼ਾ ਦੇ ਆਲਮ ਵਿਚ ਉਹ 1930 ਵਿਚ ਭਾਰਤ ਪਰਤਿਆ। ਅਗਲੇ ਕੁਝ ਮਹੀਨੇ ਉਹ ਡਾ. ਮਹਿਮੂਦ ਦੇ ਨਾਂ ਹੇਠ ਭਾਰਤ ਦੇ ਕਈ ਹਿੱਸਿਆਂ ਵਿਚ ਘੁੰਮ ਕੇ ਟਰੇਡ ਯੂਨੀਅਨਿਸਟਾਂ ਤੇ ਕਾਂਗਰਸੀ ਆਗੂਆਂ ਨੂੰ ਮਿਲਿਆ। ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ, ਐਨ.ਐਮ. ਜੋਸ਼ੀ ਤੇ ਡਾ. ਅੰਬੇਦਕਰ ਨੇ ਉਸਨੂੰ ਕਾਂਗਰਸ ਨਾਲ ਰਲ ਕੇ ਕੰਮ ਕਰਨ ਦੀ ਸਲਾਹ ਦਿੱਤੀ। ਜੁਲਾਈ 1931 ਵਿਚ ਬੰਬਈ ਵਿਚ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸਦੇ ਖਿਲਾਫ਼ ਬਰਤਾਨਵੀ ਸਰਕਾਰ ਵਿਰੁੱਧ ਤਖ਼ਤਾ ਪਲਟਣ ਦੀ ਸਾਜਿਸ਼ ਦਾ ਦੋਸ਼ ਲਾ ਕੇ ਮੁਕੱਦਮਾ ਚਲਾਇਆ ਗਿਆ ਤੇ 12 ਸਾਲ ਦੀ ਸਖ਼ਤ ਸਜ਼ਾ ਦਿੱਤੀ ਗਈ। ਅਪੀਲ ਤੋਂ ਬਾਦ ਇਸਨੂੰ ਛੇ ਸਾਲ ਦੀ ਕਰ ਦਿੱਤੀ ਗਈ।[44]

ਜਦੋਂ 20 ਨਵੰਬਰ 1936 ਨੂੰ ਐਮ.ਐਨ. ਰਾਇ ਦੇਹਰਾਦੂਨ ਜੇਲ੍ਹ ਤੋਂ ਰਿਹਾ ਹੋਇਆ ਤਾਂ ਉਸਦਾ ਸਵਾਗਤ ਕਈ ਵੱਡੇ ਕਾਂਗਰਸੀ ਆਗੂਆਂ ਨੇ ਕੀਤਾ। ਰਾਇ ਨੇ ਕਾਂਗਰਸ ਪਾਰਟੀ ਦੇ ਅੰਦਰ ਹੀ ਸੋਸ਼ਲਿਸਟ ਗਰੁੱਪ ਨਾਲ ਮਿਲ ਕੇ ਕੰਮ ਕਰਨ ਦਾ ਮਨ ਬਣਾ ਲਿਆ। ਦਸੰਬਰ ਵਿਚ ਉਸਨੇ ਕਾਂਗਰਸ ਦੇ ਫੈਜ਼ਪੁਰ ਸੰਮੇਲਨ ਵਿਚ ਵੀ ਸ਼ਿਰਕਤ ਕੀਤੀ। ਇਸੇ ਸੰਮੇਲਨ ਵਿਚ ਉਸਨੇ ਆਪਣੇ ਇਨਕਲਾਬੀ ਵਿਚਾਰਾਂ ਨਾਲ ਭਰੀ ਤਕਰੀਰ ਕੀਤੀ। ਉਸਦੀ ਇਸ ਤਕਰੀਰ ਤੋਂ ਹਿੰਦੂਵਾਦੀ ਰਾਸ਼ਟਰਪੱਖੀ ਕਾਂਗਰਸੀ ਆਗੂ ਔਖੇ ਹੋਏ। ਇਸੇ ਸੰਮੇਲਨ ਵਿਚ ਹੀ ਉਹ ਮਹਾਤਮਾ ਗ਼ਾਂਧੀ ਨੂੰ ਪਹਿਲੀ ਵਾਰ ਮਿਲਿਆ। ਗਾਂਧੀ ਜੀ ਨੇ ਉਸਨੂੰ ਪ੍ਰਾਰਥਨਾ ਸਭਾ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ, ਪਰ ਰਾਇ ਨੇ ਉਸ ਸੱਦੇ ਨੂੰ ਅਸਵੀਕਾਰ ਕਰ ਦਿੱਤਾ। ਅਗਲੇ ਕੁਝ ਸਾਲ ਐਮ.ਐਨ.ਰਾਇ ਨੇ ਕਾਂਗਰਸ ਦੇ ਰੈਡੀਕਲ ਗਰੁੱਪ ਦੇ ਆਗੂ ਵਜੋਂ ਭਾਰਤ ਦੇ ਛੋਟੇ ਸ਼ਹਿਰਾਂ ਤੇ ਪਿੰਡਾਂ ਵਿਚ ਡਟ ਕੇ ਕੰਮ ਕੀਤਾ। ਉਸਨੇ ਮਜ਼ਦੂਰ ਸੰਗਠਨ ਤੇ ਕਿਸਾਨ ਸਭਾਵਾਂ ਬਣਾਈਆਂ। ਪਰ ਕੁਝ ਮੁੱਦਿਆਂ 'ਤੇ ਉਸਦੇ ਕਾਂਗਰਸੀ ਆਗੂਆਂ ਨਾਲ ਮੱਤਭੇਦ ਸਨ ਜੋ ਸਮਾਂ ਪਾ ਕੇ ਹੋਰ ਗੂੜ੍ਹੇ ਹੋ ਗਏ।[45] ਇਨ੍ਹਾਂ ਵਿੱਚੋਂ ਕਾਂਗਰਸ ਦੀ ਪ੍ਰਧਾਨਗੀ ਦਾ ਮੁੱਦਾ ਪ੍ਰਮੁੱਖ ਸੀ। 1938 ਵਿਚ ਸੁਭਾਸ਼ ਚੰਦਰ ਬੋਸ ਨੇ ਗਾਂਧੀ ਦੀ ਇੱਛਾ ਵਿਰੁੱਧ ਕਾਂਗਰਸ ਪ੍ਰਧਾਨ ਦੀ ਚੋਣ ਲੜੀ ਤਾਂ ਐਮ.ਐਨ. ਰਾਇ ਨੇ ਉਸਦਾ ਸਮਰਥਨ ਕੀਤਾ। ਉਹ ਕਾਂਗਰਸ ਨੂੰ ਗ਼ੈਰ ਗਾਂਧੀਵਾਦੀ ਲੀਹਾਂ 'ਤੇ ਤੋਰਨਾ ਚਾਹੁੰਦਾ ਸੀ। ਇਸੇ ਕਾਰਜ ਦੇ ਅਗਲੇ ਹਿੱਸੇ ਵਿਚ ਉਸਨੇ 1940 ਵਿਚ ਗਾਂਧੀ ਦੇ ਉਮੀਦਵਾਰ ਅਬਦੁਲ ਕਲਾਮ ਅਜ਼ਾਦ ਖਿਲਾਫ਼ ਕਾਂਗਰਸ ਪ੍ਰਧਾਨ ਦੀ ਚੋਣ ਲੜੀ ਤੇ ਜਿੱਤੀ। ਇਸੇ ਦੌਰਾਨ ਦੂਸਰੇ ਵਿਸ਼ਵ ਯੁੱਧ ਵਿਚ ਹਿੱਸਾ ਲੈਣ ਦੇ ਮੁੱਦੇ 'ਤੇ ਉਸਦੇ ਕਾਂਗਰਸੀ ਲੀਡਰਸ਼ਿਪ ਨਾਲ ਮਤਭੇਦ ਸਿਖਰ 'ਤੇ ਪੁੱਜ ਗਏ। ਐਮ.ਐਨ. ਰਾਇ

ਨੇ ਇਸ ਯੁੱਧ ਨੂੰ ਫਾਸ਼ੀਵਾਦ ਵਿਰੁੱਧ ਯੁੱਧ ਕਿਹਾ ਤੇ ਮਿੱਤਰ ਸੈਨਾਵਾਂ ਦੇ ਸਮਰਥਨ ਦੀ ਹਮਾਇਤ ਕੀਤੀ। ਉਸਦਾ ਮੰਨਣਾ ਸੀ ਕਿ ਜੇਕਰ ਫਾਸ਼ੀਵਾਦ ਇਹ ਯੁੱਧ ਜਿੱਤਦਾ ਹੈ ਤਾਂ ਭਾਰਤੀ ਆਜ਼ਾਦੀ ਤੇ ਇਨਕਲਾਬ ਦੇ ਸੁਪਨੇ ਤਬਾਹ ਹੋ ਜਾਣਗੇ।[46] ਗਾਂਧੀਵਾਦੀ ਕਾਂਗਰਸੀ ਆਗੂ ਮੰਨਦੇ ਸਨ ਕਿ ਜੇਕਰ ਬਰਤਾਨਵੀ ਭਾਰਤੀ ਸਰਕਾਰ ਰੱਖਿਆ ਤੇ ਬਦੇਸ਼ੀ ਮਾਮਲਿਆਂ ਵਿਚ ਅਧਿਕਾਰਾਂ ਨਾਲ ਰਾਸ਼ਟਰੀ ਸਰਕਾਰ ਸਥਾਪਿਤ ਕਰਨ ਦੀ ਸ਼ਰਤ ਮੰਨ ਜਾਵੇ ਤਾਂ ਹੀ ਸਹਿਯੋਗ ਕੀਤਾ ਜਾਵੇ। ਐਮ.ਐਨ. ਰਾਇ ਇਸ ਪੈਂਤੜੇ ਨੂੰ ਸਿਰੇ ਦਾ ਸੋਧਵਾਦੀ ਤੇ ਉਲਟ ਇਨਕਲਾਬੀ ਮੰਨਦਾ ਸੀ। ਇਸ ਲਈ ਉਸਨੇ 1940 ਵਿਚ ਕਾਂਗਰਸ ਵਿੱਚੋਂ ਅਸਤੀਫ਼ਾ ਦੇ ਦਿੱਤਾ ਤੇ 'ਰੈਡੀਕਲ ਡੈਮੋਕ੍ਰੈਟਿਕ ਪਾਰਟੀ' ਦੀ ਸਥਾਪਨਾ ਦਾ ਐਲਾਨ ਕਰ ਦਿੱਤਾ। ਦਰਅਸਲ ਰਾਇ ਕਿਸੇ ਵੀ ਤਰ੍ਹਾਂ ਦੇ ਕੂਟਨੀਕਤ ਅਨੁਸ਼ਾਸਨ ਦੇ ਅੰਦਰ ਕੰਮ ਕਰ ਹੀ ਨਹੀਂ ਸਕਦਾ ਸੀ। ਸਿਧਾਂਤ ਨਾਲ ਉਸਦੀ ਪ੍ਰਤੀਬੱਧਤਾ ਨੇ ਉਸਨੂੰ ਰਾਜਨੀਤਕ ਦਾਅ-ਪੇਚਾਂ ਦੇ ਹਾਣ ਦਾ ਨਹੀਂ ਹੋਣ ਦਿੱਤਾ। ਉਹ ਆਪਣੇ ਸਮੇਂ ਤੋਂ ਬਹੁਤ ਅਗਾਂਹ ਦੀ ਸੋਚ ਰੱਖਣ ਵਾਲਾ ਚਿੰਤਕ ਸੀ। ਦੂਸਰੇ ਵਿਸ਼ਵ ਯੁੱਧ ਦੇ ਖਾਤਮੇ ਤੇ ਉਸਦੇ ਅੰਦੇਸ਼ੇ ਸੱਚੇ ਸਾਬਤ ਹੋਏ। ਆਜ਼ਾਦੀ ਤੋਂ ਬਾਦ ਸੱਤਾ 'ਤੇ ਕਾਬਜ਼ ਧਿਰਾਂ ਵੱਲੋਂ ਲੋਕਤੰਤਰ ਦੀ ਕੁਵਰਤੋਂ ਦਾ ਉਸਦਾ ਅਨੁਮਾਨ ਸਹੀ ਸਾਬਤ ਹੋਇਆ। ਇਸੇ ਲਈ ਉਸਨੇ 1948 ਵਿਚ ਰੈਡੀਕਲ ਡੈਮੋਕ੍ਰੈਟਿਕ ਪਾਰਟੀ ਨੂੰ ਭੰਗ ਕਰਕੇ ਰੈਡੀਕਲ ਮਾਨਵਵਾਦੀ ਅੰਦੋਲਨ ਚਲਾਉਣ 'ਤੇ ਜ਼ੋਰ ਦਿੱਤਾ। ਇਸ ਕਾਰਜ ਲਈ ਐਨ.ਐਨ. ਰਾਇ ਨੇ 22 ਸਿਧਾਂਤਾਂ ਦਾ ਇਕ ਮਸੌਦਾ ਪੇਸ਼ ਕੀਤਾ ਤੇ ਭਾਰਤੀ ਅਰਥਚਾਰੇ ਨੂੰ 'ਸਹਿਕਾਰੀ ਆਰਥਿਕਤਾ' ਤਹਿਤ ਵਿਕਸਿਤ ਕਰਨ ਦੀ ਸਲਾਹ ਦਿੱਤੀ।

ਦੇਸ਼ ਦੀ ਆਜ਼ਾਦੀ ਦੇ ਉਤਸ਼ਾਹ ਦੇ ਦੌਰ ਵਿਚ ਰਾਇ ਦੀ ਗੱਲ ਸੁਣਨ ਵਾਲਾ ਕੋਈ ਨਹੀਂ ਸੀ। ਕਾਂਗਰਸ ਪਾਰਟੀ ਉਸਨੂੰ ਅਰਾਜਕ ਤੱਤ ਮੰਨਦੀ ਸੀ ਤੇ ਕਮਿਊਨਿਸਟ ਪਾਰਟੀ ਗੈਰ ਅਨੁਸ਼ਾਸਨੀ ਪ੍ਰਵਿਰਤੀ ਵਾਲਾ ਵਿਅਕਤੀ। ਸਿੱਟੇ ਵਜੋਂ ਉਹ ਵਿਸ਼ਾਦ ਦੀ ਸਥਿਤੀ ਵਿਚ ਪਹੁੰਚ ਗਿਆ ਤੇ ਚਿੰਤਨ ਅਧਿਐਨ ਨਾਲ ਜੁੜ ਗਿਆ। ਉਸਦੀ ਸਿਹਤ ਬੁਰੀ ਤਰ੍ਹਾਂ ਖਰਾਬ ਹੋ ਗਈ ਤੇ ਉਸਦੇ ਯੂਰਪ-ਅਮਰੀਕਾ ਦੇ ਦੋਸਤਾਂ ਨੇ ਉੱਥੇ ਆ ਕੇ ਇਲਾਜ ਕਰਾਉਣ ਦੀ ਸਲਾਹ ਦਿੱਤੀ। ਪਰ 25 ਜਨਵਰੀ 1954 ਨੂੰ ਅੱਧੀ ਰਾਤ ਦੇ ਕਰੀਬ ਕ੍ਰਾਂਤੀ ਦੇ ਆਸ਼ਕ ਇਸ ਚਿੰਤਕ ਨੇ ਆਖ਼ਰੀ ਸਾਹ ਲਿਆ।

ਐਮ.ਐਨ. ਰਾਇ ਇਕ ਸੁਪਨਸਾਜ਼ ਸੀ ਤੇ ਸੁਪਨਿਆਂ ਦੀ ਪੂਰਤੀ ਲਈ ਪੂਰੇ ਦਮ-ਖ਼ਮ ਨਾਲ ਜੁੱਟ ਜਾਣ ਵਾਲਾ ਵਿਅਕਤੀ ਵੀ। ਉਸਦੀ ਤ੍ਰਾਸਦੀ ਇਹ ਰਹੀ ਕਿ ਕਿਸੇ ਵੀ ਸੰਗਠਨ ਨੇ ਖੁਦ ਨੂੰ ਉਸਦੇ ਮੌਲਿਕ ਵਿਚਾਰਾਂ ਦੇ ਹਾਣ ਦਾ ਨਹੀਂ ਕੀਤਾ ਤੇ ਨਾ ਹੀ ਕਦੇ ਐਮ.ਐਨ. ਰਾਇ ਨੂੰ ਆਪਣੇ ਵਿਚਾਰਾਂ ਨਾਲ ਛੇੜਛਾੜ ਪਸੰਦ ਆਈ।

-o-

ਹਵਾਲੇ

1. V.M. Tarkunde, M.N. Roy: A Man, A Phillosepher, Page-146
2. M.N. Roy, V.B. Karnik, Page-3. National Book Trust Delhi
3. M.N. Roy : A Political Bioghraphy, Sameran Roy. Page. 2
4. V.B. Karnik, Page. 4.
5. Sameran Roy, The Restless Brahmin, Page-19.
6. Sameran Roy, M.N. Roy: A Political Biography, Page-5.
7. -Ibid- Page-6.
8. V.B. Karnik, M.N. Roy: Page-9.
9. -ibid- Page-8.
10. M.N. Roy. Philospher- Revolutionary, Page-10
11. V.B. Karnik, Page-9.
12. Sameran Roy, M.N. Roy: A Political Biography, Page-9.
13. M.N. Roy. A Philosopher- Revolutionary, Page-27.
14. M. N. Roy, Memories, Page-48.
15. V.B. Karnik, M.N. Roy. Page-18.
16. Memories, Page-72
17. Sameran Roy, M.N. Roy: A Political Biography, Page-10.
18. Chatto : Life and Time of an anti Imperiatist in Europe, Page-22
19. Kiran Maitra Marxism In India, Lextus Roli Publications. Page-14
20. M.N. Roy: A Political Biography, Page-37.
21. Ruth Price, The Lives of Agnes Smedley, Page 30.
22. Marxism In India, Page-19.
23. Marxism In India, Page-23.
24. Lives of Agnes Smedley, Page-64.

25. M.N. Roy: A Political Biography, Page-46.
26. The Lives of Agnes Smedley, Page-83
27. M.N. Roy: A Political Biography, Page-18.
28. V.B. Karnik, M.N. Roy. Page-48.
29. Memories, Page-142.
30. V.B. Karnik, M.N. Roy. Page-23.
31. Ibid- Page 27.
32. M.N. Roy: A Political Biography, Page-39.
33. V.B. Karnik, M.N. Roy. Page-30.
34. Ibid- Page 31.
35. M.N. Roy. A MAN A Philosopher, Ajantha publication Delhi Page-153.
36. Ibid- Page 48.
37. M.N. Roy: A Political Biography, Page-40.
38. Ibid- Page 55.
39. V.B. Karnik, M.N. Roy. Page-37.
40. M.N. Roy: A Political Biography, Page-40.
41. ਮਹਾਨ ਬਹਿਸ, ਪੰਨਾ- 235
42. V.B. Karnik, M.N. Roy. Page-41.
43. Ibid- Page 53.
44. V.M. Tarkunde; Introduction Historical Role of Islam. Page-8
45. V.B. Karnik, M.N. Roy. Page-73.
46. Introduction: Historical Role of Islam. Page-10

ਅਜੋਕੇ ਭਾਰਤ ਦੀ ਧਰਮ-ਨਿਰਪੱਖ ਸਮਾਜਿਕ ਅਤੇ ਰਾਜਸੀ ਬਣਤਰ ਖ਼ਤਰੇ ਵਿਚ ਪਈ ਹੋਈ ਹੈ। ਭਾਰਤੀ ਰਾਜਨੀਤੀ ਦੇ ਸੱਜੇ ਪੱਖੀ ਰੁਝਾਨਾਂ ਦੇ ਪਾਰਲੀਮਾਨੀ ਰਾਜਨੀਤੀ ਦੇ ਕੇਂਦਰ ਵਿਚ ਆ ਜਾਣ ਕਾਰਣ ਇਹ ਖ਼ਤਰਾ ਹੋਰ ਵੀ ਵੱਡਾ ਹੋ ਗਿਆ ਹੈ ਇਸ ਸਮੇਂ ਭਾਰਤੀ ਮੁਸਲਮਾਨਾਂ ਦੀ ਵੱਖਰੀ ਸੰਪਰਦਾਇਕ ਪਛਾਣ, ਪਰਿਵਾਰ ਅਤੇ ਵਿਆਹ ਦੇ ਤੌਰ ਤਰੀਕਿਆਂ, ਉਨ੍ਹਾਂ ਦੇ ਪਹਿਰਾਵੇ, ਖਾਣ ਪੀਣ ਦੀਆਂ ਆਦਤਾਂ ਅਤੇ ਉਨ੍ਹਾਂ ਦੇ ਰਾਜਸੀ ਹੁੰਗਾਰਿਆਂ ਨੂੰ ਜਿਸ ਤਰ੍ਹਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਸਮੇਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ ਵਿਚ ਇਸਲਾਮ ਦੀ ਆਮਦ, ਉਭਾਰ ਅਤੇ ਚੜ੍ਹਤ ਦੇ ਆਰਥਿਕ-ਰਾਜਸੀ ਅਤੇ ਸਮਾਜਿਕ-ਸੱਭਿਆਚਾਰਕ ਪਿਛੋਕੜ ਨੂੰ ਸਮਝਿਆ ਜਾਵੇ। ਐਮ.ਐਨ. ਰਾਏ ਦੁਆਰਾ 1939 ਵਿਚ ਲਿਖੇ ਗਏ ਇਸ ਲੰਮੇ ਲੇਖ 'ਇਸਲਾਮ ਦੀ ਇਤਿਹਾਸਕ ਭੂਮਿਕਾ' ਵਿਚ ਇਸਲਾਮ ਦੇ ਇਤਿਹਾਸਕ, ਪਿਛੋਕੜ, ਦੁਨੀਆਂ ਵਿਚ ਗਿਆਨ-ਵਿਗਿਆਨ ਦੇ ਪ੍ਰਸਾਰ ਵਿਚ ਇਸਲਾਮ ਵੱਲੋਂ ਨਿਭਾਈ ਭੂਮਿਕਾ, ਆਧੁਨਿਕ ਵਿਗਿਆਨਾਂ ਦੇ ਹੋਂਦ ਵਿਚ ਆਉਣ ਲਈ ਜ਼ਿੰਮੇਵਾਰ ਇਸਲਾਮੀ ਪਿਛੋਕੜ ਵਾਲੇ ਅਰਬ ਵਿਗਿਆਨੀਆਂ-ਚਿੰਤਕਾਂ ਦੇ ਯੋਗਦਾਨ ਬਾਰੇ ਤਾਂ ਚਰਚਾ ਕੀਤੀ ਹੀ ਗਈ ਹੈ, ਨਾਲ ਹੀ ਭਾਰਤ ਵਿਚ ਉਨ੍ਹਾਂ ਦੇ ਦਾਖ਼ਲੇ ਅਤੇ ਉੱਥਾਨ ਸਮੇਂ ਨਿਭਾਈ ਗਈ ਪ੍ਰਗਤੀਸ਼ੀਲ ਭੂਮਿਕਾ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਅੱਜ ਜਦੋਂ ਸੰਪਰਦਾਇਕ ਉਨਮਾਦ ਵਿਚ ਵਾਧਾ ਹੋ ਰਿਹਾ ਹੈ ਤਾਂ ਭਾਰਤ ਵਿਚ ਮੁਸਲਮਾਨਾਂ ਦੀ ਆਮਦ ਅਤੇ ਚੜ੍ਹਤ ਦੇ ਇਨ੍ਹਾਂ ਇਤਿਹਾਸਕ ਪ੍ਰਸੰਗਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਐਮ.ਐਨ. ਰਾਏ ਇਸ ਗੱਲੋਂ ਹੈਰਾਨ ਹੁੰਦਾ ਹੈ ਕਿ ਸ਼ਾਇਦ ਦੁਨੀਆਂ ਵਿਚ ਅਜਿਹਾ ਕੋਈ ਹੋਰ ਦੇਸ਼ ਨਹੀਂ ਹੈ ਜਿੱਥੇ ਇੰਨੇ ਲੰਮੇਂ ਸਮੇਂ ਤੋਂ ਨਾਲ ਨਾਲ ਰਹਿਣ ਵਾਲੇ ਸੰਪਰਾਇਕ ਸਮੂਹ ਇਕ ਦੂਜੇ ਦੀ ਸਾਂਸਕ੍ਰਿਤੀ ਤੋਂ ਬਿਲਕੁਲ ਹੀ ਵਾਕਿਫ਼ ਨਾ ਹੋਣ ਇਸਲਾਮ ਅਤੇ ਮੁਸਲਮਾਨਾਂ ਬਾਰੇ ਸੰਪਰਦਾਇਕਤਾ ਨੂੰ ਹੁਲਾਰਾ ਦੇਣ ਵਾਲੀਆਂ ਝੂਠੀਆਂ 'ਤੇ ਮਨਘੜਤ ਕਹਾਣੀਆਂ ਤੋਂ ਮੁਕਤ ਹੋ ਕੇ ਉਨ੍ਹਾਂ ਦੀ ਹੋਂਦ ਦੇ ਪਦਾਰਥਕ ਪ੍ਰਸੰਗਾਂ ਨੂੰ ਜਾਣਨ ਲਈ ਇਸ ਕਿਤਾਬ ਦੀ ਪੜ੍ਹਤ ਜ਼ਰੂਰੀ ਹੈ। ਜਗਵਿੰਦਰ ਜੋਧਾ ਨੇ ਅੰਗਰੇਜ਼ੀ ਵਿਚ ਉਪਲਬਧ ਅਤੇ ਪੰਜਾਬੀ ਪਾਠਕਾਂ ਦੀ ਪਹੁੰਚ ਤੋਂ ਹੁਣ ਤਕ ਬਾਹਰ ਰਹੀ ਮਹੱਤਵਪੂਰਣ ਕਿਤਾਬ ਦਾ ਅਨੁਵਾਦ ਕਰਕੇ ਇਕ ਮਿਸਾਲੀ ਕੰਮ ਕੀਤਾ ਹੈ। ਉਮੀਦ ਹੈ ਇਹ ਅਨੁਵਾਦਿਤ ਕਿਤਾਬ ਪੰਜਾਬੀ ਪਾਠਕਾਂ ਦੇ ਮਨ ਦੇ ਕਈ ਭੁਲੇਖਿਆ ਨੂੰ ਦੂਰ ਕਰੇਗੀ ਅਤੇ ਇਸਲਾਮ ਬਾਰੇ ਉਨ੍ਹਾਂ ਦੀ ਅਣਜਾਣਤਾ ਨੂੰ ਖ਼ਤਮ ਕਰਕੇ ਅਗਿਆਨ ਤੋਂ ਗਿਆਨ ਤਕ ਦੀ ਯਾਤਰਾ ਵਿਚ ਸਹਾਈ ਹੋਵੇਗੀ।

-ਡਾ. ਸੁਰਜੀਤ ਸਿੰਘ

5 ਆਬ
Parkashan, Jalandhar

1-2 Desh Bhagat Yadgar Building
G.T. Road, Jalandhar, Punjab, India
Phone : 98140-87063
5aabparkashan@gmail.com
www.5aabparkashan.com

ISBN : 978-93-84306-63-2

₹ 80